
ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੯ ਅੱਸੂ-ਕੱਤਕ ਸੰਮਤ ਨਾਨਕਸ਼ਾਹੀ ੫੫੭ ਅਕਤੂਬਰ ੨੦੨੫ ਅੰਕ : ੭
Vol. : 69 October 2025 Issue : 7



# ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ
# ਠੱਠਾ



ੴ ਸਤਿਗੁਰ ਪ੍ਰਸਾਦਿ॥
ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਅੱਸੂ-ਕੱਤਕ, ਸੰਮਤ ਨਾਨਕਸ਼ਾਹੀ ੫੫੭ ਅਕਤੂਬਰ 2025

ਜਿਲਦ ੬੯ (Vol. 69) ਅੰਕ ੦੭ (Issue 07)

ਸੰਪਾਦਕ
ਸਤਵਿੰਦਰ ਸਿੰਘ
ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸੰਪਾਦਕੀ ਲੇਖ | -ਸਤਵਿੰਦਰ ਸਿੰਘ ਫੂਲਪੁਰ | ੮ |
| ਧੰਨੁ ਧੰਨੁ ਰਾਮਦਾਸ ਗੁਰੁ | -ਸ. ਜਸਵੰਤ ਸਿੰਘ ਅਜੀਤ | ੧੨ |
| ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਿਆਈ ਦਿਵਸ | -ਸ. ਦਲਵੀਰ ਸਿੰਘ ਲੁਧਿਆਣਵੀ | ੧੭ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਕਿਰਤੀ ਦਾ ਮਹੱਤਵ | -ਬੀਬੀ ਪ੍ਰਕਾਸ਼ ਕੌਰ | ੨੧ |
| ਸਾਕਾ ਪੰਜਾ ਸਾਹਿਬ ਦੇ ਸ਼ਹੀਦ... | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੨੪ |
| ਗੁਰਮਤਿ ਵਿਚ ਮਾਇਆ ਦਾ ਸੰਕਲਪ | -ਡਾ. ਮਨਮੋਹਨ ਸਿੰਘ | ੩੩ |
| ਭਗੌਤੀ ਜਾਂ ਭਗਵਤੀ | -ਸ. ਗੁਰਚਰਨਜੀਤ ਸਿੰਘ ਲਾਂਬਾ | ੩੭ |
| ਨਮਨ ਉਹਨਾਂ ਯੋਧਿਆਂ ਨੂੰ... (ਕਵਿਤਾ) | -ਸ. ਸਤਿਨਾਮ ਸਿੰਘ ਕੋਮਲ | ੪੦ |
| ਗੁਰੂ-ਘਰ ਦੇ ਅਣਥੱਕ ਸੇਵਕ : ਬਾਬਾ ਬੁੱਢਾ ਜੀ | -ਸ. ਕਿਰਪਾਲ ਸਿੰਘ | ੪੧ |
| ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਧਰਮ ਸ਼ਾਸਤਰੀ ਅਧਿਐਨ | -ਸ. ਰਣਧੀਰ ਸਿੰਘ | ੪੪ |
| ਗੁਰਮਤਿ ਦੇ ਅਨਮੋਲ ਵਿਚਾਰ | -ਭਾਈ ਰੇਸ਼ਮ ਸਿੰਘ | ੫੧ |
| ਪਤਿਤਪੁਣਾ ਕਿਵੇਂ ਰੁਕੇ? | -ਸ. ਜਸਬੀਰ ਸਿੰਘ ਤੇਗ | ੫੩ |
| ਮਨੁੱਖ ਦੀ ਬੋਲ-ਬਾਣੀ | -ਡਾ. ਰਾਜਵਿੰਦਰ ਸਿੰਘ ਜੋਗਾ | ੫੫ |
| ਸਿੱਖ ਨੌਜਵਾਨੀ ਨੂੰ ਗੁਰਮਤਿ ਨਾਲ ਜੋੜਨ ਲਈ ਯਤਨ ਜ਼ਰੂਰੀ | -ਬਿਕਰਮਜੀਤ ਸਿੰਘ ਜੀਤ | ੫੭ |
| ਧਾਰਮਿਕ ਭਾਸ਼ਾ: ਸਿਧਾਂਤਕ ਅਧਿਐਨ | -ਡਾ. ਤੇਜਿੰਦਰਪਾਲ ਸਿੰਘ | ੬੦ |
| ਅਕਤੂਬਰ ਅਤੇ ਨਵੰਬਰ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੬੬ |
| ਪਤਿਤਪੁਣਾ (ਕਵਿਤਾ) | -ਇੰਜੀ. ਕਰਮਜੀਤ ਸਿੰਘ ਨੂਰ | ੬੭ |
| ਸਿੱਖ ਸਾਹਿਤ ਦੇ ਰੂ-ਬ-ਰੂ ੫ | -ਡਾ. ਰਣਜੀਤ ਕੌਰ ਪੰਨਵਾਂ | ੬੮ |
| ਵਡਹੰਸੁ ਮਹਲਾ ੫ | -ਮਾ. ਬਲਬੀਰ ਸਿੰਘ ਹੰਸਪਾਲ | ੭੧ |
| ਗੁਰਮਤਿ ਪ੍ਰਕਾਸ਼... (ਕਵਿਤਾ) | -ਸ੍ਰੀ ਰਮੇਸ਼ ਬੱਗਾ ਚੋਹਲਾ | ੭੩ |
| ਅਸਲ ਵਿਚ ਮਹਾਨ ਕੌਣ ਹੈ? | -ਸ. ਸੁਖਦੇਵ ਸਿੰਘ ਸ਼ਾਂਤ | ੭੪ |
| ਅਕਤੂਬਰ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ ਅਤੇ ਦਿਹਾੜੇ... | -ਡਾ. ਗੁਰਪ੍ਰੀਤ ਸਿੰਘ | ੭੫ |
| ਹੜ੍ਹਾਂ ਵਾਲੀ ਮਾਰ ਤੋਂ ਬਚਾਈਂ ਦਾਤਿਆ (ਕਵਿਤਾ) | -ਕਵੀਸ਼ਰ ਮਲਕੀਤ ਸਿੰਘ ਵਰਪਾਲ | ੮੧ |
| ਮੈਨੂੰ ਤਾਰ ਬਾਬਾ... (ਕਵਿਤਾ) | -ਸ. ਪਰਮਜੀਤ ਸਿੰਘ | ੮੨ |
| ਖ਼ਬਰਨਾਮਾ | | ੮੩ |

# ਗੁਰਬਾਣੀ ਵਿਚਾਰ

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਵਿਚ ਕੱਤਕ ਮਹੀਨੇ ਦੀ ਸੁਹਾਵਣੀ ਸੀਤਲ ਬਹਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਸੱਚੀ ਸੰਗਤ ਦਾ ਆਸਰਾ ਲੈ ਕੇ ਮਾਲਕ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜਦਿਆਂ ਹੋਇਆਂ ਦੁਰਲੱਭ ਤੇ ਅਨਮੋਲ ਮਨੁੱਖਾ ਜਨਮ ਜਾਂ ਜੀਵਨ ਨੂੰ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੇਕਰ ਕੱਤਕ ਮਹੀਨੇ ਦੀ ਸੀਤਲ ਸੁਹਾਵਣੀ ਬਹਾਰ ਮਿਲ ਗਈ ਹੈ ਤਾਂ ਇਸ ਦਾ ਲਾਭ ਲੈਂਦਿਆਂ ਚੰਗੇ ਕਰਮ ਕਰਨੇ ਹੀ ਯੋਗ ਹਨ। ਜੇਕਰ ਕੋਈ ਅਜਿਹੀ ਅਨੁਕੂਲ ਬਹਾਰ 'ਚ ਵੀ ਚੰਗੇ ਕਰਮ ਨਾ ਕਰੇ ਤਾਂ ਉਹ ਇਸ ਦਾ ਦੋਸ਼ ਕਿਸੇ ਹੋਰ ਨੂੰ ਨਾ ਦੇਵੇ। ਕਹਿਣ ਤੋਂ ਭਾਵ ਇਹ ਇਸ ਦਾ ਆਪਣਾ ਹੀ ਕਸੂਰ ਮੰਨਣਾ ਚਾਹੀਦਾ ਹੈ। ਮਾਲਕ ਪਰਮਾਤਮਾ ਨੂੰ ਵਿਸਾਰਿਆਂ ਸਾਰੇ ਰੋਗ ਜ਼ੋਰ ਪਾ ਲੈਂਦੇ ਹਨ ਤੇ ਸਾਨੂੰ ਘੇਰ ਲੈਂਦੇ ਹਨ। ਜੇਕਰ ਮਾਲਕ ਤੋਂ ਮੂੰਹ ਮੋੜੀਏ ਤਾਂ ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ। ਜਿਹੜੀਆਂ ਮਾਇਆ ਦੀਆਂ ਮੌਜਾਂ ਮਨੁੱਖ ਮਾਲਕ ਨੂੰ ਭੁੱਲ ਕੇ ਮਾਣਨ ਦੇ ਭਰਮ 'ਚ ਹੁੰਦਾ ਹੈ ਉਹ ਪਲ 'ਚ ਦੁਖਦਾਇਕ ਹੋ ਜਾਂਦੀਆਂ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਦੁਨਿਆਵੀ ਮੌਜਾਂ ਮਾਣਨ ਦੇ ਕੁਰਾਹੇ ਪਿਆਂ ਮਨੁੱਖ ਨੂੰ ਜੇਕਰ ਸਿਰਫ ਆਪਣਾ ਦੁੱਖ ਹੀ ਹੋਵੇ ਤਾਂ ਕੋਈ ਵੀ ਉਸ ਦਾ ਇਲਾਜ ਨਹੀਂ ਕਰ ਸਕਦਾ। ਬਹੁਗਿਣਤੀ ਭੁੱਲੇ-ਭਟਕਿਆਂ ਦੀ ਹਾਲਤ ਵੱਲ ਸੰਕੇਤ ਕਰਦਿਆਂ ਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹੀ ਹਾਲਤ ਮਨੁੱਖ ਲਈ ਬੜੀ ਬੇਵੱਸੀ ਵਾਲੀ ਹੈ। ਅਜਿਹੇ ਅਭਾਗੇ ਮਨੁੱਖਾਂ ਦੇ ਕਰਮਾਂ 'ਚ ਮਾਲਕ ਵੱਲੋਂ ਹੀ ਵਿਛੋੜਾ ਲਿਖਿਆ ਹੋਇਆ ਹੈ। ਐਪਰ ਚੰਗੇ ਭਾਗਾਂ ਨੂੰ ਜੇਕਰ ਮਾਲਕ ਪਰਮਾਤਮਾ ਮਿਲ ਜਾਵੇ ਤਾਂ ਸਾਰੇ ਵਿਛੋੜੇ ਲੱਥ ਜਾਂਦੇ ਹਨ। ਅੰਤ 'ਚ ਗੁਰੂ ਜੀ ਸਾਨੂੰ ਮਾਇਆ 'ਚ ਬੁਰੀ ਤਰ੍ਹਾਂ ਉਲਝੇ ਕਲਿਯੁਗੀ ਜੀਵਾਂ ਨੂੰ ਗੁਰਮਤਿ ਮਾਰਗ ਦਰਸਾਉਂਦੇ ਹੋਏ ਕਥਨ ਕਰਦੇ ਹਨ ਕਿ ਹੇ ਨਾਨਕ! ਮਾਇਆ ਦੇ ਬੰਧਨਾਂ ਤੋਂ ਛੁਡਾਉਣ ਵਾਲੇ ਮਾਲਕ ਜੀਓ, ਜੋਦੜੀ ਹੈ ਕਿ ਮੈਨੂੰ ਵੀ ਰੱਖ ਲਵੋ! ਜੇਕਰ ਕੱਤਕ ਦੇ ਅਨੁਕੂਲ ਵਾਤਾਵਰਨ ਵਿਚ ਚੰਗੇ ਜਨ ਦਾ ਸਾਥ ਸਹਿਯੋਗ ਮਿਲ ਜਾਵੇ ਤਾਂ ਸਾਰੇ ਫਿਕਰ ਦੂਰ ਹੋ ਜਾਂਦੇ ਹਨ ਅਰਥਾਤ ਇੱਛਤ ਰੂਹਾਨੀ ਮੰਜ਼ਲ 'ਤੇ ਪੁੱਜਿਆ ਜਾ ਸਕਦਾ ਹੈ। ■

ਸੰਪਾਦਕੀ...

# ਇਹ ਸਬ ਛੂਟੈਂ ਤਬ ਹਮ ਜਾਵੈਂ।

*ਗੁਰੂ ਬੰਦੀ ਛੋੜ ਹੈ। ਗੁਰੂ ਜੀਵਾਂ ਨੂੰ ਜੀਵਨ ਮੁਕਤ ਕਰਨ ਵਾਲਾ ਹੈ। ਗੁਰੂ ਦਾ ਧਰਤੀ ਉੱਪਰ ਆਗਮਨ ਹੀ ਜੀਵਾਂ ਨੂੰ ਬੰਧਨਾਂ ਤੋਂ ਮੁਕਤ ਕਰਨ ਲਈ ਹੁੰਦਾ ਹੈ। ਗੁਰੂ ਨੂੰ ਕੌਣ ਬੰਦੀ ਬਣਾ ਸਕਦਾ ਹੈ? ਗੁਰੂ ਤਾਂ ਸਾਂਗ ਵਰਤਦਾ ਹੈ। ਗੁਰੂ ਦਾ ਵਿਆਖਿਆ ਕਰਨ ਦਾ ਢੰਗ ਨਿਰਾਲਾ ਹੈ। ਗੁਰੂ ਦਾ ਸਮੁੱਚਾ ਜੀਵਨ ਹੀ ਗੁਰਮਤਿ ਦੀ ਵਿਆਖਿਆ ਹੈ। ਗੁਰੂ* ***ਅਪਨਾ ਬਿਗਾਰਿ ਬਿਰਾਂਨਾ ਸਾਂਢੈ*** *ਦੇ ਅਰਥ ਸਮਝਾਉਣ ਲਈ ਮਜ਼ਲੂਮਾਂ ਲਈ ਹਾਅ ਦਾ ਨਾਹਰਾ ਬਣ ਕੇ ਬਾਬਰ ਦੇ ਕੈਦਖਾਨੇ ਵਿਚ ਕੈਦ ਹੋ ਜਾਂਦਾ ਹੈ। ਗੁਰੂ ਮਨੁੱਖਤਾ ਨੂੰ ਠਾਰਨ ਲਈ ਆਪ ਤੱਤੀਆਂ ਤਵੀਆਂ ਉੱਪਰ ਬੈਠ ਜਾਂਦਾ ਹੈ। ਗੁਰੂ ਦੂਸਰੇ ਦੇ ਧਰਮ ਦੀ ਰੱਖਿਆ ਲਈ ਚਾਂਦਨੀ ਚੌਂਕ ਵਿਚ ਜਾ ਕੇ ਆਪਣਾ ਸੀਸ ਭੇਂਟ ਕਰ ਦਿੰਦਾ ਹੈ। ਜਿਸ ਕਿਲ੍ਹੇ ਦੀ ਕੈਦ ਵਿੱਚੋਂ ਕਦੇ ਕੋਈ ਜਿਊਂਦਾ ਬਾਹਰ ਨਾ ਆਇਆ ਹੋਵੇ ਗੁਰੂ ਉਸ ਕਿਲ੍ਹੇ ਅੰਦਰ ਜੀਵਨ ਦੀ ਆਸ ਛੱਡ ਚੁੱਕੇ ਕੈਦੀਆਂ ਨੂੰ ਜੀਵਨ-ਦਾਨ ਦੇਣ ਲਈ ਬੰਦੀ ਬਣ ਕੇ ਕਿਲ੍ਹੇ ਅੰਦਰ ਕੈਦ ਹੋ ਜਾਂਦਾ ਹੈ। ਆਪਣੀ ਰਿਹਾਈ ਦਾ ਪਰਵਾਨਾ ਸੁਣ ਕੇ ਬੰਦੀ ਛੋੜ ਦਾਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣਾ ਆਦੇਸ਼ ਸੁਣਾ ਦਿੰਦੇ ਹਨ:*

*ਇਹ ਸਬ ਛੂਟੈਂ ਤਬ ਹਮ ਜਾਵੈਂ।*
*ਨਾਹਿਤ ਇਨ ਢਿਗ ਸਦਾ ਰਹਾਵੈਂ।*

*(ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)*

*ਬਾਦਸ਼ਾਹ ਦੇ ਕਹਿਣ 'ਤੇ ਕੇ ਜਿੰਨੇ ਕੈਦੀ ਰਾਜੇ ਗੁਰੂ ਜੀ ਦੇ ਚੋਲੇ ਦੀਆਂ ਕਲੀਆਂ ਫੜ ਕੇ ਕਿਲ੍ਹੇ 'ਚੋਂ ਬਾਹਰ ਆ ਜਾਣ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ, ਤਾਂ ਗੁਰੂ ਜੀ ਬਵਿੰਜਾ ਕਲੀਆਂ ਵਾਲਾ ਚੋਲਾ ਪਹਿਨ ਕੇ ਕਿਲ੍ਹੇ 'ਚੋਂ ਬਾਹਰ ਆਉਂਦੇ ਹਨ ਅਤੇ* ***ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ*** *ਵਾਲੀ ਬਖਸ਼ਿਸ਼ ਕਰ ਕੇ ਨਾਲ ਹੀ ਬਵਿੰਜਾ ਰਾਜਿਆਂ ਨੂੰ ਵੀ ਬਾਹਰ ਲੈ ਆਉਂਦੇ ਹਨ। 'ਪੰਥ ਪ੍ਰਕਾਸ਼' ਦਾ ਕਰਤਾ ਸਪੱਸ਼ਟ ਕਰਦਾ ਹੈ:*

*ਸਭ ਰਾਜੇ ਫੜ ਬਾਹਰ ਆਏ।*
*ਹੁਤੇ ਬਵੰਜਾ ਮਰੇ ਜੀਵਾਏ।*

*ਗੁਰੂ ਜੀ ਦਾ ਲੜ ਫੜ ਕੇ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਹੋਣਾ ਬਵਿੰਜਾ ਰਾਜਿਆਂ ਲਈ ਸੱਚਮੁਚ ਹੀ ਦੂਸਰੇ ਜਨਮ ਦੇ ਸਮਾਨ ਸੀ। ਉਨ੍ਹਾਂ ਨੂੰ ਇਹ ਜੀਵਨ ਦਾਨ ਗੁਰੂ ਦਾ ਲੜ ਫੜਿਆਂ ਹੀ ਪ੍ਰਾਪਤ ਹੋਇਆ ਸੀ।*

*ਗੁਰੂ ਸਾਹਿਬਾਨ ਨੇ ਸ਼ਬਦ ਦੀ ਟੇਕ ਤੋਂ ਬਿਨਾਂ* ***ਬਿਨੁ ਸਬਦੈ ਮੂਆ ਹੈ ਸਭੁ ਕੋਇ*** *ਅਨੁਸਾਰ ਆਤਮਕ ਤੌਰ 'ਤੇ ਮੋਈ ਹੋਈ ਮਨੁੱਖਤਾ ਨੂੰ ਗੁਰਬਾਣੀ ਦੇ ਲੜ ਲਾ ਕੇ ਆਤਮਕ ਜੀਵਨ ਦਾ ਦਾਨ ਬਖਸ਼ਿਆ ਹੈ। ਜੀਵਾਂ ਦੇ ਉੱਧਾਰ ਲਈ 'ਨਾਨਕ ਨਿਰੰਕਾਰੀ ਜੋਤ' ਜੁਗਤ ਵਰਤਾਉਣ ਲਈ ਦਸਾਂ ਜਾਮਿਆਂ ਵਿਚ ਪਰਿਵਰਤਿਤ ਹੁੰਦੀ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਿਮ ਸਮੇਂ ਤਖਤ, ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿਖੇ ਸਮੁੱਚੀ ਮਨੁੱਖਤਾ ਉੱਪਰ ਵੱਡਾ ਪਰਉਪਕਾਰ ਕਰਦਿਆਂ* ***ਲੜ ਪਕੜਾਇ ਸ਼ਬਦ ਕਾ ਰੂਪ*** *'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਦਿੱਤਾ ਅਤੇ ਜੁਗਤ ਵਰਤਾਉਣ ਲਈ* ***ਬਖ਼ਸ਼ ਕੀਉ ਖਾਲਸ ਕੋ ਜਾਮਾ*** *ਗੁਰੂ ਪੰਥ ਨੂੰ ਰਹਿਨੁਮਾਈ ਬਖਸ਼ਿਸ਼ ਕੀਤੀ। ਹੁਣ ਅਸੀਂ* ***ਗ੍ਰੰਥ ਪੰਥ ਗੁਰ ਮਾਨੀਐ*** *ਦੇ ਆਦੇਸ਼ ਦੀ ਪਾਲਣਾ ਕਰਦੇ ਹੋਇ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੇ ਲੜ ਲੱਗ ਕੇ ਸੰਸਾਰਕ ਅਤੇ ਮਾਨਸਿਕ ਬੰਧਨਾਂ ਤੋਂ ਨਿਜਾਤ ਹਾਸਲ ਕਰਨੀ ਹੈ। ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਵਿਚ ਸਪੱਸ਼ਟ ਕੀਤਾ ਗਿਆ ਹੈ ਕਿ,* ***"ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸਾਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ***

*ਬੰਦੀ ਛੋੜ ਦਿਵਸ 'ਤੇ ਜਿੱਥੇ ਅਸੀਂ ਘਰਾਂ ਵਿਚ ਦੀਪਮਾਲਾ ਕਰ ਕੇ ਇਸ ਪਰੰਪਰਾ ਨੂੰ ਨਿਭਾਉਣਾ ਹੈ, ਉੱਥੇ ਆਪਣੇ ਹਿਰਦੇ ਰੂਪੀ ਘਰਾਂ ਵਿਚ ਵੀ ਸ਼ਬਦ ਰੂਪੀ ਗਿਆਨ ਦਾ ਦੀਪਕ ਜਗਾ ਕੇ ਆਪਣੇ ਜੀਵਨ ਨੂੰ ਰੁਸ਼ਨਾਉਣਾ ਹੈ:*

*ਸਤਿਗੁਰ ਸਬਦਿ ਉਜਾਰੋ ਦੀਪਾ॥*
*ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨੧)*

*ਦੀਵਾਲੀ ਦੀ ਰਾਤ ਜੋ ਦੀਵੇ ਬਾਲੇ ਜਾਂਦੇ ਹਨ ਉਹ ਸਵੇਰ ਤਕ ਬੁੱਝ ਜਾਂਦੇ ਹਨ ਪਰ ਨਾਮ ਦਾ ਦੀਵਾ* ***ਡੋਲੈ ਵਾਉ ਨ ਵਡਾ ਹੋਇ*** *ਅਨੁਸਾਰ ਨਿਰੰਤਰ ਸਾਡੇ ਜੀਵਨ ਨੂੰ ਰੁਸ਼ਨਾਉਣ ਦੇ ਸਮਰੱਥ ਹੈ।*

*ਸੋ ਬੰਦੀ ਛੋੜ ਦਿਵਸ ਮਨਾਉਂਦਿਆਂ ਇਹ ਅਰਦਾਸ ਕਰੀਏ ਕਿ ਬਵਿੰਜਾ ਰਾਜਿਆਂ ਵਾਂਗ ਕਿਤੇ ਸਾਨੂੰ ਵੀ 'ਸ਼ਬਦ ਗੁਰੂ' ਦਾ ਲੜ ਫੜ੍ਹਨ ਦੀ ਜਾਚ ਆ ਜਾਏ ਅਤੇ ਅਸੀਂ ਗੁਰਮਤਿ ਰਹਿਣੀ ਦੇ ਧਾਰਨੀ ਹੋ ਕੇ ਵਿਸ਼ੇ-ਵਿਕਾਰਾਂ, ਵਹਿਮਾਂ-ਭਰਮਾਂ, ਮੜ੍ਹੀਆਂ-ਮਸਾਣਾਂ, ਵਰਤਾਂ, ਸਰਾਧਾਂ ਅਤੇ ਦੇਹ-ਧਾਰੀ ਗੁਰੂ-ਡੰਮ ਆਦਿ ਵਰਗੇ ਅਗਿਆਨੀ ਕਰਮਾਂ ਦੇ ਬੰਧਨ ਤੋਂ ਮੁਕਤ ਹੋ ਅੰਧਕਾਰਮਈ ਜੀਵਨ ਤੋਂ ਪ੍ਰਕਾਸ਼ਮਈ ਜੀਵਨ ਦੇ ਧਾਰਣੀ ਬਣੀਏ।*

■

ਸੰਪਾਦਕੀ ਲੇਖ...

# ਪੰਜਾਬ ਵਿਚ ਹੜ੍ਹ ਆਏ ਜਾਂ ਲਿਆਏ ਗਏ

*-ਸਤਵਿੰਦਰ ਸਿੰਘ ਫੂਲਪੁਰ**

ਹੜ੍ਹਾਂ ਕਾਰਨ ਪੰਜਾਬ ਦੇ ਹਾਲਾਤ ਬਹੁ-ਪੱਖੀ ਤੌਰ 'ਤੇ ਚਿੰਤਾਜਨਕ ਹੋ ਗਏ ਹਨ। ਬਹੁਤ ਵੱਡੀ ਤਾਦਾਦ ਵਿਚ ਲੋਕਾਂ ਦਾ ਜਿੱਥੇ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ, ਉੱਥੇ ਮਾਲ-ਡੰਗਰ ਦੀ ਹਾਨੀ ਵੀ ਹੋਈ ਹੈ। ਲੱਖਾਂ ਏਕੜ ਖਲੋਤੀ ਫ਼ਸਲ ਬਰਬਾਦ ਹੋ ਗਈ, ਕਈਆਂ ਦੇ ਘਰ ਢਹਿ ਗਏ। ਹੜ੍ਹਾਂ ਦੀ ਮਾਰ ਝੱਲਣ ਵਾਲੇ ਕਿਸਾਨ ਕਈ ਸਾਲ ਆਰਥਿਕ ਪੱਖ ਤੋਂ ਪੱਛੜ ਗਏ ਹਨ। ਜਿਨ੍ਹਾਂ ਜ਼ਮੀਨਾਂ ਉੱਪਰ ਰੇਤ ਚੜ੍ਹ ਗਈ ਹੈ ਕਈ ਸਾਲਾਂ ਤਕ ਉਨ੍ਹਾਂ ਦੇ ਖੇਤਾਂ ਵਿਚ ਅਨਾਜ ਨਹੀਂ ਉੱਗ ਸਕੇਗਾ। ਜਿਨ੍ਹਾਂ ਨੇ ਸਾਰੀ ਉਮਰ ਮਿਹਨਤ ਕਰ ਕੇ ਘਰ ਬਣਾਏ, ਹੜ੍ਹ ਨੇ ਉਹ ਪਲ਼ਾਂ ਵਿਚ ਨਿਗਲ ਲਏ। ਹੁਣ ਸਵਾਲ ਇਹ ਹੈ ਕਿ ਉਹ ਲੋਕ ਦੁਬਾਰਾ ਕਦੋਂ ਅਤੇ ਕਿਵੇਂ ਨਵੇਂ ਘਰ ਬਣਾਉਣਗੇ? ਇੰਨਾ ਹੀ ਨਹੀਂ ਬਲਕਿ ਜਿਨ੍ਹਾਂ ਦੇ ਪਰਿਵਾਰਕ ਜੀਅ ਇਨ੍ਹਾਂ ਹੜ੍ਹਾਂ ਵਿਚ ਮਾਰੇ ਗਏ ਉਹ ਘਾਟਾ ਤਾਂ ਕਦੇ ਵੀ ਪੂਰਾ ਨਹੀਂ ਹੋ ਸਕਦਾ।

ਜੇਕਰ ਇਹ ਹੜ੍ਹ ਨਿਰੋਲ ਕੁਦਰਤੀ ਆਫਤ ਹੁੰਦੀ ਤਾਂ ਲੋਕ ਦਿਲਾਂ ਉੱਪਰ ਪੱਥਰ ਰੱਖ ਕੇ ਆਪਣੇ ਹੋਏ ਜਾਨੀ-ਮਾਲੀ ਨੁਕਸਾਨ ਨੂੰ ਜਰ ਲੈਂਦੇ ਕਿਉਂਕਿ ਡਾਢੇ ਕਰਤੇ ਦੀ ਕੁਦਰਤ ਅੱਗੇ ਕਿਸੇ ਦਾ ਜ਼ੋਰ ਨਹੀਂ। ਕੁਦਰਤ ਦੇ ਕਹਿਰ ਦਾ ਅਖੀਰ ਭਾਣਾ ਮੰਨਣਾ ਹੀ ਪੈਂਦਾ ਹੈ, ਹੋਰ ਕੋਈ ਚਾਰਾ ਨਹੀਂ। ਪਰ ਇਨ੍ਹਾਂ ਹੜ੍ਹਾਂ ਦੀ ਕਰੋਪੀ ਲੋਕਾਂ ਕੋਲੋਂ ਜਰੀ ਨਹੀਂ ਜਾ ਰਹੀ, ਕਿਉਂਕਿ ਬਹੁਤੇ ਦਾਨਿਸ਼ਮੰਦ ਲੋਕਾਂ ਦਾ ਇਹ ਮੰਨਣਾ ਹੈ ਕਿ ਇਹ ਹੜ੍ਹ ਕੁਦਰਤੀ ਕਰੋਪੀ ਨਹੀਂ ਬਲਕਿ ਪੰਜਾਬ-ਮਾਰੂ ਨੀਤੀ ਦਾ ਨਤੀਜਾ ਹੈ। ਇਸ ਦੀ ਪਿੱਠ-ਭੂਮੀ ਤਿਆਰ ਹੁੰਦੀ ਹੈ ਕੇਂਦਰੀ ਸਰਕਾਰ ਵੱਲੋਂ ਜ਼ਮੀਨਾਂ ਹੜੱਪਣ ਲਈ ਲਿਆਏ ਗਏ ਕਿਸਾਨ-ਮਾਰੂ ਤਿੰਨ ਕਾਲੇ ਕਨੂੰਨਾਂ ਤੋਂ, ਕਿਉਂਕਿ ਅਣਖੀ ਪੰਜਾਬੀਆਂ ਨੇ ਇਨ੍ਹਾਂ ਕਾਲੇ ਕਨੂੰਨਾਂ ਵਿਰੁੱਧ ਦੇਸ਼ ਅੰਦਰ ਛਿੜੇ ਅੰਦੋਲਨ ਵਿਚ ਮੋਹਰੀ ਭੂਮਿਕਾ ਨਿਭਾ ਕੇ ਸਰਕਾਰ ਨੂੰ ਗੋਡੇ ਭਾਰ ਹੋ ਕੇ ਇਹ ਕਾਲੇ ਕਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਪੰਜਾਬ ਨਾਲ ਹਰ ਪੱਖ ਤੋਂ ਵਿਤਕਰਾ ਕਰਨ ਵਾਲੀ ਕੇਂਦਰ ਸਰਕਾਰ ਦੇ ਮਨ ਅੰਦਰ ਪੰਜਾਬ ਪ੍ਰਤੀ ਨਫ਼ਰਤ ਹੋਰ ਵੱਧ ਗਈ। ਜਿਸ ਦੇ ਨਤੀਜੇ ਵਜੋਂ ਇਹ ਸੋਚ ਧਾਰਨ ਕੀਤੀ ਕਿ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਹਾਲਤ ਇਹੋ ਜਿਹੀ ਕਰ ਦਿਉ ਕਿ ਇਹ ਆਪਣੇ ਆਪ ਜ਼ਮੀਨਾਂ ਵੇਚਣ

---

** ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ. ੯੯੧੪੪-੧੯੪੯੪*

ਲਈ ਮਜਬੂਰ ਹੋ ਜਾਣ। ਇਸ ਲਈ ਹੜ੍ਹਾਂ ਨੂੰ ਹਥਿਆਰ ਵਜੋਂ ਵਰਤਿਆ ਗਿਆ।

ਪੰਜਾਬ ਵਿਚ ਆਏ ਇਨ੍ਹਾਂ ਹੜ੍ਹਾਂ ਬਾਰੇ ਬਹੁਤ ਸਾਰੇ ਐਸੇ ਤਕਨੀਕੀ ਸਵਾਲ ਹਨ ਜਿਨ੍ਹਾਂ ਦਾ ਮੰਥਨ ਕਰਨ 'ਤੇ ਪਤਾ ਚਲਦਾ ਹੈ ਕਿ ਇਨ੍ਹਾਂ ਹੜ੍ਹਾਂ ਤੋਂ ਬਚਿਆ ਜਾ ਸਕਦਾ ਸੀ ਪਰ ਜਾਣਬੁੱਝ ਕੇ ਬਚਾਅ ਨਹੀਂ ਕੀਤਾ ਗਿਆ। ਮੌਸਮ ਵਿਭਾਗ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਸਾਲ ੨੦੨੫ ਦੇ ਜੂਨ-ਜੁਲਾਈ ਵਿਚ 'ਲਾ-ਨੀਨਾ' (La Nina) ਦੀ ਸਥਿਤੀ ਕਾਰਨ ਭਾਰਤ ਵਿਚ ਇਸ ਸਾਲ ਔਸਤ ਨਾਲੋਂ ਵਧੇਰੇ ਮੀਂਹ ਪਵੇਗਾ। ਜ਼ਿਕਰਯੋਗ ਹੈ ਕਿ ਲਾ ਨੀਨਾ (La Nina) ਉਹ ਸਥਿਤੀ ਹੈ ਜਦੋਂ ਪੇਰੂ ਦੇਸ਼ ਵੱਲੋਂ ਪ੍ਰਸ਼ਾਂਤ ਮਹਾਂਸਾਗਰ ਵਿਚ ਠੰਡੀ ਜਲਧਾਰਾ ਪੈਦਾ ਹੋ ਕੇ ਹਿੰਦ ਮਹਾਂਸਾਗਰ ਵੱਲ ਪਹੁੰਚਦੀ ਹੈ ਤਾਂ ਹਿੰਦ ਮਹਾਂਸਾਗਰ ਦੀ ਭੂ-ਮੱਧ ਰੇਖਾ ਵਿਚ ਮੌਸਮ ਠੰਡਾ ਹੋ ਜਾਂਦਾ ਹੈ। ਉਸ ਸਮੇਂ ਭਾਰਤ ਵਿਚ ਗਰਮੀ ਕਾਰਨ ਹਵਾਵਾਂ ਖਿੰਡ ਜਾਂਦੀਆਂ ਹਨ ਅਤੇ ਉਸ ਖਲਾਅ ਨੂੰ ਭਰਨ ਲਈ ਭੂ-ਮੱਧ ਰੇਖਾ ਵੱਲੋਂ ਠੰਡੀਆਂ ਹਵਾਵਾਂ ਭਾਰਤ ਵੱਲ ਆਉਂਦੀਆਂ ਹਨ ਜੋ ਆਪਣੇ ਨਾਲ ਔਸਤ ਨਾਲੋਂ ਵੱਧ ਬੱਦਲ ਲੈ ਕੇ ਆਉਂਦੀਆਂ ਹਨ ਅਤੇ ਭਾਰਤ ਵਿਚ ਔਸਤ ਨਾਲੋਂ ਵਧੇਰੇ ਵਰਖਾ ਹੁੰਦੀ ਹੈ। ਦੂਜੇ ਪਾਸੇ ਐਲ ਨੀਨੋ (El Nino) ਵਿਚ ਇਸ ਦੇ ਉਲਟ ਪੇਰੂ ਦੇਸ਼ ਵੱਲੋਂ ਗਰਮ ਜਲ ਧਾਰਾ ਹਿੰਦ ਮਹਾਂਸਾਗਰ ਵੱਲ ਆਉਂਦੀ ਹੈ ਜਿਸ ਕਾਰਨ ਭਾਰਤ ਵਿਚ ਮੀਂਹ ਔਸਤ ਨਾਲੋਂ ਘੱਟ ਪੈਂਦਾ ਹੈ। ਜੁਲਾਈ ੨੦੨੫ ਲਾ ਨੀਨਾ (La Nina) ਦਾ ਸਾਲ ਸੀ, ਇਸ ਲਈ ਸਪੱਸ਼ਟ ਸੀ ਕਿ ਇਸ ਸਾਲ ਔਸਤ ਨਾਲੋਂ ਵੱਧ ਮੀਂਹ ਪਵੇਗਾ। ਪਰ ਹੈਰਾਨੀ ਦੀ ਗੱਲ ਹੈ ਕਿ ਮੰਗਲ ਗ੍ਰਹਿ 'ਤੇ ਪਹੁੰਚਣ ਦੀਆਂ ਗੱਲਾਂ ਕਰਨ ਵਾਲੇ ਭਾਰਤ ਦੇ ਮੌਸਮ ਵਿਗਿਆਨੀਆਂ/ਮੌਸਮ ਵਿਭਾਗ ਨੂੰ ਇਸ ਗੱਲ ਦਾ ਪਤਾ ਹੀ ਨਾ ਲੱਗਾ ਹੋਵੇ ਕਿ ਇਸ ਵਰ੍ਹੇ ਮੀਂਹ ਔਸਤ ਨਾਲੋਂ ਵੱਧ ਪਵੇਗਾ? ਜੇਕਰ ਜਾਣਕਾਰੀ ਸੀ ਤਾਂ ਉਨ੍ਹਾਂ ਪੰਜਾਬ ਵਿਚਲੇ ਡੈਮਾਂ ਉੱਪਰ ਤੈਨਾਤ ਕੇਂਦਰ ਦੇ ਪ੍ਰਬੰਧਕਾਂ ਨੂੰ ਇਸ ਦੀ ਜਾਣਕਾਰੀ ਕਿਉਂ ਨਹੀ ਦਿੱਤੀ? ਤਾਂ ਕਿ ਪਹਿਲਾਂ ਤੋਂ ਫਲੱਡ ਗੇਟਾਂ ਰਾਹੀਂ ਹੌਲੀ-ਹੌਲੀ ਪਾਣੀ ਛੱਡ ਕੇ ਡੈਮਾਂ ਵਿਚਲੇ ਪਾਣੀ ਦਾ ਪੱਧਰ ਸੰਭਾਵਿਤ ਹੱਦ ਤਕ ਨੀਵਾਂ ਕਰ ਲਿਆ ਜਾਵੇ, ਜਿਸ ਨਾਲ ਵਧੇਰੇ ਵਰਖਾ ਹੋਣ 'ਤੇ ਜ਼ਿਆਦਾ ਫਲੱਡ ਗੇਟ ਨਾ ਖੋਲਣੇ ਪੈਣ ਅਤੇ ਪੰਜਾਬ ਵਿਚ ਹੜ੍ਹਾਂ ਵਾਲੀ ਸਥਿਤੀ ਨਾ ਬਣੇ। ਜੇਕਰ ਡੈਮ ਅਧਿਕਾਰੀਆਂ ਨੂੰ ਵਧੇਰੇ ਮੀਂਹ ਪੈਣ ਦੀ ਸੰਭਾਵਨਾ ਦਾ ਇਲਮ ਸੀ ਤਾਂ ਉਨ੍ਹਾਂ ਪਹਿਲਾਂ ਤੋਂ ਹੀ ਸੰਭਾਵਿਤ ਪੱਧਰ ਤਕ ਪਾਣੀ ਦੀ ਨਿਕਾਸੀ ਕਰ ਕੇ ਡੈਮਾਂ ਦੇ ਪਾਣੀ ਦਾ ਪੱਧਰ ਨੀਵਾਂ ਕਿਉਂ ਨਾ ਕੀਤਾ? ਅਤੇ ਕਿਸ ਦੇ ਕਹਿਣ 'ਤੇ ਨਾ ਕੀਤਾ?

ਉਕਤ ਸਵਾਲ ਕੇਂਦਰ ਦੀ ਸਰਕਾਰ ਦੇ ਮਨ ਦੀ ਮਲੀਨਤਾ ਵੱਲ ਇਸ਼ਾਰਾ ਕਰਦੇ ਹਨ। ਇਨ੍ਹਾਂ ਸਵਾਲਾਂ ਕਾਰਨ ਹੀ ਬਹੁਤ ਸਾਰੇ ਸੂਝਵਾਨ ਆਗੂ, ਰਾਜਨੀਤਿਕ ਵਿਸ਼ਲੇਸ਼ਕ ਅਤੇ ਡੈਮਾਂ ਦੇ ਤਕਨੀਕੀ ਮਾਹਿਰ ਇੱਕੋ ਸੁਰ ਵਿਚ ਕਹਿ ਰਹੇ ਹਨ ਕਿ

ਪੰਜਾਬ ਵਿਚ ਆਏ ਇਹ ਹੜ੍ਹ ਕੋਈ ਕੁਦਰਤੀ ਕਰੋਪੀ ਨਹੀਂ, ਸਗੋਂ ਮਨੁੱਖੀ ਵਰਤਾਰਾ ਹੈ। ਭਾਰਤ ਵਿਚ ਬਹੁਤ ਸਾਰੇ ਡੈਮ ਹਨ। ਲੇਕਿਨ ਉਨ੍ਹਾਂ ਡੈਮਾਂ ਨੂੰ ਹੀ ਉੱਪਰ ਤਕ ਭਰ ਕੇ ਉਨ੍ਹਾਂ ਦੇ ਫਲੱਡ ਗੇਟ ਖੋਲ੍ਹੇ ਗਏ ਜਿਨ੍ਹਾਂ ਡੈਮਾਂ ਦੇ ਪਾਣੀ ਦੀ ਮਾਰ ਪੰਜਾਬ ਅਤੇ ਪਾਕਿਸਤਾਨ ਨੂੰ ਵੱਜਦੀ ਸੀ ਅਤੇ ਜਿਸ ਦਾ ਸਿੱਧਾ ਨੁਕਸਾਨ ਰਾਵੀ ਦਰਿਆ ਦੇ ਕਿਨਾਰੇ 'ਤੇ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ਨੂੰ ਵੀ ਹੋਇਆ। ਇਹ ਇੱਕ ਤੀਰ ਨਾਲ ਦੋ ਨਿਸ਼ਾਨੇ ਵਿੰਨ੍ਹਣ ਵਾਲੀ ਨੀਤੀ ਸੀ। ਪਹਾੜੀ ਸੂਬਿਆਂ ਵਿਚ ਬੱਦਲਾਂ ਦੇ ਫੱਟਣ ਨਾਲ ਕਈ ਥਾਈਂ ਪਾਣੀ ਦੀ ਮਾਰ ਵੱਜੀ ਜੋ ਕਿ ਕੁਦਰਤੀ ਆਫਤ ਸੀ, ਪਰ ਕਿਸੇ ਹੋਰ ਸੂਬੇ ਵਿਚ ਪੰਜਾਬ ਵਾਂਗ ਫਲੱਡ ਗੇਟ ਖੋਲ੍ਹਣ ਨਾਲ ਹੜ੍ਹ ਨਹੀਂ ਆਏ ਕਿਉਂਕਿ ਉੱਥੇ ਡੈਮਾਂ ਵਿਚ ਪਾਣੀ ਦਾ ਪੱਧਰ ਪਹਿਲਾਂ ਤੋਂ ਹੀ ਸੰਭਾਵਿਤ ਹੱਦ ਤਕ ਨੀਵਾਂ ਕੀਤਾ ਜਾ ਚੁੱਕਾ ਸੀ।

ਦੇਸ਼ ਦੇ ਕਿਸੇ ਵੀ ਸੂਬੇ ਵਿਚ ਕੋਈ ਕੁਦਰਤੀ ਆਫਤ ਆ ਜਾਵੇ ਤਾਂ ਉਸੇ ਵੇਲੇ ਦੇਸ਼ ਦਾ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੁਰੰਤ ਹੰਗਾਮੀ ਹਾਲਤ ਵਿਚ ਹੈਲੀਕਾਪਟਰ ਰਾਹੀਂ ਦੌਰਾ ਕਰ ਕੇ ਸਥਿਤੀ ਦਾ ਜਾਇਜ਼ਾ ਲੈਂਦੇ ਹਨ ਪਰ ਡੁਬਦੇ ਪੰਜਾਬ ਦੀ ਸਾਰ ਲੈਣ ਦੇਸ਼ ਦਾ ਪ੍ਰਧਾਨ ਮੰਤਰੀ ਬਹੁਤ ਹੀ ਦੇਰੀ ਨਾਲ ਪਹੁੰਚਿਆ ਅਤੇ ਪੰਜਾਬ ਨੂੰ ਆਰਥਿਕ ਸਹਾਇਤਾ ਦੇਣ ਦੇ ਤੌਰ 'ਤੇ ਕੇਵਲ ੧੬੦੦ ਕਰੋੜ ਰੁਪਏ ਦੇਣ ਦੇ ਐਲਾਨ ਨਾਲ ਇਕ ਕੋਝਾ ਮਜਾਕ ਕੀਤਾ ਗਿਆ ਜਦਕਿ ਨੁਕਸਾਨ ਇੰਨੀ ਰਕਮ ਤੋਂ ਕਿਤੇ ਜ਼ਿਆਦਾ ਹੋਇਆ ਹੈ। ਪੰਜਾਬ ਨੂੰ ਇਸ ਤਰ੍ਹਾਂ ਦਾ ਅਹਿਸਾਸ ਕਰਵਾਇਆ ਗਿਆ ਜਿਵੇਂ ਉਹ ਭਾਰਤ ਦੇਸ਼ ਦਾ ਹਿੱਸਾ ਨਹੀਂ ਬਲਕਿ ਕੋਈ ਵੱਖਰਾ ਦੇਸ਼ ਹੈ।

ਉਂਝ ਤਾਂ ਕਾਨੂੰਨ ਕਹਿੰਦਾ ਹੈ ਕਿ ਜਿਹੜਾ ਰਾਜ ਹੜ੍ਹਾਂ ਦੀ ਮਾਰ ਝੱਲਦਾ ਹੈ ਪਾਣੀ ਉੱਪਰ ਵੀ ਉਸੇ ਦਾ ਪੂਰਾ ਹੱਕ ਹੁੰਦਾ ਹੈ ਪਰੰਤੂ ਹੜ੍ਹਾਂ ਦੀ ਮਾਰ ਝੱਲਣ ਲਈ ਪੰਜਾਬ ਅਤੇ ਪਾਣੀ ਰਾਜਸਥਾਨ ਤੇ ਹਰਿਆਣੇ ਨੂੰ ਦਿੱਤਾ ਜਾਂਦਾ ਰਿਹਾ ਹੈ। ਹੁਣ ਜਦੋਂ ਪੰਜਾਬ ਨੂੰ ਹੜ੍ਹਾਂ ਦੀ ਮਾਰ ਪਈ ਤਾਂ ਹਰਿਆਣਾ ਅਤੇ ਰਾਜਸਥਾਨ ਨੇ ਪੰਜਾਬ ਕੋਲੋਂ ਵਾਧੂ ਪਾਣੀ ਲੈਣ ਤੋਂ ਇਨਕਾਰ ਕਰ ਦਿੱਤਾ। ਇਹ ਸਭ ਪੰਜਾਬ ਮਾਰੂ-ਨੀਤੀ ਦਾ ਹੀ ਨਤੀਜਾ ਹੈ।

ਇਸ ਔਖੀ ਘੜੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਬਹੁਤ ਸਾਰੀਆਂ ਸਮਾਜ ਭਲਾਈ ਸੰਸਥਾਵਾਂ ਨੇ ਅਤੇ ਲੋਕਾਂ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਪੂਰੀ ਮਦਦ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿਨ੍ਹਾਂ ਇਲਾਕਿਆਂ ਵਿਚ ਹੜ੍ਹਾਂ ਦੀ ਮਾਰ ਪਈ ਹੈ, ਦੇ ਨਜ਼ਦੀਕ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਹੜ੍ਹ ਪੀੜ੍ਹਤਾਂ ਨੂੰ ਰਾਹਤ ਪਹੁੰਚਾਉਣ ਲਈ ਰਾਹਤ ਕੈਂਪ ਸਥਾਪਿਤ ਕੀਤੇ ਹਨ। ਇਸੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਸਥਿਤ ਭਾਈ ਗੁਰਦਾਸ ਹਾਲ ਵਿਚ 'ਹੜ੍ਹ ਰਾਹਤ ਕੇਂਦਰ' ਸਥਾਪਿਤ ਕੀਤਾ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨੁੱਖਤਾ ਦੀ ਸੇਵਾ ਲਈ ਪਹਿਲ ਕਰਦਿਆਂ ਜਿੱਥੇ ਹੜ੍ਹ ਪੀੜਤਾਂ ਲਈ ਰਾਸ਼ਨ, ਲੰਗਰ, ਦਵਾਈਆਂ ਆਦਿ ਪ੍ਰਬੰਧ ਕੀਤਾ ਹੈ, ਉੱਥੇ ਪਸ਼ੂਆਂ ਦੇ ਚਾਰੇ ਦਾ ਵੀ ਪ੍ਰਬੰਧ ਕੀਤਾ ਹੈ। ਦਾਲਾਂ, ਖੰਡ, ਘਿਓ, ਤੇਲ ਅਤੇ ਹੋਰ ਲੋੜੀਂਦੀਆਂ ਵਸਤੂਆਂ ਅਤੇ ਹੜ੍ਹਾਂ ਕਾਰਨ ਬਾਅਦ ਵਿਚ ਫੈਲਣ ਵਾਲੀ ਬਿਮਾਰੀ ਨੂੰ ਰੋਕਣ ਲਈ ਅਤੇ ਮੱਛਰ ਰੋਕੂ ਸਪਰੇਅ ਮਸ਼ੀਨਾਂ ਵੀ ਵੰਡੀਆਂ ਗਈਆਂ ਹਨ। ਇੰਨਾ ਹੀ ਨਹੀਂ ਬਲਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿੱਜੀ ਤੌਰ ’ਤੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਦੀ ਤਨਖਾਹ ਵਿੱਚੋਂ ਕੁਝ ਹਿੱਸਾ ਹੜ੍ਹ ਪੀੜਤਾਂ ਦੀ ਮਦਦ ਲਈ ਪਹੁੰਚਾਉਣ ਦਾ ਫੈਸਲਾ ਲਿਆ ਗਿਆ ਹੈ। ਮਿਤੀ ੧੧ ਸਤੰਬਰ, ੨੦੨੫ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਇਹ ਵੀ ਫ਼ੈਸਲਾ ਲਿਆ ਗਿਆ ਕਿ ਪੰਜਾਬ ਵਿਚ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਤੇ ਕਿਸਾਨਾਂ ਦੀ ਸਹਾਇਤਾ ਲਈ ੨੦ ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਜਾਵੇਗੀ। ਕਿਸਾਨਾਂ ਨੂੰ ਖੇਤ ਵਾਹੀਯੋਗ ਬਣਾਉਣ ਲਈ ੮ ਲੱਖ ਲੀਟਰ ਡੀਜ਼ਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤਾ ਜਾਵੇਗਾ। ੧੦ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਕਣਕ ਦੀ ਬਿਜਾਈ ਲਈ ਬੀਜ ਮੁਹੱਈਆ ਕਰਵਾਇਆ ਜਾਵੇਗਾ। ਹੜ੍ਹਾਂ ਨਾਲ ਪ੍ਰਭਾਵਿਤ ਹੋਏ ਗੁਰਦੁਆਰਾ ਸਾਹਿਬਾਨ ਨੂੰ ਵੀ ੫੦-੫੦ ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਜਿਨ੍ਹਾਂ ਸਕੂਲੀ ਵਿਦਿਆਰਥੀਆਂ ਦੀਆਂ ਕਿਤਾਬਾਂ ਹੜ੍ਹਾਂ ਦੌਰਾਨ ਖਰਾਬ ਹੋਈਆਂ ਹਨ ਉਨ੍ਹਾਂ ਲੋੜਵੰਦ ਬੱਚਿਆਂ ਨੂੰ ਮੁਫਤ ਕਿਤਾਬਾਂ ਮੁਹੱਈਆ ਕਰਵਾਈਆ ਜਾਣਗੀਆਂ।

■

# ਧੰਨੁ ਧੰਨੁ ਰਾਮਦਾਸ ਗੁਰੁ

*-ਸ. ਜਸਵੰਤ ਸਿੰਘ ਅਜੀਤ**

ਭਾਈ ਬਲਵੰਡ ਜੀ ਅਤੇ ਭਾਈ ਸਤਾ ਜੀ ਨੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਾਨਤਾ ਦਾ ਵਰਣਨ ਕਰਦਿਆਂ ਹੋਇਆਂ ਆਪਣੇ ਦਿਲ ਦੀਆਂ ਡੂੰਘਿਆਈਆਂ ਵਿੱਚੋਂ ਗਾਵਿਆ ਹੈ:

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥*
*ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥*
*ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥*
*ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥*
*ਜਿਨ੍ੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥*
*ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥*
*ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥*
*ਗੁਰੁ ਡਿਠਾ ਤਾਂ ਮਨੁ ਸਾਧਾਰਿਆ॥੭॥* (*ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੮*)

ਅਜਿਹੇ ਸਤਿਗੁਰਾਂ ਦਾ ਪ੍ਰਕਾਸ਼ ੨੪ ਸਤੰਬਰ, ੧੫੩੪ ਈ. ਨੂੰ ਭਾਈ ਹਰਿਦਾਸ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ ਲਾਹੌਰ ਵਿਖੇ ਹੋਇਆ। ਆਪ ਦਾ ਬਚਪਨ ਦਾ ਨਾਂ ਭਾਈ ਜੇਠਾ ਜੀ ਸੀ। ਘਰ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਕਾਰਨ ਆਪ ਕਿਸੇ ਪਾਠਸ਼ਾਲਾ ਵਿਚ ਵਿੱਦਿਆ ਪ੍ਰਾਪਤ ਨਹੀਂ ਕਰ ਸਕੇ ਪਰੰਤੂ ਘਰ ਦੇ ਧਾਰਮਿਕ ਵਾਤਾਵਰਨ ਅਤੇ ਮਾਤਾ-ਪਿਤਾ ਦੇ ਧਾਰਮਿਕ ਜੀਵਨ ਅਤੇ ਨੇਕ ਸੁਭਾਅ ਦਾ ਆਪ 'ਤੇ ਡੂੰਘਾ ਪ੍ਰਭਾਵ ਪਿਆ। ਜਿਸ ਕਾਰਨ ਆਪ ਨੇ ਵੱਖ-ਵੱਖ ਧਰਮਾਂ ਅਤੇ ਧਾਰਮਿਕ ਵਿਸ਼ਵਾਸਾਂ ਤੇ ਉਨ੍ਹਾਂ ਦੇ ਦਰਸ਼ਨ ਬਾਰੇ ਬਹੁਤ ਗਿਆਨ ਪ੍ਰਾਪਤ ਕੀਤਾ।

ਭਾਈ ਜੇਠਾ ਜੀ ਦੀ ਆਯੂ ਅਜੇ ਛੋਟੀ ਹੀ ਸੀ ਕਿ ਆਪ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਨਾਨੀ ਪਾਲਣ-ਪੋਸ਼ਣ ਕਰਨ ਲਈ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਜਦੋਂ ਆਪ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੰਗਤ ਵਿਚ ਆਏ ਤਾਂ ਆਪ ਦੇ ਜੀਵਨ ਤੇ ਗੁਰਸਿੱਖੀ, ਗੁਰਬਾਣੀ, ਭਗਤੀ ਅਤੇ ਸੇਵਾ ਦੀ ਅਜਿਹੀ ਪਾਣ ਚੜ੍ਹੀ ਕਿ ਆਪ ਨੇ ਸਮੁੱਚਾ ਜੀਵਨ ਇਨ੍ਹਾਂ ਨੂੰ ਹੀ ਸਮਰਪਿਤ ਕਰ ਦਿੱਤਾ। ਨਿਮਰਤਾ, ਲਗਨ ਅਤੇ ਅਪਾਰ ਸ਼ਰਧਾ ਦੇ ਨਾਲ ਆਪ ਨੇ ਸਤਿਗੁਰਾਂ ਦੇ ਉਪਦੇਸ਼ਾਂ ਨੂੰ

** Flat No-51, Sheetal Apartment, Plot No-12, Sector-14, Rohini, Delhi-110085*

ਸਮਝਿਆ ਤੇ ਉਨ੍ਹਾਂ ਅਨੁਸਾਰ ਹੀ ਆਪਣੇ ਜੀਵਨ ਨੂੰ ਢਾਲ ਲਿਆ। ਆਪ ਦੀ ਸੁਪਤਨੀ ਬੀਬੀ ਭਾਨੀ ਜੀ, ਜੋ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸਪੁੱਤਰੀ ਸਨ, ਨੇ ਵੀ ਆਪਣੀ ਸੇਵਾ ਤੇ ਪਤੀ-ਭਗਤੀ ਨਾਲ ਆਪ ਨੂੰ ਬਹੁਤ ਪ੍ਰਭਾਵਿਤ ਕੀਤਾ।

ਆਪ ਦੀ ਸੇਵਾ ਤੇ ਸਮਰਪਿਤ ਜੀਵਨ ਤੋਂ ਪ੍ਰਭਾਵਿਤ ਹੋ ਕੇ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਜੋਤੀ-ਜੋਤ ਸਮਾਉਣ ਲੱਗਿਆਂ ਸਿੱਖ ਧਰਮ ਦੇ ਵਾਧੇ ਤੇ ਫੈਲਾਅ ਦੀ ਜ਼ਿੰਮੇਦਾਰੀ ਆਪ ਦੇ ਭਰ-ਜੁਆਨ ਮੋਢਿਆਂ 'ਤੇ ਰੱਖਦਿਆਂ ਹੋਇਆਂ ਗੁਰਿਆਈ ਦੀ ਸੌਂਪਣਾ ਆਪ ਨੂੰ ਕਰ ਦਿੱਤੀ। ਇਸ ਕੰਮ ਨੂੰ ਆਪ ਨੇ ਪੂਰੀ ਜ਼ਿੰਮੇਦਾਰੀ ਨਾਲ ਸੰਭਾਲਿਆ ਅਤੇ ਸਿੱਖੀ ਦਾ ਫੈਲਾਅ ਲਗਨ, ਮਿਹਨਤ ਅਤੇ ਨਿਮਰਤਾ ਨਾਲ ਕੀਤਾ। ਆਪ ਨੇ ਅੰਮ੍ਰਿਤ ਸਰੋਵਰ ਦੀ ਸਥਾਪਨਾ ਦੇ ਨਾਲ ਹੀ ਸਿੱਖੀ ਦੇ ਮਹਾਨ ਕੇਂਦਰ ਸ੍ਰੀ ਅੰਮ੍ਰਿਤਸਰ ਦੀ ਉਸਾਰੀ ਵੀ ਕੀਤੀ।

ਸ੍ਰੀ ਅੰਮ੍ਰਿਤਸਰ, ਜੋ ਅਰੰਭ ਵਿਚ 'ਚੱਕ ਗੁਰੂ' ਜਾਂ 'ਰਾਮਦਾਸ ਪੁਰਾ' ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਨੂੰ ਹਰ ਪੱਖੋਂ ਵਿਕਸਿਤ ਕਰਨ ਦੇ ਉਨ੍ਹਾਂ ਨੇ ਉਪਰਾਲੇ ਕੀਤੇ। ਵੱਖ-ਵੱਖ ੫੨ ਕਿੱਤਿਆਂ ਨਾਲ ਸੰਬੰਧਿਤ ਕਾਰੀਗਰਾਂ ਨੂੰ ਬੁਲਾ ਕੇ ਇੱਥੇ ਵਸਾਇਆ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ। ਜਿਉਂ-ਜਿਉਂ ਸਿੱਖਾਂ ਦੀ ਆਵਾਜਾਈ ਇਸ ਸ਼ਹਿਰ ਵੱਲ ਵਧੀ ਤਿਉਂ-ਤਿਉਂ ਦੂਰ-ਦੁਰਾਡਿਓਂ ਵਪਾਰੀਆਂ ਨੇ ਵੀ ਇੱਥੇ ਆ ਕੇ ਡੇਰੇ ਲਾਉਣੇ ਸ਼ੁਰੂ ਕਰ ਦਿੱਤੇ। ਸਿੱਖੀ ਦੇ ਕੇਂਦਰੀ ਤੀਰਥ ਵਜੋਂ ਸਥਾਪਿਤ ਇਹ ਸ਼ਹਿਰ ਹਰ ਵਰਗ, ਧਰਮ ਤੇ ਫਿਰਕੇ ਨਾਲ ਸੰਬੰਧਿਤ ਲੋਕਾਂ ਦਾ ਕੇਂਦਰ ਵੀ ਬਣ ਗਿਆ।

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਪਹਿਲੇ ਸਤਿਗੁਰਾਂ- ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਵਾਂਗ ਬਾਣੀ ਉਚਾਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪ ਦੀ ਬਾਣੀ ੩੦ ਰਾਗਾਂ ਵਿਚ ਹੈ, ਜਦ ਕਿ ਆਪ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੯ ਰਾਗਾਂ ਵਿਚ ਬਾਣੀ ਉਚਾਰੀ ਸੀ । ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਵਰਤੇ ਗਏ ਰਾਗਾਂ ਨੂੰ ਹੀ ਆਪਣੀ ਰਚੀ ਬਾਣੀ ਲਈ ਅਪਣਾਇਆ। ਪਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਇਨ੍ਹਾਂ ਦੀ ਗਿਣਤੀ ੩੦ ਤਕ ਪਹੁੰਚਾ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਕੁੱਲ ੩੧ ਰਾਗਾਂ ਵਿਚ ਹੈ। ੩੧ ਵਾਂ ਰਾਗ ਜੈਜਾਵੰਤੀ ਹੈ, ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੪ ਪਦੇ ਹਨ। ਇਸ ਗੱਲ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਰਾਗ ਵਿੱਦਿਆ ਦੇ ਕਿੰਨੇ ਮਹਾਨ ਜਾਣੂ ਤੇ ਮਾਹਿਰ ਸਨ। ਆਪ ਦੀ ਬਾਣੀ ਵਿਚ ੨੪੬ ਪਦੇ, ੩੧ ਅਸਟਪਦੀਆਂ, ੩੨ ਛੰਤ, ੧੩੮ ਸਲੋਕ, ੮ ਵਾਰਾਂ ਵਿਚ ੧੮੩ ਪਉੜੀਆਂ, ੧ ਪਹਿਰੇ, ੧ ਵਣਜਾਰਾ, ੨ ਕਰਹਲੇ ਅਤੇ ੨ ਘੋੜੀਆਂ ਸ਼ਾਮਲ ਹਨ। ਆਪ ਜੀ ਦੀ ਬਾਣੀ ਦਾ ਮੁੱਖ ਵਿਸ਼ਾ ਪਹਿਲੇ ਸਤਿਗੁਰੂ ਸਾਹਿਬਾਨ ਵਾਂਗ ਹੀ ਪ੍ਰਭੂ-ਭਗਤੀ, ਧਾਰਮਿਕ ਸਿਧਾਂਤਾਂ ਦੀ ਚਰਚਾ ਕਰਦਿਆਂ

ਹੋਇਆਂ ਲੋਕਾਂ ਲਈ ਉਪਦੇਸ਼, ਪ੍ਰਭੂ-ਮਿਲਾਪ ਲਈ ਤੜਪ, ਪ੍ਰਭੂ ਤੇ ਗੁਰੂ ਦੀ ਉਸਤਤੀ ਹੈ, ਜਿਸ ਨੂੰ ਆਪ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਆਪ ਦੀ ਬਾਣੀ ਇਤਨੀ ਰਸ-ਮਈ ਹੈ ਕਿ ਉਸ ਦਾ ਇਕ-ਇਕ ਸ਼ਬਦ ਦਿਲ ਦੀਆਂ ਡੂੰਘਾਈਆਂ ਨੂੰ ਜਾ ਛੂੰਹਦਾ ਹੈ।

'ਹਰਿ ਕੀ ਵਡਿਆਈ' ਦਾ ਜਦ ਆਪ ਵਰਣਨ ਕਰਦੇ ਹਨ ਤਾਂ ਹਿਰਦਾ ਹਰਿ ਦੇ ਦਰਸ਼ਨਾਂ ਲਈ ਬੇਤਾਬ ਹੋ ਉੱਠਦਾ ਹੈ:

*-ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ॥*
*ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥*
*ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ॥*
*ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ॥*
*ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ॥੬॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੪)*

*-ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੭੩)*

ਜਦੋਂ ਕੁਝ ਮਨਮਤੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਵਿਰੋਧਤਾ ਕੀਤੀ ਤੇ ਉਨ੍ਹਾਂ ਨੂੰ ਭਲਾ-ਬੁਰਾ ਕਿਹਾ ਤਾਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ:

*ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੨)*

*ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੨)*

ਆਪ ਨੇ ਉਨ੍ਹਾਂ ਨੂੰ ਇਹ ਵੀ ਸਮਝਾਇਆ ਕਿ ਜੇਕਰ ਕੋਈ ਬੁਰਾ, ਨਿੰਦਕ ਤੇ ਪਾਪੀ ਵੀ ਸਤਿਗੁਰਾਂ ਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਸਤਿਗੁਰੂ ਖੁੱਲ੍ਹੇ ਹਿਰਦੇ ਨਾਲ ਉਸ ਨੂੰ ਖਿਮਾਂ ਕਰ ਦਿੰਦੇ ਹਨ:

*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੨)*

ਉਹ ਦੱਸਦੇ ਹਨ:

*ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੧)*

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸਤਿਗੁਰੂ ਅਤੇ ਅਕਾਲ ਪੁਰਖ ਨੂੰ ਇੱਕੋ ਰੂਪ ਵਿਚ ਪੇਸ਼ ਕਰਦੇ ਹਨ। ਉਨ੍ਹਾਂ ਦਾ ਫੁਰਮਾਨ ਹੈ:

*ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੪)*

ਆਪ ਦੀ ਬਾਣੀ ਵਿਚ ਅਕਾਲ ਪੁਰਖ ਦੀ ਸਰਬ-ਵਿਆਪਕਤਾ ਦਾ ਖੁੱਲ੍ਹਾ-ਡੁੱਲ੍ਹਾ

ਵਰਣਨ ਹੈ। ਆਪ ਦੱਸਦੇ ਹਨ ਕਿ ਪਰਮ-ਪਿਤਾ ਪਰਮਾਤਮਾ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਹੈ। ਆਪ ਹੀ ਉਹ ਸਭ ਕੁਝ ਹੈ ਤੇ ਆਪ ਹੀ ਸਾਰੀ ਖੇਡ ਖੇਡ ਰਿਹਾ ਹੈ:

*ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ॥*
*ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ॥*
*ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੦੪)*

ਆਪ ਸਤਿਗੁਰੂ ਅੱਗੇ ਅਰਦਾਸ ਕਰਦੇ ਹੋਏ ਆਖਦੇ ਹਨ:

*ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ॥*
*ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੨)*

ਇਨ੍ਹਾਂ ਸ਼ਬਦਾਂ ਵਿਚ ਕਿਤਨੀ ਨਿਮਰਤਾ ਤੇ ਸਾਦਗੀ ਹੈ। ਸਮਰੱਥ ਹੁੰਦਿਆਂ ਹੋਇਆਂ ਵੀ ਆਪ ਆਪਣੇ ਆਪ ਨੂੰ ਇਤਨਾ ਛੋਟਾ ਕਹਿੰਦੇ ਹਨ। ਆਪ ਹੋਰ ਅੱਗੇ ਆਖਦੇ ਹਨ:

*ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ॥*
*ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥੧॥ ਰਹਾਉ॥*
*ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥*
*ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦)*

ਪ੍ਰਭੂ ਨੂੰ ਮਿਲਣ ਦੀ ਤਾਂਘ, ਬੇਚੈਨੀ ਤੇ ਬਿਹਬਲਤਾ ਆਪ ਜੀ ਦੀ ਬਾਣੀ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ:

*ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥*
*ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥*
*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪)*

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਸਾਰਾ ਜੀਵਨ ਪ੍ਰਭੂ-ਭਗਤੀ, ਸੇਵਾ ਅਤੇ ਨਿਮਰਤਾ ਨਾਲ ਭਰਪੂਰ ਹੈ। ਆਪ ਜੀ ਦੀ ਬਾਣੀ ਵਿੱਚੋਂ ਵੀ ਇਹੀ ਕੁਝ ਪ੍ਰਗਟ ਹੁੰਦਾ ਹੈ। ਨਿਮਰਤਾ ਭਰਪੂਰ ਤੇ ਨਿੰਦਕਾਂ, ਦੁਸ਼ਟਾਂ ਸਭ ਨੂੰ ਤਾਰਨਹਾਰੇ ਸਤਿਗੁਰਾਂ ਦੇ ਸੰਬੰਧ ਵਿਚ ਇਉਂ ਵਰਣਨ ਆਉਂਦਾ ਹੈ:

*ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥*
*ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥*
*ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੭)*

ਭਾਵੇਂ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪੀ ਸੀ, ਪਰ ਗੁਰਬਾਣੀ ਦੇ ਗੁਰੂ ਰੂਪ ਹੋਣ ਬਾਰੇ ਪਹਿਲੇ ਗੁਰੂ ਸਾਹਿਬਾਨ ਨੇ ਹੀ ਸਮਝਾਉਣਾ ਅਰੰਭ ਕਰ ਦਿੱਤਾ ਸੀ। ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਸੰਬੰਧ ਵਿਚ ਸੰਕੇਤ ਕੀਤਾ ਹੈ:

*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
*ਹਰਿ ਕਰਤਾ ਆਪਿ ਮੁਹਹੁ ਕਢਾਏ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੮)*

ਆਪ ਨੇ ਹੋਰ ਆਖਿਆ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੨)*

ਆਪ ਜੀ ਵਿਚ ਕਿਤਨੀ ਨਿਮਰਤਾ ਸੀ ਇਸ ਦਾ ਵਰਣਨ 'ਬੰਸਾਵਲੀਨਾਮਾ' ਵਿਚ ਇਸ ਤਰ੍ਹਾਂ ਆਉਂਦਾ ਹੈ:

*ਸਾਕ ਨਾ ਜਾਤਾ*
*ਹਿਰਦੇ ਰਖਿਆ ਸੇਵਕੀ ਭਾਉ*
*ਚੰਚਲਾਈ ਚਤੁਰਾਈ ਖੇਡਣ*
*ਹਸਣ ਕਾ ਚਾਉ*
*ਪ੍ਰੀਤਿ ਚਰਣਾਂ ਦੀ ਸੇਵਕ ਰਖੀ*
*ਬਿਨਾਂ ਸਤਿਗੁਰ ਹੋਰ ਨਾ ਦੇ ਦੇਖਣਾ ਅਖੀਂ।*

ਆਪ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਨਾਲ ਹੋਈ ਮੁਲਾਕਾਤ ਦਾ ਵਰਣਨ ਗਿਆਨੀ ਗਿਆਨ ਸਿੰਘ ਨੇ ਆਪਣੀ ਰਚਨਾ ਵਿਚ ਇਸ ਤਰ੍ਹਾਂ ਕੀਤਾ ਹੈ:

*ਸ੍ਰੀ ਚੰਦ ਤਬ ਗਿਰਹ ਉਚਾਰੀ*
*ਕਾਹੇ ਬਢਾਈ ਦਾਹੜੀ ਭਾਰੀ*
*ਗੁਰੂ ਰਾਮਦਾਸ ਨਿਮਰ ਹੋਹੈਂ*
*ਕਿਹੋ ਆਪਸੇ ਸਾਧੂ ਜੋ ਹੈਂ*
*ਉਨਕੇ ਚਰਨ ਪੋਂਛਨੇ ਕਾਰਨ*
*ਸ੍ਰੀ ਚੰਦ ਖੁਸ਼ ਹੋਇ ਉਚਾਰਾ*
*ਇਸੀ ਤੌਰ ਘਰ ਲੁਟਿਓ ਹਮਾਰਾ*
*ਜੋ ਬਾਕੀ ਭੀ ਅਬ ਕੁਝ ਮੋ ਪੈ*
*ਛੀਨ ਲਈ ਯੋਂ ਹੀ ਤੁਮ ਮੋ ਪੈ।*

■

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਿਆਈ ਦਿਵਸ

*-ਸ. ਦਲਵੀਰ ਸਿੰਘ ਲੁਧਿਆਣਵੀ**

ਅੱਠਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਮਾਤਾ ਕਿਸ਼ਨ ਕੌਰ ਜੀ (ਕ੍ਰਿਸ਼ਨ ਕੌਰ) ਅਤੇ ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਿਹ ਵਿਖੇ ਸਾਵਣ ਵਦੀ ੧੦ (੮ ਸਾਵਣ) ਸੰਮਤ ੧੭੧੩, ੭ ਜੁਲਾਈ, ੧੬੫੬ ਈ. ਨੂੰ ਕੀਰਤਪੁਰ ਸਾਹਿਬ (ਜ਼ਿਲ੍ਹਾ ਰੂਪ ਨਗਰ) ਦੇ ਸਥਾਨ 'ਤੇ ਹੋਇਆ, ਜਿੱਥੇ ਅੱਜ ਗੁਰਦੁਆਰਾ 'ਸ਼ੀਸ਼ ਮਹਿਲ' ਸੁਸ਼ੋਭਿਤ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਇਸੇ ਘਰ ਵਿਚ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਜੀਵਨ ਦੇ ਆਖਰੀ ਵਰ੍ਹੇ ਬਿਤਾਏ ਅਤੇ ਇੱਥੇ ਹੀ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ੧੬ ਜਨਵਰੀ, ੧੬੩੦ ਈ. ਨੂੰ ਪ੍ਰਕਾਸ਼ ਹੋਇਆ ਸੀ।

ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਦੋ ਬੇਟੇ ਸਨ- ਬਾਬਾ ਰਾਮਰਾਏ ਜੀ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ। ਬਾਬਾ ਰਾਮਰਾਏ ਜੋ ਸਤਵੇਂ ਪਾਤਸ਼ਾਹ ਦਾ ਵੱਡਾ ਸਾਹਿਬਜ਼ਾਦਾ ਸੀ, ਬਹੁਤ ਚਲਾਕ, ਹੁਸ਼ਿਆਰ ਅਤੇ ਨੀਤੀਨਿਪੁੰਨ ਹੋਣ ਦੇ ਨਾਲ-ਨਾਲ ਸਿੱਖ-ਸੰਗਤ ਅਤੇ ਮਸੰਦਾਂ ਵਿਚ ਚੰਗਾ ਰਸੂਖ ਰੱਖਦਾ ਸੀ। ਉਹ ਆਪਣੇ-ਆਪ ਨੂੰ ਹਰ ਪੱਖੋਂ ਗੁਰਿਆਈ ਦਾ ਹੱਕਦਾਰ ਸਮਝਦਾ ਸੀ।

ਉਧਰ ਦੂਜੇ ਪਾਸੇ ਬਚਪਨ ਤੋਂ ਹੀ ਬਾਲਾ ਪ੍ਰੀਤਮ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਦੀ ਯਾਦ ਸ਼ਕਤੀ ਬਹੁਤ ਤੇਜ਼ ਸੀ। ਇੱਥੋਂ ਤਕ ਕਿ ਚਾਰ ਸਾਲ ਦੀ ਉਮਰ ਵਿਚ ਹੀ ਆਪ ਜੀ ਨੇ ਨਿੱਤਨੇਮ ਦੀਆਂ ਬਾਣੀਆਂ ਅਤੇ ਗੁਰਬਾਣੀ ਦੇ ਅਨੇਕ ਸ਼ਬਦ ਵੀ ਕੰਠ ਕਰ ਲਏ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕਈ-ਕਈ ਘੰਟੇ ਪਰਮਾਤਮਾ ਦੀ ਲਗਨ ਵਿਚ ਜੁੜੇ ਰਹਿੰਦੇ ਸਨ। ਇਸ ਤੋਂ ਵੀ ਜ਼ਿਆਦਾ ਇਹ ਹੈ ਕਿ ਜਦੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸੰਗਤ ਨੂੰ ਉਪਦੇਸ਼ ਦਿੰਦੇ ਸਨ ਤਾਂ ਆਪ ਹਮੇਸ਼ਾਂ ਗੁਰੂ-ਪਿਤਾ ਦੇ ਨਾਲ ਬੈਠ ਕੇ ਉਨ੍ਹਾਂ ਦੇ ਵਿਚਾਰ ਸਰਵਣ ਕਰਦੇ ਸਨ।

ਜਦੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਆਪਣੇ ਦਵਾਖ਼ਾਨੇ ਵਿਚ ਜਾ ਕੇ ਰੋਗੀਆਂ ਦਾ ਇਲਾਜ ਕਰ ਰਹੇ ਹੁੰਦੇ ਤਾਂ ਬਾਲਾ ਪ੍ਰੀਤਮ ਵੀ ਗੁਰੂ-ਪਿਤਾ ਦੇ ਕੰਮ 'ਚ ਹੱਥ ਵਟਾਉਂਦੇ ਸਨ। ਕਈ ਰੋਗੀ ਤਾਂ ਉਨ੍ਹਾਂ ਦੇ ਕੋਮਲ ਹੱਥਾਂ ਦੀ ਛੋਹ ਪ੍ਰਾਪਤ ਕਰ ਕੇ ਅਤੇ ਉਨ੍ਹਾਂ ਦੇ ਮਿੱਠੇ ਬਚਨ ਸੁਣ ਕੇ ਹੀ ਰੋਗ-ਮੁਕਤ ਹੋ ਜਾਂਦੇ ਸਨ।

** #੪੦੨-ਈ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ। ਮੋ. ੯੪੧੭੦-੦੧੯੮੩*

ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਦਾਰਾ ਸ਼ਿਕੋਹ ਜੋ ਔਰੰਗਜ਼ੇਬ ਦਾ ਵੱਡਾ ਭਰਾ ਸੀ, ਉਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਸਤਿਕਾਰ ਕਰਦਾ ਸੀ। ਇਹ ਗੱਲ ੧੬੬੦ ਈ. ਦੇ ਆਖੀਰ ਜਾਂ ੧੬੬੧ ਈ. ਦੇ ਸ਼ੁਰੂ ਮਹੀਨਿਆਂ ਦੀ ਹੈ ਜਦੋਂ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਉਨ੍ਹਾਂ ਆਪਣੀ ਥਾਂ ਬਾਬਾ ਰਾਮਰਾਏ ਨੂੰ ਭੇਜਿਆ। ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਕਿ ਕੋਈ ਵੀ ਗੱਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਦੇ ਉਲਟ ਨਹੀਂ ਕਹਿਣੀ। ਸ੍ਰੀ ਗੁਰੂ ਨਾਨਕ ਦੇਵ ਜੀ ਤੁਹਾਡੇ ਅੰਗ-ਸੰਗ ਹਨ। 'ਮਹਿਮਾ ਪ੍ਰਕਾਸ਼' 'ਚ ਇਹ ਦਰਜ ਹੈ:

*ਤੁਮਾਰਾ ਬਚਨ ਸੁਫਲ ਸਭ ਹੋਏ। ਤੁਮ ਸਮਾਨ ਬਲੀ ਨਹੀਂ ਕੋਏ।*
*ਜੋ ਪੂਛੇ ਸੋ ਸਤ ਕਹਿ ਦੀਜੇ। ਕਛੁ ਕਰਾਮਾਤ ਪ੍ਰਗਟ ਨਹੀਂ ਕੀਜੇ।*

*(ਸਾਖੀ ਨੰਬਰ ੧੮)*

ਬਾਬਾ ਰਾਮਰਾਏ ਦੇ ਦਿੱਲੀ ਪਹੁੰਚਣ 'ਤੇ ਔਰੰਗਜ਼ੇਬ ਨੇ ਚੰਗੀ ਆਉ-ਭਗਤ ਕੀਤੀ। ਬਾਦਸ਼ਾਹ ਦੀ ਖੁਸ਼ਾਮਦ ਦੀ ਖ਼ਾਤਰ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਤੁਕ 'ਮਿਟੀ ਮੁਸਲਮਾਨ ਕੀ' ਬਦਲ ਦਿੱਤੀ। ਇਸ ਕਾਰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਉਸ ਨੂੰ ਤਿਆਗ ਦੇ ਦਿੱਤਾ ਅਤੇ ਮੱਥੇ ਲਾਉਣੋ ਨਾਂਹ ਕਰ ਦਿੱਤੀ।

ਅਜੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ੩੧ ਵਰ੍ਹਿਆਂ ਦੇ ਹੋਏ ਸਨ ਅਤੇ ਉਹ ਇਹ ਵੀ ਜਾਣਦੇ ਸਨ ਕਿ ਉਨ੍ਹਾਂ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਨਜ਼ਦੀਕ ਆ ਗਿਆ ਹੈ, ਤਾਂ ਉਨ੍ਹਾਂ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਿਆਈ ਦੇ ਯੋਗ ਸਮਝ ਕੇ ਸਭ ਸਿੱਖ-ਸੰਗਤ ਨੂੰ ਆਗਿਆ ਕੀਤੀ ਕਿ ਸਾਡੇ ਮਗਰੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰੰਕਾਰੀ ਜੋਤ ਸ੍ਰੀ ਹਰਿਕ੍ਰਿਸ਼ਨ ਸਾਹਿਬ ਵਿਚ ਬਿਰਾਜਮਾਨ ਹੋਵੇਗੀ ਅਤੇ ਸੰਸਾਰ ਦੇ ਜੀਵਾਂ ਨੂੰ ਰੱਬੀ ਗਿਆਨ ਦੇਵੇਗੀ। ਇਸ ਤਰ੍ਹਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸੰਗਤ ਨੂੰ ਹੁਕਮ ਕੀਤਾ ਕਿ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਹੀ ਗੁਰੂ ਸਮਝਣਾ ਅਤੇ ਰਾਮਰਾਏ ਦੀਆਂ ਚਾਲਾਂ ਤੋਂ ਬਚ ਕੇ ਰਹਿਣਾ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਅਗਲੇ ਦਿਨ ਕੱਤਕ ਵਦੀ ੧੦ (੬ ਕੱਤਕ) ਸੰਮਤ ੧੭੧੮, ਮੁਤਾਬਿਕ ੭ ਅਕਤੂਬਰ, ੧੬੬੧ ਨੂੰ ਸੋਮਵਾਰ ਦੇ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਿਆਈ-ਆਸੀਨ ਕਰਵਾਇਆ ਗਿਆ। ਉਸ ਵੇਲੇ ਆਪ ਜੀ ਦੀ ਆਯੂ ਕੇਵਲ ੫ ਸਾਲ ੨ ਮਹੀਨੇ ਅਤੇ ੧੬ ਦਿਨ ਸੀ। ਪਰ, ਆਪ ਜੀ ਵਿਚ ਜੋਤ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੰਮ ਕਰ ਰਹੀ ਸੀ। ਬਾਲਾ ਪ੍ਰੀਤਮ ਸੰਗਤ ਨੂੰ ਗੁਰੂ-ਆਸ਼ੇ ਬਾਰੇ ਉਪਦੇਸ਼ ਦਿੰਦੇ, ਉਨ੍ਹਾਂ ਦੇ ਸ਼ੰਕੇ ਨਵਿਰਤ ਕਰਦੇ ਅਤੇ ਨਾਮ-ਦਾਨ ਬਖਸ਼ ਕੇ ਨਿਹਾਲ ਕਰਦੇ ਸਨ। ਆਪ ਨੇ ਗੁਰਸਿੱਖੀ ਦੇ ਪ੍ਰਚਾਰ ਤੇ ਵਾਧੇ ਲਈ ਹਰ ਪਾਸੇ ਪ੍ਰਚਾਰਕ ਭੇਜੇ ਸਨ।

ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਮਿਲੀ ਤਾਂ ਉਦੋਂ ਰਾਮਰਾਏ ਦਿੱਲੀ ਬਾਦਸ਼ਾਹ ਦੇ ਦਰਬਾਰ ਵਿਚ ਸੀ। ਉਸ ਨੂੰ ਬਹੁਤ ਮਹਿਸੂਸ ਹੋਇਆ ਕਿਉਂਕਿ ਉਹ ਸਮਝਦਾ ਸੀ ਗੁਰਿਆਈ 'ਤੇ ਮੇਰਾ ਹੱਕ ਹੈ ਤੇ ਉਹ ਮਸੰਦਾਂ ਨਾਲ ਗੰਢ-ਤੁਪ ਕਰ ਕੇ ਗੁਰੂ ਬਣ ਬੈਠਾ। ਜਦੋਂ ਉਸ ਦੀ ਕੋਈ ਪੇਸ਼ ਨਾ ਗਈ ਤਾਂ ਉਸ ਨੇ ਬਾਦਸ਼ਾਹ ਪਾਸ ਇਕ ਅਰਜ਼ੀ ਦਿੱਤੀ ਤੇ ਕਿਹਾ, "ਮੈਂ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਵੱਡਾ ਪੁੱਤ ਹਾਂ ਤੇ ਗੁਰਿਆਈ ਮੈਨੂੰ ਮਿਲਣੀ ਚਾਹੀਦੀ ਹੈ, ਇਹ ਮੇਰਾ ਹੱਕ ਹੈ। ਪਰ, ਮੇਰਾ ਹੱਕ ਮਾਰ ਕੇ ਮੇਰੇ ਛੋਟੇ ਭਰਾ ਨੂੰ ਗੁਰੂ ਬਣਾ ਦਿੱਤਾ ਗਿਆ ਹੈ। ਉਸ ਨੂੰ ਇੱਥੇ ਤਲਬ ਕੀਤਾ ਜਾਵੇ ਅਤੇ ਮੇਰਾ ਹੱਕ ਮੈਨੂੰ ਦਿਵਾਇਆ ਜਾਵੇ।"

ਔਰੰਗਜ਼ੇਬ ਨੇ ਇਹ ਸੋਚਿਆ ਕਿ ਗੁਰੂ ਜੀ ਸ਼ਾਹੀ ਸੱਦਾ ਮੰਨ ਕੇ ਨਹੀਂ ਆਉਣ ਲੱਗੇ। ਉਸ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਕਿਹਾ ਕਿ ਉਹ ਗੁਰੂ ਸਾਹਿਬ ਨੂੰ ਆਪਣੇ ਘਰ ਬੁਲਾਉਣ ਤੇ ਰਾਜਾ ਜੈ ਸਿੰਘ ਨੇ ਇਸ ਤਰ੍ਹਾਂ ਹੀ ਕੀਤਾ। ਦਿੱਲੀ ਦੇ ਸਿੱਖਾਂ ਦੀ ਚਿੱਠੀ ਪੜ੍ਹ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕਿਹਾ, "ਜਿੱਥੇ ਸੰਗਤ ਯਾਦ ਕਰੇਗੀ, ਓਥੇ ਅਸੀਂ ਜ਼ਰੂਰ ਪੁੱਜਾਂਗੇ।"

ਬਹੁਤ ਸਾਰੀ ਸੰਗਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨਾਲ ਦਿੱਲੀ ਜਾਣ ਲਈ ਤਿਆਰ ਹੋ ਗਈ। ਪਰ, ਅੰਬਾਲੇ ਪਾਸ ਪੰਜੋਖਰੇ ਪਿੰਡ ਪਹੁੰਚ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੀ ਨੇ ਸਾਰੀ ਸੰਗਤ ਵਾਪਸ ਭੇਜ ਦਿੱਤੀ। ਹਜ਼ੂਰੀ ਸੰਗਤ ਤੇ ਪਰਵਾਰ ਹੀ ਨਾਲ ਗਏ ਸਨ। ਇੱਥੇ ਹੀ ਇਕ ਹੰਕਾਰੀ ਬ੍ਰਾਹਮਣ ਲਾਲ ਚੰਦ ਨੂੰ ਸਿੱਧੇ ਰਸਤੇ ਪਾਇਆ। ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਛੱਜੂ ਜੋ ਅਨਪੜ੍ਹ ਅਤੇ ਅਸਾਧਰਨ ਮਨੁੱਖ ਸੀ, ਉਸ ਪਾਸੋਂ ਵੀ ਗੀਤਾ ਦੇ ਔਖੇ ਤੋਂ ਔਖੇ ਵਾਕਾਂ ਦੇ ਅਰਥ ਕਰਵਾਏ।

ਸਤਿਨਾਮ ਦਾ ਉਪਦੇਸ਼ ਦਿੰਦੇ ਹੋਏ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਪਹੁੰਚ ਗਏ ਅਤੇ ਰਾਜਾ ਜੈ ਸਿੰਘ ਦੇ ਬੰਗਲੇ ਨੂੰ ਭਾਗ ਲਾਏ ਸਨ, ਜਿੱਥੇ ਅੱਜ ਗੁਰਦੁਆਰਾ 'ਬੰਗਲਾ ਸਾਹਿਬ' ਬਣਿਆ ਹੋਇਆ ਹੈ।

ਔਰੰਗਜ਼ੇਬ ਨੇ ਆਪ ਮਿਲਣ ਦੀ ਇੱਛਾ ਪ੍ਰਗਟ ਕੀਤੀ। ਪਰ, ਗੁਰੂ ਜੀ ਨੇ ਕਿਹਾ ਕਿ ਬਾਦਸ਼ਾਹ ਕੋਲੋਂ ਅਸੀਂ ਕੀ ਲੈਣਾ ਹੈ? ਅਸੀਂ ਤਾਂ ਸਤਿਨਾਮੁ ਦਾ ਉਪਦੇਸ਼ ਦਿੰਦੇ ਹਾਂ। ਮੇਰਾ ਵੱਡਾ ਭਰਾ ਤੁਹਾਡੇ ਪਾਸ ਹੈ, ਰਾਜਸੀ ਮਾਮਲਿਆਂ ਬਾਰੇ ਉਸ ਨਾਲ ਗੱਲ ਕਰ ਸਕਦੇ ਹੋ। ਫਿਰ ਅਗਲੀ ਸਵੇਰ ਔਰੰਗਜ਼ੇਬ ਦਾ ਸ਼ਾਹਜ਼ਾਦਾ ਆਇਆ। ਉਹ ਗੁਰੂ ਜੀ ਦੇ ਉਪਦੇਸ਼ ਸੁਣ ਕੇ ਨਿਹਾਲ ਹੋ ਗਿਆ। ਜਦ ਉਸ ਨੇ ਗੁਰਿਆਈ ਬਾਰੇ ਰਾਮਰਾਏ ਦੇ ਦਾਅਵੇ ਦੀ ਗੱਲ ਕੀਤੀ ਤਾਂ ਆਪ ਨੇ ਬਾਦਸ਼ਾਹ ਨੂੰ ਇਹ ਕਹਿ ਕਿ ਭੇਜਿਆ, 'ਗੁਰਿਆਈ ਵਿਰਾਸਤ ਜਾਂ ਜੱਦੀ ਜਾਇਦਾਦ ਨਹੀਂ ਹੈ, ਸ੍ਰੀ ਗੁਰੂ

ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਸੇਵਕ ਸਿੱਖ ਨੂੰ ਗੁਰਿਆਈ ਬਖਸ਼ੀ ਸੀ। ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਆਪਣੇ ਪੁੱਤਰਾਂ ਨੂੰ ਗੁਰਿਆਈ ਨਹੀਂ ਸੀ ਬਖਸ਼ੀ । ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਵੱਡੇ ਦੋ ਪੁੱਤਰਾਂ ਨੂੰ ਛੱਡ ਕੇ ਛੋਟੇ ਪੁੱਤਰ ਨੂੰ ਗੁਰਿਆਈ ਬਖਸ਼ੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੁੱਤਰਾਂ ਤੇ ਵੱਡੇ ਪੋਤਰੇ ਨੂੰ ਛੱਡ ਕੇ ਛੋਟੇ ਪੋਤਰੇ ਨੂੰ ਗੁਰਿਆਈ ਲਈ ਚੁਣਿਆ ਸੀ। ਇਸੇ ਤਰ੍ਹਾਂ ਹੀ ਗੁਰੂ-ਪਿਤਾ ਨੇ ਵੱਡੇ ਨੂੰ ਛੱਡ ਕੇ ਛੋਟੇ ਪੁੱਤਰ ਨੂੰ ਗੁਰਿਆਈ ਲਈ ਚੁਣਿਆ। ਇਹ ਗੱਲ ਤਾਂ ਕੋਈ ਸਿੱਖ ਵੀ ਨਹੀਂ ਜਰ ਸਕਦਾ ਕਿ ਗੁਰਬਾਣੀ ਦੀ ਤੁਕ ਹੀ ਬਦਲ ਦਿੱਤੀ ਜਾਵੇ। ਗੁਰਬਾਣੀ ਵਿਚ ਆਉਂਦਾ ਹੈ- 'ਮਿਟੀ ਮੁਸਲਮਾਨ ਕੀ' ਨਾ ਕਿ 'ਮਿਟੀ ਬੇਈਮਾਨ ਕੀ।' ਇਸ ਵਿਚ ਕੋਈ ਵਧੀਕੀ ਜਾਂ ਧੱਕਾ ਨਹੀਂ, ਕੋਈ ਬੇਇਨਸਾਫ਼ੀ ਨਹੀਂ, ਰਾਮਰਾਏ ਦਾ ਦਾਹਵਾ ਝੂਠਾ ਹੈ।'

ਬਾਦਸ਼ਾਹ ਇਹ ਜਾਣ ਗਿਆ ਸੀ ਕਿ ਰਾਮਰਾਏ ਦਾ ਦਾਹਵਾ ਝੂਠਾ ਹੈ। ਫਿਰ ਵੀ ਉਸ ਨੇ ਰਾਜਾ ਜੈ ਸਿੰਘ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਕਰਾਮਾਤੀ ਸ਼ਕਤੀ ਦੀ ਪਰਖ ਕਰਨ ਲਈ ਕਿਹਾ। ਰਾਜਾ ਜੈ ਸਿੰਘ ਆਪਣੇ ਮਹਿਲਾਂ ਵਿਚ ਗੁਰੂ ਜੀ ਨੂੰ ਲੈ ਗਏ। ਗੁਰੂ ਜੀ ਕੀ ਦੇਖਦੇ ਹਨ ਕਿ ਸਾਰੀਆਂ ਇਸਤਰੀਆਂ ਨੇ ਇੱਕੋ ਜਿਹੇ ਵਸਤਰ ਪਾਏ ਹੋਏ ਸਨ। ਗੁਰੂ ਜੀ ਨੂੰ ਕਿਹਾ ਗਿਆ ਕਿ ਆਪ ਇਨ੍ਹਾਂ ਵਿੱਚੋਂ ਪਟਰਾਣੀ ਨੂੰ ਪਛਾਣੋ। ਗੁਰੂ ਜੀ ਨੇ ਵਾਰੀ-ਵਾਰੀ ਆਪਣੀ ਸੋਟੀ ਹਰੇਕ ਦੇ ਸਿਰ 'ਤੇ ਲਗਾਈ ਅਤੇ ਗਹੁ ਨਾਲ ਦੇਖਦੇ ਗਏ। ਅੰਤ ਗੁਰੂ ਜੀ ਨੇ ਪਟਰਾਣੀ ਦੀ ਪਛਾਣ ਕਰ ਲਈ।

ਔਰੰਗਜ਼ੇਬ ਨੇ ਕਿਹਾ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਿਆਈ ਦੀ ਠੀਕ ਚੋਣ ਕੀਤੀ ਹੈ। ਉਸ ਨੇ ਰਾਮਰਾਏ ਦੀ ਅਰਜ਼ੀ ਖਾਰਜ ਕਰ ਦਿੱਤੀ ਅਤੇ ਕਿਹਾ, "ਹਕੂਮਤ ਕਿਸੇ ਨੂੰ ਗੁਰਿਆਈ ਨਹੀਂ ਦਿਵਾ ਸਕਦੀ। ਜੋ ਚੋਣ ਸਤਵੇਂ ਪਾਤਸ਼ਾਹ ਕਰ ਗਏ ਹਨ, ਉਸ ਨੂੰ ਬਦਲਣਾ ਸਾਡੇ ਵੱਸ ਦੀ ਗੱਲ ਨਹੀਂ।"

ਅਜੋਕੇ ਸਮਾਜ ਵਿਚ ਸਾਨੂੰ ਇਸ ਗੁਰਿਆਈ ਦਿਵਸ ਤੋਂ ਇਹ ਸਿੱਖਿਆ ਲੈਣੀ ਚਾਹੀਦੀ ਹੈ ਕਿ ਹਰ ਇਕ ਦੇ ਮਨ 'ਚ ਮਨੁੱਖੀ ਸੇਵਾ ਦੀ ਭਾਵਨਾ ਹੋਣੀ ਚਾਹੀਦੀ ਹੈ। ਗੁਰਬਾਣੀ ਤਾਂ ਮਨੁੱਖੀ ਕਦਰਾਂ-ਕੀਮਤਾਂ ਦਾ ਖ਼ਜ਼ਾਨਾ ਹੈ। ਸੋ ਸਾਨੂੰ ਸਭ ਨੂੰ ਗੁਰਬਾਣੀ ਦੇ ਅਨੁਕੂਲ ਹੀ ਆਪਣਾ ਜੀਵਨ ਢਾਲਣਾ ਚਾਹੀਦਾ ਹੈ।

■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਕਿਰਤੀ ਦਾ ਮਹੱਤਵ

*-ਬੀਬੀ ਪ੍ਰਕਾਸ਼ ਕੌਰ**

ਪ੍ਰਕਿਰਤੀ ਨੂੰ ਸਾਰੀ ਸ੍ਰਿਸ਼ਟੀ ਦੀ ਰਚਨਾ ਦਾ ਮੂਲ-ਸ੍ਰੋਤ ਮੰਨਿਆ ਗਿਆ ਹੈ। ਮਨੁੱਖ ਵੀ ਇਸ ਸ੍ਰਿਸ਼ਟੀ ਰਚਨਾ ਦਾ ਹੀ ਇਕ ਅੰਗ ਹੈ। ਕਾਦਰ ਨੇ ਪਹਿਲਾਂ ਪ੍ਰਕਿਰਤੀ ਦੀ ਸਾਜਨਾ ਕੀਤੀ, ਉਸ ਤੋਂ ਉਪਰੰਤ ਮਨੁੱਖੀ ਜੀਵਨ ਦਾ ਅਰੰਭ ਹੋਇਆ। ਮਨੁੱਖ ਅਤੇ ਪ੍ਰਕ੍ਰਿਤੀ ਦਾ ਆਪਸ ਵਿਚ ਗੂੜਾ ਸੰਬੰਧ ਹੈ। ਮਨੁੱਖ ਵਿਚ ਬੌਧਿਕ ਗੁਣ ਪ੍ਰਬਲ ਹੋਣ ਕਾਰਨ ਸਾਰੀ ਸ੍ਰਿਸ਼ਟੀ ਦਾ ਕੇਂਦਰ ਬਿੰਦੂ ਹੈ। ਸਾਰੀ ਸ੍ਰਿਸ਼ਟੀ ਉੱਤੇ ਮਨੁੱਖ ਦੀ ਹੀ ਸਰਦਾਰੀ ਹੈ। ਗੁਰੂ ਸਾਹਿਬ ਜੀ ਨੇ ਫੁਰਮਾਇਆ ਹੈ- *ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥*

'ਪ੍ਰਕ੍ਰਿਤੀ' ਸ਼ਬਦ ਸੰਸਕ੍ਰਿਤ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਕੁਦਰਤ, ਮਾਇਆ, ਕੁਦਰਤ ਦਾ ਕਨੂੰਨੀ ਢਾਂਚਾ। ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਧਰਮ ਗ੍ਰੰਥ ਹੈ ਜਿਸ ਵਿਚ ਸ੍ਰਿਸ਼ਟੀ ਦੀ ਵਿਸ਼ਾਲਤਾ ਅਤੇ ਬੇਅੰਤਤਾ ਨੂੰ ਦਰਸਾਇਆ ਗਿਆ ਹੈ। ਪ੍ਰਕਿਰਤੀ ਦੇ ਕਣ-ਕਣ ਤੋਂ ਲੈ ਕੇ ਮਨੁੱਖ ਦੇ ਰੋਮ-ਰੋਮ ਤਕ ਪ੍ਰਕਿਰਤੀ ਦੀ ਇਹ ਹੋਂਦ-ਹਸਤੀ ਅਤੇ ਸ਼ਕਤੀ ਵਿਦਿਮਾਨ ਹੈ। ਜਿਨ੍ਹਾਂ ਪੰਜਾ ਤੱਤਾਂ ਤੋਂ ਸ੍ਰਿਸ਼ਟੀ ਰਚੀ ਗਈ ਹੈ, ਉਹ ਪੰਜ ਤੱਤਾਂ ਤੋਂ ਹੀ ਮਨੁੱਖੀ ਸਰੀਰ ਦਾ ਗਠਨ ਹੋਇਆ ਹੈ:-

*-ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਸੋ ਗੁਰਬਾਣੀ ਸਾਨੂੰ ਸਪੱਸ਼ਟ ਕਰਦੀ ਹੈ ਕਿ ਇਨ੍ਹਾਂ ਪੰਜਾਂ ਤੱਤਾਂ ਦੁਆਰਾ ਹੀ ਅਕਾਲ ਪੁਰਖ ਨੇ ਸਾਰੀ ਸ੍ਰਿਸ਼ਟੀ ਸਾਜੀ ਹੈ। ਇਨ੍ਹਾਂ ਵਿਚ ਛੇਵਾਂ ਤੱਤ ਨਹੀਂ ਰਲਾਇਆ ਜਾ ਸਕਦਾ। ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ:

*ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੬)*

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਵਿਚ ਪਉਣ, ਪਾਣੀ ਦਾ ਸਭ ਤੋਂ ਵੱਧ ਮਹੱਤਵਪੂਰਨ ਯੋਗਦਾਨ ਮੰਨਿਆ ਗਿਆ ਹੈ। ਗੁਰੂ ਸਾਹਿਬ ਜੀ ਦੇ ਗੁਰਬਾਣੀ ਦੇ ਮਹਾਂਵਾਕ ਹਨ:

*-ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੬)*

*੮੬, ਟੈਗੋਰ ਨਗਰ, ਜਲੰਧਰ-੧੪੪੦੦੧, ਮੋ: ੯੮੮੮੧-੮੬੦੮੬

*-ਪਹਿਲਾ ਪਾਣੀ ਜਿਉ ਹੈ ਜਿਤੁ ਹਰਿਆ ਸਭੁ ਕੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੨)*

ਪਰਮਾਤਮਾ (ਕਾਦਰ) ਦੀ ਕਿਰਤ-ਇਹ ਪ੍ਰਕਿਰਤੀ ਕੁਦਰਤ ਦੇ ਇਕ ਨਿਯਮਬੱਧ ਰੂਪ ਵਿਚ ਕੰਮ ਕਰਦੀ ਹੈ। ਸੂਰਜ, ਚੰਦ ਤੇ ਤਾਰੇ ਆਦਿ ਕੁਦਰਤ ਦੇ ਨਿਯਮਾਂ ਅਨੁਸਾਰ ਹੀ ਪੈਦਾ ਹੋਏ ਹਨ। ਨਿਯਮ ਵਿਚ ਬੱਧੇ ਹੀ ਸਾਰੇ ਕੰਮ ਕਰਦੇ ਹਨ:

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

ਸਾਰੀ ਪ੍ਰਕਿਰਤੀ *ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ* ਦੇ ਮਹਾਂਵਾਕ ਅਨੁਸਾਰ ਅਕਾਲ ਪੁਰਖ ਦੇ ਹੁਕਮ ਵਿਚ ਬੱਧੀ ਹੋਈ ਹੈ।

ਗੁਰਬਾਣੀ ਵੀ ਮਨੁੱਖ ਨੂੰ ਪ੍ਰਕਿਰਤੀ ਨਾਲ ਇਕਮਿਕ ਹੋ ਕੇ ਚੱਲਣ ਲਈ ਪ੍ਰੇਰਦੀ ਹੈ। ਮਨੁੱਖ ਇਸ ਪ੍ਰਕਿਰਤੀ ਦਾ ਕੇਂਦਰ ਬਿੰਦੂ ਹੈ ਅਤੇ ਉਸ ਕਾਦਰ ਦੀ ਕੁਦਰਤ ਦਾ ਸੁੰਦਰ, ਅਨਿੱਖੜਵਾਂ ਅਤੇ ਮਹੱਤਵਪੂਰਨ ਅੰਗ ਹੈ। ਦਿਨ-ਰਾਤ, ਗਰਮੀ-ਸਰਦੀ, ਖੁਸ਼ੀ-ਗ਼ਮੀ, ਸੁਖ-ਦੁਖ ਇਹ ਸਭ ਕੁਦਰਤ ਦਾ ਹੀ ਪ੍ਰਗਟਾਵਾ ਹੈ, ਇਹ ਮਨੁੱਖਤਾ ਲਈ ਕੁਦਰਤੀ ਅਤੇ ਇਲਾਹੀ ਵਿਰਾਸਤ ਹੈ। ਮਨੁੱਖ ਨੇ ਇਸ ਵਿਚ ਹੀ ਜੀਵਨ ਬਤੀਤ ਕਰਨਾ ਹੈ। ਮਨੁੱਖ ਵੀ ਪ੍ਰਕ੍ਰਿਤੀ ਰਾਹੀਂ ਉਸ ਅਕਾਲ ਪੁਰਖ ਤੀਕ ਪਹੁੰਚ ਸਕਦਾ ਹੈ।

ਸਾਰੀ ਪ੍ਰਕ੍ਰਿਤੀ ਦੀ ਹਰ ਅੰਗ ਅਤੇ ਹਰ ਸ਼ਕਤੀ ਕੁਦਰਤ ਦੇ ਵਿਧੀ-ਵਿਧਾਨ ਅਨੁਸਾਰ ਹੀ ਕੰਮ ਕਰਦੀ ਹੈ ਤੇ ਉਸ ਦੇ ਹੁਕਮ ਵਿਚ ਹੀ ਤੁਰ ਰਹੀ ਹੈ। ਸੂਰਜ ਅਤੇ ਚੰਦ ਵਰਗੇ ਵੱਡੇ-ਵੱਡੇ ਆਕਾਰ ਉਸ ਦੇ ਭੈਅ ਵਿਚ ਚੱਲ ਰਹੇ ਹਨ। ਇਨ੍ਹਾਂ ਦੇ ਕੰਮ ਵਿਚ ਅਸਚਰਜ ਕਰਨ ਵਾਲਾ ਸਹਿਯੋਗ ਜਾਬਤਾ ਤੇ ਸੰਤੁਲਨ ਹੈ। ਇਸ ਸੰਤੁਲਨ ਦੇ ਵਿਗੜ ਜਾਣ ਕਾਰਨ ਸਰਬਨਾਸ਼ ਹੋ ਸਕਦਾ ਹੈ। ਜੇ ਮਨੁੱਖ ਦੇ ਬਾਹਰਲੇ ਜਗਤ ਤੋਂ ਇਲਾਵਾ ਮਨੁੱਖ ਦੇ ਸਰੀਰ ਦਾ ਅੰਦਰਲਾ ਜਗਤ ਵੀ ਕੁਦਰਤ ਹੀ ਚਲਾ ਰਹੀ ਹੈ। ਜੇ ਸਰੀਰ ਵਿਚ ਵਿਗਾੜ ਪੈ ਜਾਵੇ ਤਾਂ ਪ੍ਰਕ੍ਰਿਤੀ ਵਿੱਚੋਂ ਹੀ ਦਵਾ-ਦਾਰੂ ਤਿਆਰ ਹੁੰਦੀ ਹੈ। ਇਹ ਕੁਦਰਤ ਦੇ ਹੀ ਗੁਣ ਹਨ।

ਮਨੁੱਖ ਆਦਿ ਕਾਲ ਤੋਂ ਕੁਦਰਤ ਦੇ ਭੇਦ ਜਾਣਨ, ਕੁਦਰਤੀ ਸ਼ਕਤੀਆਂ ਦੇ ਪ੍ਰਯੋਗ ਆਪਣੇ ਭਾਂਤ-ਭਾਂਤ ਦੇ ਹਿੱਤਾਂ ਦੀ ਪੂਰਤੀ ਲਈ ਅਨੇਕ ਪ੍ਰਕਾਰ ਦੇ ਯਤਨ, ਤਜ਼ਰਬੇ ਕਰ ਰਿਹਾ ਹੈ। ਪਰ ਇਸ ਦਾ ਅੰਤ ਸਰਬਨਾਸ਼ ਹੁੰਦਾ ਰਿਹਾ ਹੈ, ਕੁਦਰਤ ਮੁੜ ਆਪਣੀ ਖੇਡ ਖੇਡਦੀ ਹੈ ਅਤੇ ਇਨ੍ਹਾਂ ਪੰਜ ਤੱਤਾਂ ਤੋਂ ਹੀ ਸ੍ਰਿਸ਼ਟੀ ਦੀ ਫਿਰ ਸਿਰਜਣਾ ਹੁੰਦੀ ਹੈ:

*ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੬)*

ਅਕਾਲ ਪੁਰਖ ਹੀ ਸ੍ਰਿਸ਼ਟੀ ਦਾ ਕਰਤਾ, ਭਰਤਾ ਅਤੇ ਹਰਤਾ ਹੈ। ਜਦੋਂ ਵੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ, ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਹੋਈ ਹੈ। ਮਨੁੱਖ ਦੇ ਹੱਥ ਵਿਚ ਕੁਝ ਵੀ ਨਹੀਂ ਹੈ। ਅਕਾਲ ਪੁਰਖ ਹੀ ਘੜ੍ਹਨ, ਭੰਜਨ ਸਮਰੱਥ ਹੈ। ਬਾਣੀ ਵਿਚ ਫ਼ੁਰਮਾਨ ਹੈ:

*ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥*

*ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥੧॥*
*ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥*
*ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ॥੧॥ਰਹਾਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੬)*

ਗੁਰੂ ਸਾਹਿਬ ਜੀ ਸਮਝਾਉਂਦੇ ਹਨ ਕਿ ਓਅੰਕਾਰ ਨੇ ਹੀ ਬ੍ਰਹਮਾ ਨੂੰ ਪੈਦਾ ਕੀਤਾ ਹੈ ਅਤੇ ਚਾਰੇ ਜੁਗ, ਖਾਣੀਆਂ, ਬਾਣੀਆਂ ਅਤੇ ਚਾਰੇ ਵੇਦ ਵੀ ਓਅੰਕਾਰ ਨੇ ਹੀ ਪੈਦਾ ਕੀਤੇ ਹਨ। ਗੁਰਬਾਣੀ ਵਿਚ ਦੱਸਿਆ ਗਿਆ ਹੈ ਕਿ:

*ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੯)*

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਕਾਦਰ ਨੂੰ ਕਿਸੇ ਨਾ ਹੀ ਵੇਖਿਆ ਹੈ ਅਤੇ ਨਾ ਹੀ ਉਸ ਦੀ ਗਤਹ ਸ਼ਕਤੀ ਦਾ ਹੀ ਕੋਈ ਅਨੁਮਾਨ ਲਗਾ ਸਕਦਾ ਹੈ ਪਰ ਕਾਦਰ ਨੂੰ ਕੁਦਰਤ ਦੇ ਵਿਸ਼ਾਲ ਪਸਾਰੇ ਵਿੱਚੋਂ ਹੀ ਵੇਖਿਆ ਜਾ ਸਕਦਾ ਹੈ ਜਾਂ ਸਮਝਿਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਕਾਦਰ ਦੀ ਕੁਦਰਤ-ਪ੍ਰਕ੍ਰਿਤੀ-ਸ੍ਰਿਸ਼ਟੀ ਦੀ ਸਿਰਜਣਾ ਕਰਨ ਤੋਂ ਪਹਿਲਾਂ ਦੇ ਹਾਲਾਤ ਬਾਰੇ ਵੀ ਲੋਕਾਈ ਨੂੰ ਜਾਣੂ ਕਰਾਉਂਦੇ ਹਨ। ਪਰ ਵਿਗਿਆਨ ਅਜੇ ਤੀਕ ਉੱਥੇ ਪਹੁੰਚ ਹੀ ਨਹੀਂ ਸਕਿਆ। ਵੱਖ-ਵੱਖ ਧਰਮਾਂ ਦੇ ਰਹਿਬਰਾਂ ਨੇ ਵੀ ਮੰਨਿਆ ਹੈ ਕਿ ਸਾਰੀ ਸ੍ਰਿਸ਼ਟੀ ਤੋਂ ਪਹਿਲਾਂ ਵੀ ਉਸ ਪਰਮਾਤਮਾ ਦੀ ਹੋਂਦ-ਹਸਤੀ ਕਾਇਮ ਸੀ। ਗੁਰੂ ਸਾਹਿਬ ਜੀ ਨੇ ਸਪੱਸ਼ਟ ਕੀਤਾ ਹੈ:

*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥੧॥*
*ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੫)*

ਅਕਾਲ ਪੁਰਖ ਨੇ ਮਨੁੱਖ ਨੂੰ ਪੈਦਾ ਕਰਨ ਲਈ ਬਹੁਤ ਵੱਡੀ ਵਿਸ਼ਾਲ ਸ੍ਰਿਸ਼ਟੀ ਰਚੀ ਹੈ। ਮਨੁੱਖ ਦੀਆਂ ਸਭ ਪ੍ਰਕਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੁਦਰਤ ਨੇ ਅਨੇਕ ਤਰ੍ਹਾਂ ਦੀ ਬਨਸਪਤੀ ਪੈਦਾ ਕੀਤੀ ਹੈ। ਸੁਆਸ-ਸੁਆਸ ਮਨੁੱਖ ਦੀ ਪਾਲਣਾ ਕੁਦਰਤ ਹੀ ਕਰ ਰਹੀ ਹੈ। ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਉਸ ਪ੍ਰਭੂ ਉੱਤੇ ਸਬਰ, ਸੰਤੋਖ ਰੱਖੇ ਅਤੇ ਉਸ ਦਾ ਸਤਿਕਾਰ ਕਰੇ ਤੇ ਉਸ ਦੀ ਪ੍ਰਕ੍ਰਿਤੀ ਦੀ ਪਵਿੱਤਰਤਾ ਨੂੰ ਕਾਇਮ ਰੱਖੇ। ਪਰ ਸ੍ਰੇਸ਼ਟ ਬੁੱਧੀ ਵਾਲਾ ਇਨਸਾਨ ਹੀ ਇਸ ਕੁਦਰਤ-ਪ੍ਰਕ੍ਰਿਤੀ ਨੂੰ ਗੰਧਲਾ ਕਰੀ ਜਾ ਰਿਹਾ ਹੈ। ਉਸ ਦੀ ਬੇਕਦਰੀ ਕਾਰਨ ਸਾਰਾ ਵਾਤਾਵਰਨ ਗੰਧਲਾ ਹੋ ਰਿਹਾ ਹੈ। ਸ੍ਰਿਸ਼ਟੀ ਵਿਨਾਸ਼ ਵੱਲ ਜਾ ਰਹੀ ਹੈ। ਇਸ ਸਮੱਸਿਆ ਦਾ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਮੌਜੂਦ ਹੈ। ਸਿਰਫ ਉਸ ਗਿਆਨ ਨੂੰ ਸਮਝਣ ਤੇ ਵਿਚਾਰਨ ਦੀ ਲੋੜ ਹੈ।

■

# ਸਾਕਾ ਪੰਜਾ ਸਾਹਿਬ ਦੇ ਸ਼ਹੀਦ ਭਾਈ ਕਰਮ ਸਿੰਘ-ਭਾਈ ਪਰਤਾਪ ਸਿੰਘ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸਿੱਖ ਇਤਿਹਾਸ ਦਾ ਹਰ ਪੰਨਾ ਸ਼ਹੀਦ ਗੁਰੂ ਸਾਹਿਬਾਨ, ਸਿੰਘਾਂ, ਸਿੰਘਣੀਆਂ, ਸਿਦਕੀਆਂ, ਮਰਜੀਵੜਿਆਂ, ਧਰਮ-ਰੱਖਿਅਕਾਂ, ਦੇਸ਼-ਭਗਤਾਂ, ਕੌਮੀ ਅਤੇ ਕੌਮਾਂਤਰੀ ਇਨਕਲਾਬੀ ਲਹਿਰਾਂ ਦੇ ਸਿਰਜਣਹਾਰਿਆਂ, ਮਹਾਨ ਪਰਉਪਕਾਰੀਆਂ, ਸ਼ਹੀਦ ਭੁਝੰਗੀਆਂ ਅਤੇ ਧਰਮੀਆਂ ਦੇ ਪਵਿੱਤਰ ਖ਼ੂਨ ਨਾਲ ਲਿਖਿਆ ਹੋਇਆ ਹੈ। ਇਨ੍ਹਾਂ ਸ਼ਹੀਦ ਸਿੰਘਾਂ-ਸਿੰਘਣੀਆਂ ਤੇ ਭੁਝੰਗੀਆਂ ਨੇ ਆਪਣੇ ਧਰਮ, ਅਨਧਰਮ, ਦੇਸ਼ ਅਤੇ ਖਾਸ ਕਰਕੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅਲੌਕਿਕ, ਅਸਚਰਜ, ਹੈਰਾਨੀਕੁੰਨ ਅਤੇ ਬੇਜੋੜ ਕੁਰਬਾਨੀਆਂ ਕਰ ਕੇ, ਇਤਿਹਾਸ ਦੇ ਵਹਿਣ ਹੀ ਮੋੜ ਦਿੱਤੇ। ਗੁਰੂ ਸਾਹਿਬਾਨ ਨੇ ਇਕ ਮਹਾਨ, ਵਿਲੱਖਣ ਅਤੇ ਨਿਵੇਕਲਾ ਫ਼ਲਸਫ਼ਾ ਬਖ਼ਸ਼ ਕੇ ਅਤੇ ਆਪ ਉਸ ਮਾਰਗ ਦੇ ਪਾਂਧੀ ਬਣ ਕੇ, ਸ੍ਵੈਮਾਣ ਗੁਆ ਚੁੱਕੀ ਭਾਰਤੀ ਜਨਤਾ ਦੇ ਮਨਾਂ ਵਿੱਚੋਂ ਮੌਤ ਦਾ ਭੈਅ ਕੱਢ ਕੇ, ਕੁਰਬਾਨੀ, ਤਿਆਗ, ਪਰਉਪਕਾਰ, ਗੌਰਵ ਅਤੇ ਗ਼ੈਰਤ ਵਾਲਾ ਅਕਾਲ ਪੁਰਖ ਦੇ ਭਾਣੇ ਵਿਚ ਵਿਚਰਦਿਆਂ ਧਰਮੀ ਜੀਵਨ ਜਿਊਣ ਦਾ ਇਨਕਲਾਬੀ ਰਸਤਾ ਵਿਖਾਇਆ। ਇਹ ਸਿਧਾਂਤ ਸੀ:

*-ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੨)*

*-ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥*
*ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੪)*

ਦੱਰਾ ਖ਼ੈਬਰ ਅਤੇ ਹੋਰ ਰਸਤਿਆਂ ਰਾਹੀਂ ੭੧੨ ਈ. ਤੋਂ ਭਾਰਤ ਉੱਤੇ ਸ਼ੁਰੂ ਹੋਏ ਹਮਲਿਆਂ ਨੂੰ ਰੋਕਿਆ ਹੀ ਨਹੀਂ, ਸਗੋਂ ਉਨ੍ਹਾਂ ਅਜਿੱਤ ਸਮਝੇ ਜਾਂਦੇ ਪਠਾਣਾਂ ਨੂੰ ਨੱਕੀਂ ਚਣੇ ਚਬਾ ਦਿੱਤੇ। ਹਰ ਰੋਜ਼ ਹਰ ਗੁਰਸਿੱਖ ਅਰਦਾਸ ਸਮੇਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਯਾਦ ਕਰ ਕੇ ਸਿਰ ਝੁਕਾਉਂਦਾ ਹੈ ਅਤੇ ਆਤਮਕ ਬਲ ਪ੍ਰਾਪਤ ਕਰਦਾ ਹੈ। ਇਸ ਲੇਖ ਵਿਚ ਸ਼ਹੀਦ ਭਾਈ ਕਰਮ ਸਿੰਘ ਅਤੇ ਭਾਈ ਪਰਤਾਪ ਸਿੰਘ, ਜਿਨ੍ਹਾਂ ਨੂੰ 'ਸਾਕਾ ਪੰਜਾ ਸਾਹਿਬ' ਦੇ ਸ਼ਹੀਦਾਂ ਵਜੋਂ ਯਾਦ ਕੀਤਾ ਜਾਂਦਾ ਹੈ, ਬਾਰੇ ਵਿਚਾਰ ਕਰ ਰਹੇ ਹਾਂ।

ਜਦੋਂ ਵੀ ਕਿਸੇ ਕੌਮ ਨੂੰ ਗ਼ੁਲਾਮ ਅਤੇ ਕਮਜ਼ੋਰ ਕਰਨਾ ਹੋਵੇ ਤਾਂ ਉਸ ਦੇ ਧਰਮ

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮-੦੫੧੦੦.*

ਸਿਧਾਂਤ, ਮਰਯਾਦਾ, ਪਰੰਪਰਾਵਾਂ, ਰਵਾਇਤਾਂ, ਇਤਿਹਾਸ ਅਤੇ ਵਿਰਾਸਤ ਬਾਰੇ ਸ਼ੰਕੇ ਖੜ੍ਹੇ ਕਰ ਕੇ ਭੰਬਲਭੂਸਾ ਪੈਦਾ ਕੀਤਾ ਜਾਂਦਾ ਹੈ ਅਤੇ ਉਸ ਦੇ ਸਰੂਪ ਨੂੰ ਕਰੂਪ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਅੰਗਰੇਜ਼ਾਂ ਨੇ ਪੰਜਾਬ ਤੋਂ ਬਗੈਰ ਸਾਰੇ ਹਿੰਦੁਸਤਾਨ ਉੱਤੇ ਪਹਿਲਾਂ ਈਸਟ ਇੰਡੀਆ ਕੰਪਨੀ ਰਾਹੀਂ ਕਬਜ਼ਾ ਕਰ ਲਿਆ ਸੀ ਅਤੇ ਫਿਰ ਸਿੱਧੇ ਤੌਰ 'ਤੇ (British Crown) ਇੰਗਲੈਂਡ ਦੇ ਬਾਦਸ਼ਾਹ ਦੇ ਅਧੀਨ ਕਰ ਲਿਆ ਸੀ। ਅੰਗਰੇਜ਼ਾਂ ਦਾ ਮਨਸੂਬਾ ਜਿੱਥੇ ਭਾਰਤ ਉੱਤੇ ਰਾਜ ਕਰਨਾ ਸੀ, ਉੱਥੇ ਇਸ ਦਾ ਮੁਕੰਮਲ ਈਸਾਈਕਰਨ ਕਰਨਾ ਵੀ ਸੀ। ਇਸੇ ਤਰ੍ਹਾਂ ਦੀ ਪ੍ਰਕ੍ਰਿਆ ਮੁਗ਼ਲਾਂ ਨੇ ਵੀ ਲੰਮਾ ਸਮਾਂ ਦੇਸ਼ ਦਾ ਇਸਲਾਮੀਕਰਨ ਕਰਨ ਲਈ ਜਾਰੀ ਰੱਖੀ ਸੀ। ਇਸ ਲਈ ਅੰਗਰੇਜ਼ਾਂ ਨੇ ਵੀ ਰਾਜ-ਸ਼ਕਤੀ ਉੱਤੇ ਕਾਬਜ਼ ਹੋਣ ਦੇ ਨਾਲ-ਨਾਲ ਇੱਥੇ ਪਾਦਰੀਆਂ, ਈਸਾਈ ਮਿਸ਼ਨਰੀਆਂ ਰਾਹੀਂ ਧਰਮ-ਤਬਦੀਲੀ ਦਾ ਦੌਰ ਅਰੰਭ ਕੇ ਈਸਾਈਅਤ ਦਾ ਬੋਲਬਾਲਾ ਕਰਨ ਲਈ ਤੇਜ਼ੀ ਨਾਲ ਯਤਨ ਅਰੰਭ ਦਿੱਤੇ ਤਾਂ ਜੋ ਹਿੰਦੁਸਤਾਨ ਨੂੰ ਹਰ ਪੱਖੋਂ ਕਮਜ਼ੋਰ ਕਰ ਕੇ ਪੱਕੇ ਤੌਰ ਉੱਤੇ ਗ਼ੁਲਾਮ ਬਣਾ ਲਿਆ ਜਾਵੇ। ਹਿੰਦੁਸਤਾਨ ਉੱਤੇ ਕਾਬਜ਼ ਹੋਣ ਲਈ ਅੰਗਰੇਜ਼ ਨੂੰ ਕੋਈ ਬਹੁਤਾ ਸੰਘਰਸ਼ ਕਰਨ ਦੀ ਲੋੜ ਨਹੀਂ ਪਈ ਕਿਉਂਕਿ ਇੱਥੇ ਰਾਜ ਕਰਨ ਵਾਲੇ ਹਿੰਦੂ ਅਤੇ ਮੁਸਲਮਾਨ ਰਾਜੇ ਆਪਣੀ ਐਸ਼ੋ-ਇਸ਼ਰਤ ਵਿਚ ਗ਼ਲਤਾਨ ਸਨ। ਦੇਸ਼ ਦੀ ਰਾਜ-ਸ਼ਕਤੀ ਅਤੇ ਸਮਾਜਿਕ ਵਿਵਸਥਾ ਲੀਰੋ-ਲੀਰ ਸੀ। ਪਰੰਤੂ ਪੰਜਾਬ ਉੱਤੇ ਮਹਾਂਬਲੀ ਮਹਾਰਾਜਾ ਰਣਜੀਤ ਸਿੰਘ ਦਾ ਵਿਸ਼ਾਲ ਅਤੇ ਸ਼ਕਤੀਸ਼ਾਲੀ ਰਾਜ ਸੀ। ਲੇਕਿਨ ਮਹਾਰਾਜਾ ਰਣਜੀਤ ਸਿੰਘ ਦੇ ੧੮੩੯ ਈ. ਵਿਚ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਡੋਗਰਿਆਂ ਦੀਆਂ ਘਿਣਾਉਣੀਆਂ ਸਾਜ਼ਿਸ਼ਾਂ, ਬੇਈਮਾਨੀ ਅਤੇ ਵਿਸ਼ਵਾਸਘਾਤ ਅਤੇ ਅੰਗਰੇਜ਼ ਦੇ ੧੮੦੯ ਈ. ਦੀ ਸੰਧੀ ਤੋਂ ਮੁਨਕਰ ਹੋ ਜਾਣ ਕਾਰਨ ੨੯ ਮਾਰਚ, ੧੮੪੯ ਈ. ਨੂੰ ਪੰਜਾਬ, ਇੰਗਲੈਂਡ ਬਾਦਸ਼ਾਹ ਦੇ ਰਾਜ-ਪ੍ਰਬੰਧ ਵਿਚ ਸ਼ਾਮਲ ਕਰ ਲਿਆ ਗਿਆ। ਪਰੰਤੂ ਪੰਜਾਬ ਉੱਤੇ ਕਾਬਜ਼ ਹੋਣ ਲਈ ਅੰਗਰੇਜ਼ ਨੂੰ ਕਾਫੀ ਜਾਨੀ ਅਤੇ ਮਾਲੀ ਨੁਕਸਾਨ ਉਠਾਉਣਾ ਪਿਆ। ਭਾਵੇਂ ਅੰਗਰੇਜ਼ਾਂ ਅਤੇ ਡੋਗਰਿਆਂ ਦੀ ਬੇਈਮਾਨੀ ਅਤੇ ਗ਼ੱਦਾਰੀ ਕਾਰਨ ਖਾਲਸਾ ਫੌਜਾਂ ਹਾਰ ਗਈਆਂ, ਪਰੰਤੂ ਇਨ੍ਹਾਂ ਜੰਗਾਂ ਵਿਚ ਖਾਲਸਾ ਫੌਜ ਨੇ ਸੂਰਮਗਤੀ ਦੇ ਉਹ ਜੌਹਰ ਦਿਖਾਏ ਕਿ ਅੰਗਰੇਜ਼ ਪੀੜ੍ਹੀ-ਦਰ-ਪੀੜ੍ਹੀ ਯਾਦ ਰੱਖਦੇ ਆ ਰਹੇ ਹਨ: "ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ"। ਉਧਰ ਕੁਝ ਦਿਨਾਂ ਵਿਚ ਹੀ ਮਹਾਰਾਣੀ ਜਿੰਦ ਕੌਰ, ਦੀਵਾਨ ਮੂਲ ਰਾਜ ਅਤੇ ਭਾਈ ਮਹਾਰਾਜ ਸਿੰਘ ਨੌਰੰਗਾਬਾਦੀ ਨੇ ਅੰਗਰੇਜ਼ ਵਿਰੁੱਧ ਬਗ਼ਾਵਤ ਦਾ ਯਤਨ ਅਰੰਭ ਦਿੱਤਾ। ਮਹਾਰਾਣੀ ਜਿੰਦ ਕੌਰ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਦੇਸ਼-ਨਿਕਾਲਾ, ਦੀਵਾਨ ਮੂਲ ਰਾਜ ਅਤੇ ਭਾਈ ਮਹਾਰਾਜ ਸਿੰਘ ਨੌਰੰਗਾਬਾਦੀ ਨੂੰ ਸ਼ਹੀਦ ਕਰ ਦਿੱਤਾ ਗਿਆ ਪਰੰਤੂ ਸਿੰਘਾਂ ਦਾ ਅੰਗਰੇਜ਼ ਵਿਰੁੱਧ ਸੰਘਰਸ਼ ਕਿਸੇ ਨਾ ਕਿਸੇ ਰੂਪ ਵਿਚ ਜਾਰੀ

ਰਿਹਾ। ਅੰਗਰੇਜ਼ ਰਾਜਨੀਤਿਕ ਪੱਖੋਂ ਅਤਿ ਦਾ ਬੇਈਮਾਨ ਸੀ। ਉਸ ਨੇ ਪੰਜਾਬ ਨੂੰ ਕਮਜ਼ੋਰ ਕਰ ਕੇ ਪੱਕਾ ਗ਼ੁਲਾਮ ਬਣਾਉਣ ਹਿੱਤ, ਜੋ ਜੁਝਾਰੂ ਸਿੰਘਤੱਵ, ਗ਼ੈਰਤ, ਅਣਖ ਅਤੇ ਸੁਤੰਤਰਤਾ ਦੀ ਭਾਵਨਾ ਅਤੇ ਚਿਣਗ ਦੇ ਸੋਮੇ ਗੁਰਦੁਆਰਾ ਸਾਹਿਬਾਨ ਸਨ, ਉੱਤੇ ਆਪਣੇ ਹੱਥਠੋਕੇ ਮਹੰਤਾਂ ਰਾਹੀਂ ਕਬਜ਼ਾ ਕਰ ਲਿਆ। ਇਨ੍ਹਾਂ ਮਹੰਤਾਂ ਨੇ ਗੁਰਦੁਆਰਾ ਸਾਹਿਬਾਨ ਨੂੰ ਧਾਰਮਿਕਤਾ ਅਤੇ ਸੂਰਬੀਰਤਾ ਦੇ ਸੋਮੇ ਹੋਣ ਦੀ ਥਾਂ ਵਿਭਚਾਰ ਅਤੇ ਲੁੱਟ ਦੇ ਅੱਡੇ ਬਣਾ ਲਿਆ। ਅਣਖੀ ਸਿੱਖ ਕੌਮ ਨੂੰ ਇਹ ਕਿਸੇ ਤਰ੍ਹਾਂ ਵੀ ਮਨਜ਼ੂਰ ਨਹੀਂ ਸੀ। ਫਲਸਰੂਪ ਗੁਰਦੁਆਰਾ ਸਾਹਿਬਾਨ ਨੂੰ ਅੰਗਰੇਜ਼ ਦੇ ਅਸਿੱਧੇ ਅਤੇ ਮਹੰਤਾਂ ਦੇ ਸਿੱਧੇ ਕਬਜ਼ੇ ਹੇਠੋਂ ਅਜ਼ਾਦ ਕਰਾਉਣ ਹਿੱਤ ਗੁਰਦੁਆਰਾ ਸੁਧਾਰ ਲਹਿਰ ਅਰੰਭੀ ਗਈ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਨੂੰ ਅਜ਼ਾਦ ਕਰਾਉਣ ਹਿੱਤ ਵੱਖ-ਵੱਖ ਮੋਰਚੇ ਲਾਏ ਗਏ। ਸਫਲਤਾ ਨੇ ਸਿੱਖ ਕੌਮ ਦੇ ਚਰਨ ਛੂਹੇ, ਪਰੰਤੂ ਫੇਰ ਕੁਰਬਾਨੀਆਂ ਦੀ ਕੀਮਤ ਉਤਾਰਨ ਉੱਤੇ। ਗੁਰਦੁਆਰਾ ਸੁਧਾਰ ਲਹਿਰ ਦਾ ਸਮਾਂ ੧੯੨੦-੨੫ ਈ. ਦਾ ਹੈ। ਇਹ ਪੰਜ ਸਾਲ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਸ ਲਹਿਰ ਵਿਚ ਸਿੱਖ ਕੌਮ ਨੇ ਅਨੇਕਾਂ ਤਸੀਹੇ ਝੱਲ ਕੇ, ਬੇਮਿਸਾਲ ਕੁਰਬਾਨੀਆਂ ਕਰ ਕੇ ਅਤੇ ਅਣਗਿਣਤ ਸ਼ਹੀਦੀਆਂ ਦੇ ਕੇ ਇਹ ਪ੍ਰਗਟ ਕਰ ਦਿੱਤਾ ਕਿ ਸਿੱਖਾਂ ਦੇ ਮਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਥਾਨ ਕਿੰਨਾ ਉੱਚਾ ਹੈ ਅਤੇ ਉਹ ਗੁਰਦੁਆਰਾ ਸਾਹਿਬ ਦੀ ਮਾਣ-ਮਰਯਾਦਾ ਸਥਾਪਿਤ ਕਰਨ ਲਈ ਕੀ ਕੁਝ ਕਰ ਸਕਦੇ ਹਨ। ਗੁਰੂ ਦੇ ਪਿਆਰ ਵਿਚ ਰੰਗੇ ਸਿੰਘ ਸੂਰਮੇ ਬੜੇ ਚਾਅ ਨਾਲ ਨਿਰਭੈ ਹੋ ਕੇ ਸਿਰ ਤਲੀ 'ਤੇ ਧਰ ਕੇ ਗ੍ਰਿਫ਼ਤਾਰੀ ਦੇਣ ਲਈ ਜਾਂਦੇ ਸਨ ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਸਿੰਘਾਂ ਦੇ ਜਥਿਆਂ ਨੂੰ ਬੇਰਹਿਮੀ ਨਾਲ ਕੁੱਟਿਆ ਜਾਂਦਾ ਸੀ, ਪਰ ਸਿੰਘਾਂ ਦਾ ਜੋਸ਼ ਇੰਨਾ ਠਾਠਾਂ ਮਾਰਦਾ ਸੀ ਕਿ ਉਹ ਡਾਂਗਾਂ ਦੀ ਪਰਵਾਹ ਨਹੀਂ ਕਰਦੇ ਸਨ। ਡਾਂਗਾਂ ਖਾਂਦੇ ਹੋਏ ਵੀ ਉਹ ਅੱਗੇ ਨੂੰ ਹੀ ਵਧਦੇ ਸਨ, ਕੋਈ ਪਿੱਛੇ ਪੈਰ ਨਹੀਂ ਸੀ ਧਰਦਾ। ਸਿੱਖਾਂ ਦਾ ਇਹ ਕਿਰਦਾਰ ਗੁਰਬਾਣੀ ਦੀ ਸ਼ਕਤੀ ਵਿੱਚੋਂ ਪੈਦਾ ਹੋਇਆ ਸੀ। ਗੁਰਬਾਣੀ ਦਾ ਮਹਾਂਵਾਕ ਹੈ:

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੯੬)*

ਇਨ੍ਹਾਂ ਪੰਜ ਸਾਲਾਂ ਵਿਚ ਦਸ ਮੋਰਚੇ ਲਾਏ ਗਏ। ਇਹ ਮੋਰਚੇ ਸਨ— (੧)

ਗੁਰਦੁਆਰਾ ਬਾਬੇ ਦੀ ਬੇਰ (ਸਿਆਲਕੋਟ), (੨) ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ੧੨-੧੦-੧੯੨੦ ਈ., (੩) ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਬਜ਼ਾ ੧੨-੧੦-੧੯੨੦ ਈ., (੪) ਸ੍ਰੀ ਦਰਬਾਰ ਸਾਹਿਬ, ਤਰਨਤਾਰਨ (੨੬-੧-੧੯੨੧ ਈ.) ਇਸ ਵਿਚ ਸਰਦਾਰ ਹਜ਼ਾਰਾ ਸਿੰਘ ਅਲਾਦੀਨਪੁਰ ਅਤੇ ਭਾਈ ਹਾਕਮ ਸਿੰਘ ਵਸਾਊ ਕੋਟ (ਗੁਰਦਾਸਪੁਰ) ਸ਼ਹੀਦ ਹੋਏ। ਇਹ ਗੁਰਦੁਆਰਾ ਸੁਧਾਰ (ਸੁਤੰਤਰਤਾ) ਲਹਿਰ ਦੇ ਪਹਿਲੇ ਸ਼ਹੀਦ ਸਨ। (੫) ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਦਾ ਕਬਜ਼ਾ ੫-੨-੧੯੨੧ ਈ., (੬) ਨਨਕਾਣਾ ਸਾਹਿਬ ਦਾ ਸਾਕਾ ੨੦-੨੧ ਫਰਵਰੀ ੧੯੨੧ ਈ.। ਇਸ ਵਿਚ ੯੬ ਸਿੱਖ ਸ਼ਹੀਦ ਹੋਏ। ਇਨ੍ਹਾਂ ਦੇ ਆਗੂ ਸਰਦਾਰ ਲਛਮਣ ਸਿੰਘ ਅਤੇ ਸਰਦਾਰ ਦਲੀਪ ਸਿੰਘ ਸਨ। (੭) ਚਾਬੀਆਂ ਦਾ ਮੋਰਚਾ ੧੯-੧-੧੯੨੨ ਈ. (ਅੰਮ੍ਰਿਤਸਰ ਸਾਹਿਬ), (੮) ਗੁਰੂ ਕਾ ਬਾਗ, (੯) ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਦਾ ਕਬਜ਼ਾ ੧੮-੨-੧੯੨੩ ਈ., (੧੦) ਗੁਰਦੁਆਰਾ ਭਾਈ ਫੇਰੂ ੨੧-੧੨-੧੯੨੨ ਈ. ਨੂੰ ਮਹੰਤ ਬੇਅੰਤ ਦਾਸ ਪਾਸੋਂ ਕਬਜ਼ਾ ਲਿਆ। ਇਹ ਗੁਰਦੁਆਰਾ ਪਿੰਡ ਮੀਏਂ ਕੇ ਮੌੜ ਤਹਿਸੀਲ ਚਾਣੀਆਂ ਜ਼ਿਲ੍ਹਾ ਲਾਹੌਰ ਵਿਖੇ ਹੈ। ਗੁਰਦੁਆਰਾ ਗੁਰੂ ਕਾ ਬਾਗ਼, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ- ਸ੍ਰੀ ਅੰਮ੍ਰਿਤਸਰ ਸ਼ਹਿਰ ਤੋਂ ਉੱਤਰ ਵੱਲ ਤਕਰੀਬਨ ੨੨ ਕਿਲੋਮੀਟਰ ਦੀ ਵਿੱਥ ਉੱਤੇ ਸਥਿਤ ਹੈ। ਇੱਥੋਂ ਦਾ ਮਹੰਤ ਸੁੰਦਰ ਦਾਸ ਅਤਿ ਦਾ ਵਿਭਚਾਰੀ, ਅਨੈਤਿਕਤਾ ਦਾ ਸਿਖਰ ਸੀ। ਸਿੰਘਾਂ ਦੇ ਦਬਾਅ ਅਤੇ ਸ਼ਕਤੀ ਅੱਗੇ ਝੁਕਦਿਆਂ ਉਸ ਨੇ ਪਹਿਲਾਂ ਸਿੰਘਾਂ ਨਾਲ ਲਿਖਤੀ ਸਮਝੌਤਾ ਕਰ ਲਿਆ ਕਿ ਉਹ ਅੱਗੋਂ ਕੋਈ ਕੁਕਰਮ ਨਹੀਂ ਕਰੇਗਾ। ਅੰਮ੍ਰਿਤ ਛਕ ਕੇ ਸਿੰਘ ਸਜ ਜਾਵੇਗਾ ਅਤੇ ਸਿੱਖ ਰਹਿਤ ਮਰਯਾਦਾ ਦੀ ਪਾਬੰਦੀ ਵਿਚ ਰਹਿ ਕੇ ਸੇਵਾ ਕਰੇਗਾ।

੨੦ ਫਰਵਰੀ, ੧੯੨੧ ਈ. ਨੂੰ ਨਨਕਾਣਾ ਸਾਹਿਬ ਦੇ ਸਾਕੇ ਉਪਰੰਤ ਜਦੋਂ ਉਸ ਨੇ ਵੇਖਿਆ ਕਿ ਅੰਗਰੇਜ਼ ਸਰਕਾਰ ਮਹੰਤਾਂ ਦੀ ਹਮਾਇਤ ਕਰਦੀ ਹੈ ਤਾਂ ਉਹ ਬਦਲ ਗਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਆਕੀ ਹੋ ਕੇ ਪਹਿਲਾਂ ਵਾਂਗ ਹੀ ਬਦਫੈਲੀਆਂ ਤੇ ਕੁਕਰਮ ਕਰਨ ਲੱਗਾ। ੨੩ ਅਗਸਤ, ੧੯੨੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਜਥਾ ਸ. ਦਾਨ ਸਿੰਘ ਦੀ ਅਗਵਾਈ ਹੇਠ ਪ੍ਰਬੰਧ ਸੰਭਾਲਣ ਲਈ ਭੇਜਿਆ। ਕਮੇਟੀ ਨੇ ਜਦੋਂ ਪੂਰੀ ਤਰ੍ਹਾਂ ਪ੍ਰਬੰਧ ਸੰਭਾਲ ਲਿਆ ਤਾਂ ਮਹੰਤ ਨੇ ਫਰਵਰੀ, ੧੯੨੨ ਈ. ਵਿਚ ਆਪਣਾ ਗੁਜ਼ਾਰਾ ਨਿਯਤ ਕਰਨ ਲਈ ਬੇਨਤੀ ਕੀਤੀ, ਉਸ ਦੀ ਬੇਨਤੀ ਮੰਨ ਕੇ ਕਮੇਟੀ ਨੇ ੧੨੦ ਰੁਪਏ ਮਹੀਨਾ ਗੁਜ਼ਾਰਾ ਅਤੇ ਇਕ ਮਕਾਨ ਮਹੰਤ ਨੂੰ ਦੇ ਦਿੱਤਾ। ਦੂਜੇ ਪਾਸੇ ਅੰਗਰੇਜ਼ ਸਰਕਾਰ ਨੇ ਅਕਾਲੀ ਤਹਿਰੀਕ ਨੂੰ ਖ਼ਤਮ ਕਰਨ ਲਈ ਹੋਰ ਸਖ਼ਤੀ ਕਰ ਦਿੱਤੀ। ਕਿਰਪਾਨ ਦਾ ਮੋਰਚਾ ਲੱਗਾ। ਕਿਰਪਾਨਾਂ ਦੀ ਫੈਕਟਰੀ ਚਲਾਉਣ ਦੇ ਜ਼ੁਰਮ ਵਿਚ ਬਾਬਾ ਖੜਕ

ਸਿੰਘ ਨੂੰ ਇਕ ਸਾਲ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ। ਇਹ ਵੇਖ ਕੇ ਗੁਰਦੁਆਰਾ ਸਾਹਿਬ ਦਾ ਮਹੰਤ ਸੁੰਦਰ ਦਾਸ ਫੇਰ ਬਾਗ਼ੀ ਹੋ ਗਿਆ ਅਤੇ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਆਪਣਾ ਹੱਕ ਜਤਾਉਣ ਲੱਗਾ।

੮ ਅਗਸਤ, ੧੯੨੨ ਈ. ਨੂੰ ਪੰਜ ਸਿੰਘ ਗੁਰੂ ਕੇ ਲੰਗਰ ਲਈ ਬਾਲਣ ਲੈਣ ਗਏ ਤਾਂ ਮਹੰਤ ਦੇ ਰਿਪੋਰਟ ਕਰਨ 'ਤੇ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮਿਸਟਰ ਜੈਨਕਿਨ ਦੀ ਅਦਾਲਤ ਵਿਚ ਉਨ੍ਹਾਂ ਨੂੰ ਛੇ-ਛੇ ਮਹੀਨੇ ਦੀ ਕੈਦ ਤੇ ੫੦-੫੦ ਰੁਪਏ ਜ਼ੁਰਮਾਨਾ ਕੀਤਾ ਗਿਆ। ਇਸ ਤੋਂ ਬਾਅਦ ਵੀ ੫-੫ ਸਿੰਘ ਰੋਜ਼ ਬਾਲਣ ਲੈਣ ਜਾਂਦੇ ਰਹੇ ਜਿਨ੍ਹਾਂ ਨੂੰ ਪੁਲਿਸ ਫੜ ਕੇ ਦੂਰ ਛੱਡ ਆਉਂਦੀ। ੨੨ ਅਗਸਤ ਤੋਂ ਧੜਾਧੜ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ੨੬ ਅਗਸਤ ਨੂੰ ਬਾਲਣ ਲੈਣ ਗਏ ੩੬ ਸਿੰਘਾਂ ਦੇ ਜਥੇ ਦੀ ਮਾਰ-ਕੁਟਾਈ ਕੀਤੀ ਗਈ। ਇਸੇ ਦਿਨ ਗੁਰੂ ਕੇ ਬਾਗ ਸਬੰਧੀ ਵਿਚਾਰ ਕਰਨ ਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਇਕੱਤਰਤਾ ਹੋਈ। ੯ ਲੀਡਰਾਂ ਦੇ ਵਾਰੰਟ ਜਾਰੀ ਕੀਤੇ ਗਏ। ਸ੍ਰੀ ਅਕਾਲ ਤਖਤ ਸਾਹਿਬ 'ਤੇ ਲੱਗੇ ਦੀਵਾਨ ਵਿਚ ਇਨ੍ਹਾਂ ਨੇਤਾਵਾਂ ਨੇ ਗ੍ਰਿਫ਼ਤਾਰੀ ਦਿੱਤੀ। ਇਨ੍ਹਾਂ ਵਿੱਚੋਂ ਸਰਦਾਰ ਬਹਾਦਰ ਮਹਿਤਾਬ ਸਿੰਘ, ਸ. ਸਰਮੁਖ ਸਿੰਘ ਝਬਾਲ ਤੇ ਮਾਸਟਰ ਤਾਰਾ ਸਿੰਘ ਵੀ ਸ਼ਾਮਲ ਸਨ। ਇਸ ਦੀਵਾਨ ਵਿਚ ਸ਼ਾਂਤਮਈ ਮੋਰਚੇ ਦਾ ਐਲਾਨ ਕੀਤਾ ਗਿਆ। ਸਰਕਾਰ ਵੱਲੋਂ ਸਾਰੇ ਜ਼ਿਲ੍ਹਿਆਂ ਨੂੰ ਹਦਾਇਤ ਕੀਤੀ ਗਈ ਕਿ ਕੋਈ ਜਥਾ ਗੁਰੂ ਕੇ ਬਾਗ ਵੱਲ ਨਾ ਚੱਲੇ। ਗੁਰੂ ਕੇ ਬਾਗ ਦੇ ਸਾਰੇ ਰਾਹ ਸੀਲ ਕਰ ਦਿੱਤੇ ਗਏ। ੨੭-੨੮ ਅਗਸਤ ਤੋਂ ਸਿੰਘਾਂ ਦੇ ਜਥੇ ਰੋਜ਼ ਜਾਣ ਲੱਗੇ। ਸਰਕਾਰ ਵੱਲੋਂ ਲਾਠੀਚਾਰਜ ਕੀਤਾ ਜਾਂਦਾ। ਜ਼ਖ਼ਮੀਆਂ ਨੂੰ ਫੜ ਕੇ ਘਸੀਟਿਆ ਜਾਂਦਾ। ਘੋੜਿਆਂ ਦੇ ਸੁੰਮਾਂ ਹੇਠ ਲਿਤਾੜਿਆ ਜਾਂਦਾ। ਸਿੰਘ ਬੇਹੋਸ਼ ਹੋ ਜਾਂਦੇ, ਪਰੰਤੂ ਹੋਸ਼ ਆਉਣ ਉੱਤੇ ਅਗਾਂਹ ਨੂੰ ਮਾਰਚ ਕਰਦੇ ਤੇ ਬੀ.ਟੀ. ਦੀ ਪੁਲਿਸ ਫਿਰ ਉਹੀ ਜ਼ਾਲਮਾਨਾ ਤਸ਼ੱਦਦ ਕਰਦੀ। ਪਰੰਤੂ ਸਿੰਘ 'ਸਤਿਨਾਮੁ ਵਾਹਿਗੁਰੂ' ਦਾ ਜਾਪ ਕਰਦੇ ਆਖਰੀ ਦਮ ਤੀਕ ਜੂਝਦੇ ਰਹਿੰਦੇ। ੧੬ ਨਵੰਬਰ, ੧੯੨੨ ਈ. ਤਕ ਇਹ ਮੋਰਚਾ ਲਗਾਤਾਰ ਚੱਲਦਾ ਰਿਹਾ। ਆਖਰ ਸਰਕਾਰ ਨੇ ਹੰਭ ਕੇ ਵਿਚ ਵਿਚੋਲਾ ਪਾ ਕੇ ਗੁਰਦੁਆਰਾ ਸਾਹਿਬ ਦੀ ਸੇਵਾ ਸਿੰਘਾਂ-ਖਾਲਸਾ ਪੰਥ ਨੂੰ ਦੇ ਦਿੱਤੀ। ਮੋਰਚੇ ਵਿਚ ਅੰਗਰੇਜ਼ ਹਾਰਿਆ ਅਤੇ ਖਾਲਸਾ ਪੰਥ ਦੀ ਜਿੱਤ ਹੋਈ ਤੇ ਸਰਕਾਰ ਨੇ ਪੁਲਿਸ ਵਾਪਸ ਬੁਲਾ ਲਈ।

ਨਾਨਕਸ਼ਾਹੀ ਕੈਲੰਡਰ ਅਨੁਸਾਰ ੧੪ ਕੱਤਕ, ਸੰਮਤ ਨਾਨਕਸ਼ਾਹੀ ੪੫੪ ਈ. ਨੂੰ ਇਸੇ ਮੋਰਚੇ ਦੌਰਾਨ ਹੀ ਪੰਜਾ ਸਾਹਿਬ ਦਾ ਮਹਾਨ ਸਾਕਾ ਵਾਪਰਿਆ। ਗੁਰੂ ਕੇ ਬਾਗ਼ ਦੇ ਫੱਟੜ-ਜ਼ਖ਼ਮੀ ਕੈਦੀਆਂ ਨੂੰ ਗੱਡੀ ਵਿਚ ਅਟਕ ਦੀ ਜੇਲ੍ਹ ਭੇਜਿਆ ਜਾ ਰਿਹਾ ਸੀ। ਪੰਜਾ ਸਾਹਿਬ ਦੀ ਸੰਗਤ ਨੇ ਸਿੰਘਾਂ ਨੂੰ ਜਲ-ਪਾਣੀ ਛਕਾਉਣ ਦਾ ਪ੍ਰਬੰਧ ਕੀਤਾ ਤੇ ਸਟੇਸ਼ਨ ਮਾਸਟਰ ਨੂੰ ਗੱਡੀ ਰੋਕਣ ਲਈ ਬੇਨਤੀ ਕੀਤੀ। ਪਰ ਸਰਕਾਰ ਦੀ

ਆਗਿਆ ਅਨੁਸਾਰ ਸਟੇਸ਼ਨ ਮਾਸਟਰ ਨੇ ਗੱਡੀ ਰੋਕਣ ਤੋਂ ਇਨਕਾਰ ਕਰ ਦਿੱਤਾ। ਸਿੰਘਾਂ ਦੇ ਸਾਹਮਣੇ ਖਾਲਸੇ ਦਾ ਸ਼ਹੀਦੀ ਇਤਿਹਾਸ ਅਤੇ ਬੁਲੰਦ ਨਾਹਰਾ— "ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ" ਸੀ। ਖਾਲਸਾ ਅਡੋਲ ਸੀ। ਉਪਰੰਤ ਰੇਲ ਲਾਈਨ ਉੱਪਰ ਸੀਸ ਟਿਕਾ ਕੇ ਲੇਟ ਗਏ, ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਦੇ ਉੱਤੋਂ ਦੀ ਗੱਡੀ ਲੰਘ ਗਈ ਤਾਂ ਡਰਾਈਵਰ ਨੂੰ ਨਿਯਮ ਅਨੁਸਾਰ ਗੱਡੀ ਰੋਕਣੀ ਪਈ। ਸੰਗਤ ਨੇ ਸਿੰਘਾਂ ਨੂੰ ਭੋਜਨ ਛਕਾ ਕੇ ਆਪਣਾ ਪ੍ਰਣ ਪੂਰਾ ਕੀਤਾ। ਦੁਨੀਆ ਦੇ ਇਤਿਹਾਸ ਵਿਚ ਅਜਿਹੀ ਕੋਈ ਘਟਨਾ ਨਹੀਂ ਮਿਲਦੀ ਜਦੋਂ ਕਿਸੇ ਨੇ ਆਪਣੀਆਂ ਕੀਮਤੀ ਜ਼ਿੰਦਗੀਆਂ ਇਉਂ ਅਰਪਣ ਕਰ ਕੇ ਭੁੱਖੇ-ਭਾਣੇ ਲੋਕਾਂ ਦੀ ਭੁੱਖ ਦੀ ਤ੍ਰਿਪਤੀ ਕਰਵਾਈ ਹੋਵੇ। ਆਪਣੀਆਂ ਮਨੋਕਾਮਨਾਵਾਂ ਅਤੇ ਤ੍ਰਿਸ਼ਨਾਵਾਂ ਦੀ ਪੂਰਤੀ ਅਤੇ ਕਾਰਜ-ਸਿਧੀ ਲਈ ਜਾਨਵਰਾਂ ਦੀ ਬਲੀ ਦੇਣ ਦੀ ਪਰੰਪਰਾ ਅਤੇ ਮੁਗ਼ਲਾਂ ਤੋਂ ਬਾਅਦ ਅੰਗਰੇਜ਼ ਦੀ ਗ਼ੁਲਾਮੀ ਦੇ ਜੂਲੇ ਹੇਠ ਹੀ ਚੱਲਣਾ ਕਬੂਲ ਕਰਨ ਵਾਲੇ ਦੇਸ਼ ਵਿਚ ਅਜਿਹਾ ਸ਼ਹੀਦੀਆਂ ਦਾ ਦੌਰ ਭਾਰਤੀਆਂ ਦੀ ਸਮਝ ਤੋਂ ਬਾਹਰ ਸੀ। ਪ੍ਰੋ. ਕਰਤਾਰ ਸਿੰਘ (ਦੁੱਗਲ) ਨੇ ਆਪਣੀ ਕਹਾਣੀ 'ਕਰਾਮਾਤ' ਵਿਚ ਇਸ ਘਟਨਾ ਦਾ ਵਰਣਨ ਕਰਦਿਆਂ ਲਿਖਿਆ ਹੈ ਕਿ ਜਿਵੇਂ ਬਾਬੇ ਨਾਨਕ ਨੇ ਪਰਬਤ ਨੂੰ ਰੋਕ ਦਿੱਤਾ ਸੀ ਇਸੇ ਤਰ੍ਹਾਂ ਸਿੰਘਾਂ ਨੇ ਭੱਜੀ ਆਉਂਦੀ ਗੱਡੀ ਨੂੰ ਸੀਸ ਭੇਂਟ ਕਰ ਕੇ ਥੰਮ੍ਹ ਦਿੱਤਾ।

ਗਿਆਨੀ ਸੋਹਣ ਸਿੰਘ ਸੀਤਲ ਨੇ ਸਿੱਖਾਂ ਦੀ ਸ਼ਲਾਘਾ ਵਿਚ ਲਿਖਿਆ ਹੈ:

*ਨਿਰਾ ਕਹਿਣ ਨਹੀਂ ਕਰਨ ਵੀ ਜਾਣਦੇ ਹਾਂ,*
*ਫੜ੍ਹਾਂ ਫੋਕੀਆਂ ਖਾਲਸੇ ਮਾਰਦੇ ਨਹੀਂ।*
*ਪੁੱਤਰ ਦਸਮੇਸ਼ ਦੇ ਵੀਰ ਹਾਂ ਦੀਪ ਸਿੰਘ ਦੇ,*
*ਲੱਥੇ ਸੀਸ 'ਤੇ ਵੀ ਤੇਗੋਂ ਹਾਰਦੇ ਨਹੀਂ।*
*ਰੁਲ ਰੇਤ ਅੰਦਰ ਟੁਕੜੇ ਹੋ ਭਾਵੇਂ,*
*ਕਣੀ ਇਕ ਵੀ ਹੀਰੇ ਦੀ ਦਮਕਦੀ ਰਹੂ।*
*ਜਦ ਤਕ ਸੂਰਜ ਚੰਦ ਦੋਵੇਂ ਕਾਇਮ 'ਸੀਤਲ',*
*ਸ਼ਾਨ ਖਾਲਸੇ ਦੀ ਸਦਾ ਚਮਕਦੀ ਰਹੂ।*

ਗੁਰਦੁਆਰਾ ਸਾਹਿਬ ਗੁਰੂ ਕਾ ਬਾਗ਼ ਨੂੰ ਵਿਭਚਾਰੀ ਅਤੇ ਅੰਗਰੇਜ਼ ਦੇ ਪਿੱਠੂ ਮਹੰਤ ਸੁੰਦਰ ਦਾਸ ਦੇ ਕਬਜ਼ੇ ਹੇਠੋਂ ਅਜ਼ਾਦ ਕਰਾਉਣ ਅਤੇ ਗੁਰਦੁਆਰਾ ਸਾਹਿਬ ਦੀ ਪੰਥਕ ਮਰਯਾਦਾ ਬਹਾਲ ਕਰਾਉਣ ਹਿੱਤ ਰੋਸ ਪ੍ਰਗਟਾਉਂਦੇ ਸ਼ਾਂਤਮਈ ਨਿਹੱਥੇ ਸਿੰਘਾਂ ਉੱਤੇ ਮਹੰਤ ਦੇ ਕਹਿਣ ਉੱਤੇ ਸਰਕਾਰ ਅੰਗਰੇਜ਼ੀ ਦੇ ਅਹਿਲਕਾਰ ਬੀ.ਟੀ. ਦੇ ਹੁਕਮ ਨਾਲ ਕੀਤੇ ਅੰਨ੍ਹੇਵਾਹ ਲਾਠੀਚਾਰਜ ਅਤੇ ਗੋਲੀਬਾਰੀ ਨਾਲ ਲਹੂ-ਲੁਹਾਨ ਹੋਏ ਭੁੱਖੇ-ਭਾਣੇ ਸਿੰਘਾਂ ਨੂੰ ਪਰਸ਼ਾਦਾ ਛਕਾਉਣ ਹਿੱਤ ਰੇਲ ਨੂੰ ਰੋਕਣ ਲਈ ਭਾਈ ਕਰਮ ਸਿੰਘ

ਅਤੇ ਭਾਈ ਪਰਤਾਪ ਸਿੰਘ ਵੱਲੋਂ ਦਿੱਤੀ ਸ਼ਹੀਦੀ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਭੁੱਖੇ-ਤਿਹਾਏ ਸਾਧੂਆਂ ਨੂੰ ਲੰਗਰ ਛਕਾ ਕੇ ਕੀਤਾ ਸੱਚਾ ਸੌਦਾ, ਭਾਈ ਘਨੱ੍ਹਈਆ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਦੌਰਾਨ ਬਿਨਾ ਭਿੰਨ-ਭੇਦ-ਭਾਵ ਕੀਤੀ ਜਲ-ਪਾਣੀ ਦੀ ਸੇਵਾ, ਬਾਬਾ ਮੋਤੀ ਰਾਮ ਮਹਿਰਾ ਵੱਲੋਂ ਸਰਹਿੰਦ ਦੇ ਠੰਢੇ ਬੁਰਜ ਵਿਚ ਕੈਦ ਮਾਤਾ ਗੁਜਰੀ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੀ ਕੀਤੀ ਦੁੱਧ-ਪਾਣੀ ਨਾਲ ਸੇਵਾ ਅਤੇ ਭਾਈ ਤਾਰੂ ਸਿੰਘ ਜੀ ਵੱਲੋਂ ਜੰਗਲਾਂ ਵਿਚ ਵਿਚਰ ਕੇ ਸਿੰਘਾਂ ਦੀ ਪਰਸ਼ਾਦੇ-ਪਾਣੀ ਦੀ ਸੇਵਾ ਹਿੱਤ ਦਿੱਤੀਆਂ ਸ਼ਹੀਦੀਆਂ ਦੀ ਲੜੀ ਵਿਚ ਇਕ ਹੋਰ ਕੜੀ ਸ਼ਾਮਲ ਹੋ ਗਈ ਅਤੇ ਸ਼ਹੀਦੀ ਦੇ ਕੇ ਸੱਚਮੁੱਚ ਹੀ ਭਾਈ ਕਰਮ ਸਿੰਘ ਅਤੇ ਭਾਈ ਪਰਤਾਪ ਸਿੰਘ 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ' ਦੇ ਗੁਰਵਾਕ ਅਨੁਸਾਰ ਸਤਿਗੁਰੂ ਦੇ ਸੱਚੇ ਸਪੁੱਤਰ ਹੋ ਨਿੱਬੜੇ। ਖਾਲਸਾ ਪੰਥ ਨੂੰ ਇਸ ਗੱਲ ਉੱਤੇ ਭਰਪੂਰ ਮਾਣ ਅਤੇ ਫ਼ਖ਼ਰ ਹੈ ਕਿ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਤਥਾ ਗੁਰੂ ਦੇ ਦੂਲੇ ਮਰਜੀਵੜੇ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਨੇ ਭਾਰਤ ਦੀ ਅਜ਼ਾਦੀ, ਧਰਮ, ਗੌਰਵ ਅਤੇ ਹੋਂਦ-ਹਸਤੀ ਹਿੱਤ ਬੇਮਿਸਾਲ ਕੁਰਬਾਨੀਆਂ ਕਰ ਕੇ ਦੁਨੀਆ ਦੇ ਇਤਿਹਾਸ ਵਿਚ ਆਪਣੇ ਪਵਿੱਤਰ ਖ਼ੂਨ ਨਾਲ ਲਿਖ ਕੇ ਨਿਵੇਕਲੇ, ਅਜੋੜ ਅਤੇ ਸੁਨਹਿਰੇ ਪੰਨੇ ਜੋੜ ਦਿੱਤੇ। ਇਹ ਤ੍ਰਾਸਦੀ ਭਰਪੂਰ ਅਤੇ ਦੁਖਦਾਇਕ ਗੱਲ ਹੈ ਕਿ ਭਾਰਤੀ ਹਾਕਮਾਂ/ਸਰਕਾਰਾਂ ਨੇ ਖਾਲਸਾ ਪੰਥ ਨੂੰ ਕਦੇ ਵੀ ਬਣਦਾ ਮਾਣ-ਸਨਮਾਨ ਨਹੀਂ ਦਿੱਤਾ, ਸਗੋਂ ਹਮੇਸ਼ਾਂ ਹੀ ਨਫ਼ਰਤ ਅਤੇ ਸ਼ੱਕੀ ਨਜ਼ਰਾਂ ਨਾਲ ਹੀ ਵੇਖਿਆ ਹੈ ਅਤੇ ਪੈਰ-ਪੈਰ ਉੱਤੇ ਬੇਇਨਸਾਫ਼ੀ, ਵਿਤਕਰਾ, ਜਬਰ ਅਤੇ ਜ਼ੁਲਮ ਅਤੇ ਸਿੱਖ ਧਰਮ ਵਿਚ ਬੇਲੋੜੀ ਦਖ਼ਲ-ਅੰਦਾਜ਼ੀ ਅਤੇ ਧੱਕਾ ਹੀ ਕੀਤਾ ਹੈ। ਪਰੰਤੂ ਖਾਲਸਾ ਪੰਥ ਹਮੇਸ਼ਾਂ ਹੀ ਗੁਰੂ ਸਾਹਿਬਾਨ ਵੱਲੋਂ ਵਿਖਾਏ ਦੇਸ਼-ਭਗਤੀ, ਨੇਕੀ, ਪਰਉਪਕਾਰ, ਕੁਰਬਾਨੀ ਅਤੇ ਤਿਆਗ ਦੇ ਰਸਤੇ ਹੀ ਸਾਬਤ-ਕਦਮੀ, ਦ੍ਰਿੜ੍ਹਤਾ ਅਤੇ ਸਿਦਕਦਿਲੀ ਨਾਲ ਚੱਲਿਆ ਹੈ ਅਤੇ ਇਸ ਨੇ ਆਪਣੀਆਂ ਮਹਾਨ ਪਰੰਪਰਾਵਾਂ ਅਤੇ ਸ਼ਾਨਾਂਮੱਤੀਆਂ ਰਵਾਇਤਾਂ ਨੂੰ ਕਾਇਮ ਹੀ ਨਹੀਂ ਰੱਖਿਆ, ਸਗੋਂ ਇਨ੍ਹਾਂ ਨੂੰ ਚਾਰ ਚੰਨ ਲਾਏ ਹਨ।

ਗੁਰਦੁਆਰਾ ਸੁਧਾਰ ਲਹਿਰ ਨੇ ਜਿੱਥੇ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਦੇ ਕਬਜ਼ੇ ਵਿੱਚੋਂ ਅਜ਼ਾਦ ਕਰਵਾਇਆ, ਉੱਥੇ ਅੰਗਰੇਜ਼ ਸਰਕਾਰ ਨੂੰ ਵਾਰ-ਵਾਰ ਝੁਕਾ ਕੇ ਕਮਜ਼ੋਰ ਕੀਤਾ ਅਤੇ ਭਾਰਤ ਦੀ ਅਜ਼ਾਦੀ ਦੀ ਲਹਿਰ ਨੂੰ ਮਹੱਤਵਪੂਰਨ ਬਲ ਪ੍ਰਦਾਨ ਕੀਤਾ। ਇਹ ਸਰਕਾਰ ਅੰਗਰੇਜ਼ੀ ਦੀ ਹੋਂਦ-ਹਸਤੀ ਨੂੰ ਸਿੱਧੀ ਚੁਣੌਤੀ ਸੀ। ਸਿੰਘ ਸ਼ਹੀਦਾਂ ਨੂੰ ਇਉਂ ਰਾਜ-ਸ਼ਕਤੀ ਨਾਲ ਟੱਕਰ ਲੈਣ ਦਾ ਰਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸ਼ਹੀਦੀਆਂ ਨੇ ਦਿਖਾਇਆ। ਇਹੋ ਕਾਰਨ ਸੀ ਕਿ ਉਸ ਸਮੇਂ ਸ੍ਰੀ ਮਦਨ ਮੋਹਨ ਮਾਲਵੀਆ ਨੇ ਖੁਦ ਸ਼ਾਂਤਮਈ ਸਿੰਘਾਂ ਦੀਆਂ ਸ਼ਹੀਦੀਆਂ ਹੁੰਦੀਆਂ ਵੇਖ ਕੇ ਐਲਾਨ ਕਰ ਦਿੱਤਾ ਸੀ ਕਿ ਜੇਕਰ ਭਾਰਤ

ਨੂੰ ਅਜ਼ਾਦ ਕਰਾਉਣਾ ਹੈ ਤਾਂ ਹਰ ਘਰ ਵਿਚ ਇਕ-ਇਕ ਬੱਚੇ ਨੂੰ ਸਿੰਘ ਸਜਾਇਆ ਜਾਵੇ। ਇਸੇ ਤਰ੍ਹਾਂ ਚਾਬੀਆਂ ਦੇ ਮੋਰਚੇ ਦੀ ਇਤਿਹਾਸਿਕ ਜਿੱਤ ਉਪਰੰਤ ਮਹਾਤਮਾ ਗਾਂਧੀ ਨੇ ਵੀ ਤਾਰ ਘੱਲ ਕੇ ਸਿੱਖ ਕੌਮ ਨੂੰ ਹਾਰਦਿਕ ਮੁਬਾਰਕਬਾਦ ਦਿੰਦਿਆਂ ਇਸ ਜਿੱਤ ਨੂੰ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਪਹਿਲੀ ਜਿੱਤ ਕਰਾਰ ਦਿੱਤਾ ਸੀ। ਭਾਰਤ ਦੀ ਅਜ਼ਾਦੀ ਦੇ ਸਮੁੱਚੇ ਸੰਘਰਸ਼ ਦੌਰਾਨ ਸਿੱਖ ਕੌਮ ਨੇ ੮੦% ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅਤੇ ਬੇਹਿਸਾਬ ਜ਼ੁਰਮਾਨੇ ਭਰੇ ਅਤੇ ਕੁਰਕੀਆਂ ਕਰਵਾਈਆਂ, ਪਰ ਸੰਘਰਸ਼ ਤੋਂ ਮੂੰਹ ਨਹੀਂ ਮੋੜਿਆ ਸਗੋਂ, ਅਗਰਸਰ ਹੋ ਕੇ ਸਾਰਾ ਸੰਘਰਸ਼ ਲੜਿਆ। ਰਾਜਸੱਤਾ ਦੀ ਤਬਦੀਲੀ ਸਮੇਂ ਕਈ ਮਹੀਨੇ ਜਿਸ ਤਰ੍ਹਾਂ ਪੰਜਾਬੀਆਂ ਅਤੇ ਸਿੱਖਾਂ ਦਾ ਕਤਲ-ਏ-ਆਮ, ਲੁੱਟ ਅਤੇ ਬੇਪਤੀ ਹੋਈ; ਉਨ੍ਹਾਂ ਜ਼ਖ਼ਮਾਂ ਨੂੰ ਭਰਨ ਲਈ ਪਤਾ ਨਹੀਂ ਕਿਤਨਾ ਸਮਾਂ ਲੱਗੇਗਾ! ਇਹ ਜ਼ਖ਼ਮ ਲਗਾਤਾਰ ਰਿਸ ਰਹੇ ਹਨ, ਸਗੋਂ ੧੯੮੪ ਈ. ਵਿਚ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕਰਨ ਅਤੇ ਤਿੰਨ ਦਿਨ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਸਿੱਖਾਂ ਦੇ ਸਮੂਹਿਕ ਕਤਲ-ਏ-ਆਮ ਅਤੇ ਲੁੱਟ-ਕੁੱਟ ਅਤੇ ਤਕਰੀਬਨ ੧੫ ਸਾਲ ਇਕ ਡੂੰਘੀ ਸਾਜ਼ਿਸ਼ ਅਧੀਨ ਸਿੱਖ ਨੌਜਵਾਨਾਂ ਨੂੰ ਅੱਤਵਾਦੀ ਅਤੇ ਵੱਖਵਾਦੀ ਗਰਦਾਨ ਕੇ ਉਨ੍ਹਾਂ ਦੇ ਖੂਨ ਦੀ ਹੋਲੀ ਖੇਡੀ ਗਈ, ਉਸ ਨਾਲ ਇਹ ਜ਼ਖ਼ਮ ਮੁੜ ਹਰੇ ਹੋ ਗਏ ਹਨ। ਇਨ੍ਹਾਂ ਸਿੱਖ ਕੌਮ-ਵਿਰੋਧੀ ਸ਼ਕਤੀਆਂ ਨੇ ਅੰਗਰੇਜ਼ਾਂ ਵਾਲੇ ਪੈਂਤੜੇ ਅਪਣਾਉਣੇ ਸ਼ੁਰੂ ਕੀਤੇ ਹੋਏ ਹਨ ਜਿਸ ਅਧੀਨ ਮਹੰਤਾਂ, ਡੇਰੇਦਾਰਾਂ, ਮੀਡੀਆ ਦੇ ਇਕ ਵਰਗ ਵੱਲੋਂ ਕਈ ਅਖੌਤੀ ਸਿੱਖ ਸੰਪਰਦਾਵਾਂ, ਸੰਸਥਾਵਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਸਿੱਖੀ ਸਰੂਪ ਵਿਚ ਵਿਚਰ ਕੇ ਅਖੌਤੀ ਸਿੱਖ ਬੁੱਧੀਜੀਵੀਆਂ ਰਾਹੀਂ ਸਿੱਖ ਫ਼ਸਲਫ਼ੇ, ਸਿਧਾਂਤ, ਮਰਯਾਦਾ, ਇਤਿਹਾਸ, ਪਰੰਪਰਾਵਾਂ, ਰਵਾਇਤਾਂ ਅਤੇ ਮਹਾਨ ਵਿਰਾਸਤ ਬਾਰੇ ਢੇਰ ਸਾਰੇ ਸ਼ੰਕੇ ਅਤੇ ਭੰਬਲਭੂਸੇ ਖੜ੍ਹੇ ਕੀਤੇ ਜਾ ਰਹੇ ਹਨ। ਟੈਲੀਵਿਜ਼ਨ ਚੈਨਲਾਂ ਰਾਹੀਂ ਸਿੱਖੀ ਸਰੂਪ ਅਤੇ ਸਿਧਾਂਤ ਨੂੰ ਕਰੂਪ ਅਤੇ ਹਾਸੋਹੀਣੇ ਚਿਤਰ ਕੇ ਮਖੌਲ ਉਡਾਇਆ ਜਾ ਰਿਹਾ ਹੈ। ਉਧਰ ਸਿੱਖ ਕੌਮ ਦਾ ਵੱਡਾ ਹਿੱਸਾ ਪਦਾਰਥਵਾਦ, ਥੋੜ੍ਹਚਿਰੀ ਲੰਗੜੀ ਸ਼ਕਤੀ ਅਤੇ ਬਣਾਉਟੀ ਸੁੰਦਰਤਾ, ਨੰਗੇਜ਼ਵਾਦ, ਅਸ਼ਲੀਲਤਾ ਅਤੇ ਨਸ਼ਿਆਂ ਦੀ ਦੌੜ ਵਿਚ ਅੰਨ੍ਹੇਵਾਹ ਲੱਗ ਕੇ ਸਿੱਖੀ ਲਈ ਖੜ੍ਹੇ ਕੀਤੇ ਗਏ ਅਨੇਕਾਂ ਖ਼ਤਰਿਆਂ ਵਿਚ ਚੋਖਾ ਵਾਧਾ ਕਰ ਰਿਹੈ। ਸਿੱਖ ਕੌਮ ਵਿਰੋਧੀ-ਸ਼ਕਤੀਆਂ ਵੱਲੋਂ ਪੰਜਾਬ ਵਿਚ ਨਸ਼ਿਆਂ ਦੇ ਦਰਿਆ ਚਲਾ ਕੇ ਪੰਜਾਬ ਦੀ ਜਨਤਾ ਅਤੇ ਖਾਸ ਕਰਕੇ ਜੁਆਨੀ ਨੂੰ ਨਕਾਰਾ ਅਤੇ ਬਲਹੀਣ ਕੀਤਾ ਜਾ ਰਿਹਾ ਹੈ। ਅਜਿਹਾ ਸਭ ਕੁਝ ਡੂੰਘੀ ਸਾਜ਼ਿਸ਼ ਅਧੀਨ ਹੀ ਕੀਤਾ ਜਾ ਰਿਹਾ ਹੈ। ਕਿਸੇ ਜੰਗਜੂ ਫੌਜ ਦੇ ਚੁਫੇਰਿਓਂ ਘਿਰੇ ਹੋਣ ਵਾਂਗ ਅੱਜ ਸਿੱਖ ਕੌਮ ਚੁਫੇਰਿਓਂ ਘਿਰ ਚੁੱਕੀ ਹੈ ਅਤੇ ਇਸ ਦੀ ਹੋਂਦ ਅਤੇ ਹਸਤੀ ਨੂੰ ਗੰਭੀਰ ਖ਼ਤਰਾ ਬਣਿਆ ਹੋਇਆ ਹੈ। ਭਾਈ ਕਰਮ ਸਿੰਘ-ਭਾਈ ਪ੍ਰਤਾਪ ਸਿੰਘ ਨੇ ਤਾਂ ਅੰਗਰੇਜ਼ ਦੀ ਰੇਲ-ਗੱਡੀ ਹੇਠ ਆਪਣੇ

ਸੀਸ ਭੇਟ ਕਰ ਕੇ ਜਿੱਥੇ ਸਿੱਖੀ ਸਿਦਕ ਨੂੰ ਪਕੇਰਾ ਅਤੇ ਉਚੇਰਾ ਕੀਤਾ, ਉੱਥੇ ਅੰਗਰੇਜ਼ ਰਾਜ ਦੇ ਕਫਨ ਵਿਚ ਕਿੱਲ ਠੋਕਦਿਆਂ ਭਾਰਤ ਦੀ ਅਜ਼ਾਦੀ ਦੀ ਲਹਿਰ ਨੂੰ ਮਜ਼ਬੂਤੀ ਬਖ਼ਸ਼ ਦਿੱਤੀ। ਪਰੰਤੂ ਕੀ ਅਸੀਂ ਜਾਗਾਂਗੇ? ਅਵੇਸਲਣੇਪਣ ਨੂੰ ਛੱਡਾਂਗੇ? ਆਪਣੇ ਮੂਲ ਪ੍ਰਤੀ ਸਜੱਗ ਹੋਵਾਂਗੇ? ਆਪਣੀ ਨੌਜੁਆਨ ਪੀੜ੍ਹੀ ਨੂੰ ਸਾਂਭਾਂਗੇ? ਆਪਣੇ ਨਿਆਰੇ ਸਰੂਪ, ਸ਼ਕਤੀ, ਹਸਤੀ, ਧਾਰਮਿਕਤਾ, ਸਿਧਾਂਤ ਅਤੇ ਵਿਰਾਸਤ ਨੂੰ ਕਾਇਮ ਰੱਖਣ ਲਈ ਉੱਦਮ ਕਰਾਂਗੇ? ਜਾਂ ਫਿਰ 'ਚੁਰਾਸੀ' ਦੀ ਚਕਾਚੌਂਧ ਵਿਚ ਗੁਆਚ ਜਾਵਾਂਗੇ ਜਿਵੇਂ ਮੈਸੋਪੋਟਾਮੀਆਂ ਅਤੇ ਬੇਬੇਲੋਨੀਆਂ ਦੀਆਂ ਸਭਿਆਤਾਵਾਂ ਸਫੇ-ਹਸਤੀ ਜਹਾਨ ਤੋਂ ਸਮਾਪਤ ਹੋ ਗਈਆਂ। ਅਜੇ ਸਮਾਂ ਹੈ। ਸੰਭਾਲਣ ਦੀ ਲੋੜ ਹੈ। ਆਓ! ਮਿਲ-ਬੈਠ ਕੇ, ਵਿਚਾਰ ਕੇ, ਏਕਤਾ ਅਤੇ ਇਕਸਾਰਤਾ ਪੈਦਾ ਕਰ ਕੇ ਹੰਭਲਾ ਮਾਰੀਏ। ਪੰਥਕ ਸਫਾਂ ਵਿਚ ਛੁਪੇ ਹੋਏ ਅੰਦਰਲੇ ਦੁਸ਼ਮਣ ਨੂੰ ਪਛਾਣੀਏ ਅਤੇ ਪਛਾੜੀਏ। ਬਾਹਰਲਾ ਦੁਸ਼ਮਣ ਤਾਂ ਕਦੀ ਵੀ ਸਿੱਖ ਕੌਮ ਦਾ ਕੁਝ ਵਿਗਾੜ ਹੀ ਨਹੀਂ ਸਕਿਆ, ਸਗੋਂ ਜਿਉਂ-ਜਿਉਂ ਬਾਹਰਲਿਆਂ ਜਬਰ, ਜ਼ੁਲਮ ਅਤੇ ਜ਼ਾਲਮਤਾ ਦਾ ਦੌਰ ਚਲਾਇਆ ਗਿਆ ਸਿੱਖ ਕੌਮ ਹਮੇਸ਼ਾਂ ਹੀ ਜੇਤੂ ਹੋ ਕੇ ਕੁਠਾਲੀ ਰਾਹੀਂ ਲੰਘੇ ਸੋਨੇ ਵਾਂਗੂ ਸ਼ੁੱਧ ਸਰੂਪ ਅਤੇ ਸ਼ਕਤੀ ਵਿਚ ਸੁਰਖ਼ਰੂ ਹੋ ਕੇ ਨਿਕਲੀ ਹੈ। ਜਰਵਾਣਿਆਂ ਦੇ ਜਬਰ-ਜ਼ੁਲਮ ਵਿਰੁੱਧ ਜੂਝਣ ਵਾਲੇ ਸਿੰਘਾਂ ਨੇ ਤਾਂ ਹੀ ਇਉਂ ਸਿੱਖੀ ਸਿਦਕ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਆਖਣਾ ਸ਼ੁਰੂ ਕੀਤਾ ਸੀ:

*ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ।*
*ਜਿਉਂ ਜਿਉਂ ਮਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।*

ਜਿਹੜੇ ਸ਼ਹੀਦ ਹੋ ਜਾਂਦੇ, ਉਨ੍ਹਾਂ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਅਗਲੀ ਚੁਣੌਤੀ ਨਾਲ ਜੂਝਣ ਅਤੇ ਕੁਰਬਾਨੀ ਦੇਣ ਹਿੱਤ ਤਿਆਰ ਹੋ ਜਾਂਦੇ। ਇਹ ਸਾਡਾ ਸ਼ਾਨਾਂਮੱਤਾ ਇਤਿਹਾਸ ਹੈ। ਸੱਚਮੁੱਚ ਹੀ ਸ਼ਹੀਦ ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਨੇ ਆਪਣੀਆਂ ਮਹਾਨ ਸ਼ਹੀਦੀਆਂ ਨਾਲ ਸਿੱਖ ਇਤਿਹਾਸ ਨੂੰ ਚਾਰ ਚੰਨ ਲਾ ਦਿੱਤੇ ਤੇ ਅੰਗਰੇਜ਼ਾਂ ਦੇ ਸ਼ਾਹੀ ਮਹੱਲ ਦੇ ਥੰਮ੍ਹ ਹਿਲਾ ਦਿੱਤੇ। ਉਹ ਖਾਲਸਾ ਪੰਥ ਦੇ ਮਹੱਲ ਨੂੰ ਹੋਰ ਮਜ਼ਬੂਤ ਕਰ ਗਏ। ਸਿੰਘਾਂ ਦੀਆਂ ਅਣਗਿਣਤ ਸ਼ਹੀਦੀਆਂ ਅਤੇ ਕੁਰਬਾਨੀਆਂ ਦਾ ਨਤੀਜਾ ਹੀ ਹੈ ਕਿ ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ, ਉਨ੍ਹਾਂ ਨੂੰ ਸਮੁੰਦਰੋਂ ਪਾਰ ਕਰ ਕੇ, ਭਾਰਤੀਆਂ ਨੂੰ ੧੧੯੨ ਈ. ਵਿਚ ਖੁੱਸੀ ਅਜ਼ਾਦੀ ਮੁੜ ੧੫ ਅਗਸਤ, ੧੯੪੭ ਈ. ਨੂੰ ਪ੍ਰਾਪਤ ਹੋ ਗਈ:

*ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ।*
*ਹਯਾਤ ਤੋ ਹਯਾਤ ਹੈ ਵੋਹ ਮੌਤ ਭੀ ਹਯਾਤ ਹੈ।*

■

# ਗੁਰਮਤਿ ਵਿਚ ਮਾਇਆ ਦਾ ਸੰਕਲਪ

*-ਡਾ. ਮਨਮੋਹਨ ਸਿੰਘ**

ਮਾਇਆ ਦਾ ਸ਼ਬਦੀ ਅਰਥ ਹੈ- 'ਨਹੀਂ'। ਇਸ ਵਾਸਤੇ ਸੰਸਕ੍ਰਿਤ ਦਾ ਸ਼ਬਦ ਮਾ-ਯਾ ਹੈ, ਜਿਸ ਦੇ ਅਰਥ ਹਨ- ਭਰਮ, ਭੁਲੇਖਾ, ਕਪਟ, ਛਲ ਆਦਿ।

ਗੁਰਮਤਿ ਵਿਚ ਮਾਇਆ ਦੇ ਸੰਕਲਪ ਨੂੰ ਵੇਖਣ ਤੋਂ ਪਹਿਲਾਂ ਇਸ ਨੂੰ ਦੂਜੇ ਧਰਮਾਂ ਦੇ ਪਿਛੋਕੜ ਵਿਚ ਵੇਖਣਾ ਉੱਚਿਤ ਹੋਵੇਗਾ। 'ਰਿਗਵੇਦ' ਤੋਂ ਲੈ ਕੇ ਸ਼ੰਕਰਾਚਾਰਯ ਤਕ ਮਾਇਆ ਸ਼ਬਦ ਦੇ ਅਰਥ ਤੋਂ ਇਸ ਦੇ ਸੰਕਲਪ ਦਾ ਵਿਕਾਸ ਹੁੰਦਾ ਆਇਆ ਹੈ। 'ਰਿਗਵੇਦ' ਵਿਚ ਮਾਇਆ ਉਸ ਚੀਜ਼ ਨੂੰ ਮੰਨਿਆ ਗਿਆ ਹੈ, ਜੋ ਆਪਣਾ ਰੂਪ ਬਦਲਦੀ ਰਹਿੰਦੀ ਹੈ। ਉਪਨਿਸ਼ਦਾਂ ਵਿਚ ਮਾਇਆ ਸ਼ਬਦ ਸ੍ਰਿਸ਼ਟੀ ਦੇ ਪ੍ਰਪੰਚ ਲਈ ਵਰਤਿਆ ਗਿਆ ਹੈ। ਇਸ ਤੋਂ ਇਲਾਵਾ ਅਵਿੱਦਿਆ ਅਤੇ ਪ੍ਰਕਿਰਤੀ ਦੇ ਅਰਥਾਂ ਵਿਚ ਵੀ ਮਾਇਆ ਸ਼ਬਦ ਦੀ ਵਰਤੋਂ ਕੀਤੀ ਗਈ ਹੈ। 'ਭਾਗਵਤ ਪੁਰਾਣ' ਵਿਚ ਮਾਇਆ ਉਹ ਹੈ ਜੋ ਨਾ ਹੋਣ ਤੋਂ ਵੀ ਹੋਂਦਮਈ ਵਸਤੂ ਪ੍ਰਤੀਤ ਹੁੰਦੀ ਹੈ। ਖਟ-ਦਰਸ਼ਨਾਂ ਵਿਚ ਸਾਂਖ ਦਰਸ਼ਨ ਨੇ ਮਾਇਆ ਨੂੰ ਅਵਿੱਦਿਆ ਕਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਸ਼ਬਦ ਵਿਸ਼ੇਸ਼ ਫ਼ਿਲਾਸਫ਼ੀ ਦੇ ਅਰਥਾਂ ਤੋਂ ਛੁੱਟ ਕਈ ਹੋਰ ਪ੍ਰਸੰਗਾਂ ਤੇ ਭਾਵਾਂ ਦੇ ਅਰਥਾਂ ਲਈ ਵੀ ਵਰਤਿਆ ਗਿਆ ਹੈ। ਗੁਰਬਾਣੀ ਵਿਚ ਮਾਇਆ ਨੂੰ ਭੁਲੇਖੇ ਭਰਮ, ਦੌਲਤ ਤੇ ਹਉਮੈਂ ਇਤਿਆਦਿ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਮਾਇਆ ਨੂੰ ਤ੍ਰੈਗੁਣਾਤਮਕ ਸ਼ਕਤੀ ਵੀ ਦੱਸਿਆ ਗਿਆ ਹੈ। ਜਿਵੇਂ ਕਿ:

*ਤ੍ਰੈ ਗੁਣ ਮਾਇਆ ਮੂਲੁ ਹੈ . . .* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੭)*

ਇਸ ਸ਼ਬਦ ਦਾ ਪ੍ਰਯੋਗ ਧਨ-ਦੌਲਤ ਦੇ ਅਰਥਾਂ ਵਿਚ ਵੀ ਕੀਤਾ ਗਿਆ ਹੈ।

*ਬਾਬਾ ਮਾਇਆ ਸਾਥਿ ਨ ਹੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੫)*

ਗੁਰਬਾਣੀ ਵਿਚ ਭਾਰਤੀ ਵਿਚਾਰਧਾਰਾ ਦੀ ਤਰ੍ਹਾਂ ਮਾਇਆ ਦੇ ਵਿਚਾਰ ਨੂੰ ਰੁਪਾਂਤਮਿਕ ਸ਼ੈਲੀ ਦੁਆਰਾ ਹੀ ਵਰਣਨ ਕੀਤਾ ਗਿਆ ਹੈ। ਇਸ ਪੱਖ ਤੋਂ ਮਾਇਆ ਨੂੰ ਨਾਗਣੀ, ਸੱਪ, ਧਰਕਟੀ ਨਾਰ, ਸੱਸ ਆਦਿ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ।

*-ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੫)*

*-ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥*

**੮੯੭, ਫੇਜ਼ ੧੦, ਮੋਹਾਲੀ; ਪਿੰਨ: ੧੬੦੦੬੨*

*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੦)*

*-ਮਾਇਆ ਮੋਹੁ ਧਰਕਟੀ ਨਾਰਿ॥*

*ਭੂੰਡੀ ਕਾਮਣਿ ਕਾਮਣਿਆਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੬)*

ਗੁਰਮਤਿ ਵਿਚ ਮਾਇਆ ਦੇ ਸਿਧਾਂਤ ਨੂੰ ਦੋ ਪੱਖਾਂ ਤੋਂ ਬਿਆਨਿਆ ਗਿਆ ਹੈ:

**੧. ਮਾਇਆ ਦਾ ਵਿਅਕਤੀਗਤ ਪੱਖ।**

**੨. ਮਾਇਆ ਦਾ ਬ੍ਰਹਿਮੰਡੀ ਪੱਖ।**

**ਮਾਇਆ ਦਾ ਵਿਅਕਤੀਗਤ ਪੱਖ :** ਵਿਅਕਤੀਗਤ ਪੱਖ ਤੋਂ ਮਾਇਆ ਜੀਵ ਦੇ ਸੰਬੰਧ ਵਿਚ ਅਵਿੱਦਿਆ, ਭਰਮ, ਕੂੜ ਤੇ ਹੰਕਾਰ ਇਤਿਆਦਿ ਹੈ। ਇਸ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਪਹਿਰਿਆ' ਦੇ ਸਿਰਲੇਖ ਹੇਠ ਅੰਕਿਤ ਬਾਣੀ ਵਿਚ ਜੀਵ ਤੇ ਮਾਇਆ ਦੇ ਸੰਬੰਧ ਪ੍ਰਤੀ ਹੇਠ ਲਿਖੇ ਮੁੱਖ ਪ੍ਰਮਾਣ ਮਿਲਦੇ ਹਨ ਅਤੇ ਜੀਵ ਦਾ ਮਾਇਆ ਦੇ ਪ੍ਰਭਾਵ ਹੇਠਾਂ ਆਉਣ ਦਾ ਕਾਰਨ ਵੀ ਪਤਾ ਲੱਗਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਜੀਵ ਜਨਮ ਤੋਂ ਹੀ ਮਾਇਆ ਦੇ ਪ੍ਰਭਾਵ ਹੇਠਾਂ ਆ ਜਾਂਦਾ ਹੈ ਅਤੇ ਉਸ ਦੀ ਸੁਰਤਿ ਪਰਮਾਤਮਾ ਨਾਲੋਂ ਟੁੱਟ ਜਾਂਦੀ ਹੈ:

*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

ਮਨੁੱਖੀ ਜੀਵਨ ਦੇ ਤੀਜੇ ਪਹਿਰ ਵਿਚ ਮਨੁੱਖ 'ਤੇ ਮਾਇਆ ਭਾਰੂ ਹੁੰਦੀ ਹੈ। ਇਸ ਅਵਸਥਾ ਵਿਚ ਮਨੁੱਖੀ-ਮਨ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ, ਜਿਸ ਦੇ ਨਤੀਜੇ ਵਜੋਂ ਉਹ ਧਨ-ਦੌਲਤ ਤੇ ਜੋਬਨ ਵਿਚ ਹੀ ਮਸਤ ਰਹਿੰਦਾ ਹੈ ਅਤੇ ਆਪਣਾ ਜੀਵਨ ਵਿਅਰਥ ਗੁਆ ਲੈਂਦਾ ਹੈ:

*ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥*
*ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥*
*ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ॥*
*ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੫)*

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਇਸੇ ਅਵਸਥਾ ਵਿਚ ਮਨੁੱਖ ਦੀ ਪ੍ਰਧਾਨ ਰੁਚੀ ਮਾਇਆ ਪ੍ਰਤੀ ਮੋਹ ਤੇ ਇਸ ਨੂੰ ਇਕੱਤਰ ਕਰਨਾ ਦੱਸਦੇ ਹਨ। ਇਸ ਅਵਸਥਾ ਵਿਚ ਮਨੁੱਖ ਹਰੀ ਦੇ ਨਾਮ ਨੂੰ ਯਾਦ ਨਹੀਂ ਕਰਦਾ।

*ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਗਾ ਆਲਿ ਜੰਜਾਲਿ॥*
*ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬)*

ਸ੍ਰੀ ਗੁਰੂ ਅਰਜਨ ਦੇਵ ਜੀ ਇਸੇ ਅਵਸਥਾ ਨੂੰ ਹੋਰ ਸਪੱਸ਼ਟ ਫ਼ਰਮਾਉਂਦੇ ਹਨ:

*ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ॥*
*ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੭)*

ਮਾਇਆ ਦਾ ਮਨੁੱਖ ਦੇ ਮਨ ਅਤੇ ਇੰਦਰੀਆਂ ਉੱਤੇ ਜੋ ਪ੍ਰਭਾਵ ਪੈਂਦਾ ਹੈ ਅਤੇ ਉਸ ਦੇ ਪ੍ਰਤੀਕਰਮ ਵਜੋਂ ਸਾਡੇ ਮਨ ਤੋਂ ਇੰਦਰੀਆਂ ਦੀ ਜੋ ਦਸ਼ਾ ਹੋ ਜਾਂਦੀ ਹੈ ਉਸ ਦਾ ਵਰਣਨ ਗੁਰਬਾਣੀ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ:

*-ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥*
*ਰਸਨਾ ਸੋਈ ਲੋਭਿ ਮੀਠੈ ਸਾਦਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੮੨)*
*-ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੩)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਰੋਕਤ ਪੰਕਤੀਆਂ ਦਰਜ ਹਨ, ਜੋ ਮਾਇਆ ਭਾਵ ਧਨ-ਦੌਲਤ ਬਾਰੇ ਦੱਸਦੀਆਂ ਹਨ ਕਿ ਇਸ ਜਗ ਵਿਚ ਮਨੁੱਖ ਮਾਇਆ ਦੇ ਜਾਲ ਵਿਚ ਫਸਿਆ ਹੋਇਆ ਹੈ ਤੇ ਇਸ ਮਾਇਆ ਨੇ ਸਾਰਾ ਸੰਸਾਰ ਆਪਣੇ ਵਿਚ ਜਕੜਿਆ ਹੋਇਆ ਹੈ। ਮਨਮੁਖ ਭਾਵ ਜੋ ਗੁਰੂ ਤੋਂ ਪਰੇ ਹਨ, ਉਹ ਇਸ ਵਿਚ ਘੁਲੇ ਹੋਏ ਹਨ ਤੇ ਗੁਰਮੁਖ ਇਸ ਮਾਇਆ ਦੇ ਜਾਲ ਤੋਂ ਪਰੇ ਹਨ ਤੇ ਉਹ ਪ੍ਰਭੂ ਭਗਤੀ ਵਿਚ ਲੱਗੇ ਹੋਏ ਹਨ। ਗੁਰਬਾਣੀ ਵਿਚ ਮਾਇਆ ਬਾਰੇ ਬਹੁਤ ਕੁਝ ਕਿਹਾ ਗਿਆ ਹੈ, ਜਿਸ ਦਾ ਵੇਰਵਾ ਇਸ ਤਰ੍ਹਾਂ ਹੈ:

*ਮਨੁ ਸੋਇਆ ਮਾਇਆ ਬਿਸਮਾਦਿ॥. . .*
*ਸਗਲ ਸਹੇਲੀ ਅਪਨੈ ਰਸ ਮਾਤੀ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੮੨)*

ਵਿਅਕਤੀਗਤ ਪੱਖ ਤੋਂ ਮਾਇਆ ਨੇ ਇਸ ਸੰਸਾਰ ਦੇ ਲੋਕਾਂ ਨੂੰ ਹੀ ਨਹੀਂ ਮੋਹਿਆ ਹੋਇਆ ਸਗੋਂ ਸਭ ਦੇਵੀ-ਦੇਵਤਿਆਂ ਨੂੰ ਵੀ ਇਸ ਨੇ ਮੋਹਿਆ ਹੈ।

*-ਮਾਇਆ ਮੋਹੇ ਦੇਵੀ ਸਭਿ ਦੇਵਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੭)*
*-ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੬)*

ਵਿਅਕਤੀਗਤ ਤੌਰ ਤੋਂ ਹੀ ਮਾਇਆ ਦਾ ਭਾਵ ਮਨੁੱਖੀ ਮਨ ਦਾ ਭਰਮ ਤੇ ਭੁਲੇਖਾ ਹੈ, ਜਿਸ ਕਰਕੇ ਉਹ ਅਵਸਤੂ ਨੂੰ ਵਸਤੂ ਸਮਝ ਲੈਂਦਾ ਹੈ। ਮਨੋਵਿਗਿਆਨਕ ਪੱਖ ਤੋਂ ਮਾਇਆ ਦੇ ਇਸ ਪੱਖ ਨੂੰ ਭਗਤ ਰਵਿਦਾਸ ਜੀ ਇਉਂ ਦਰਸਾਉਂਦੇ ਹਨ:

*ਮਾਧਵੇ ਕਿਆ ਕਹੀਐ ਭ੍ਰਮੁ ਐਸਾ॥*

*ਜੈਸਾ ਮਾਨੀਐ ਹੋਇ ਨ ਤੈਸਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੭)*

ਇਸ ਭਰਮ ਅਤੇ ਸਹਸੇ ਨੇ ਹੀ ਜੀਵ ਨੂੰ ਅਪਵਿੱਤਰ ਅਤੇ ਮਲੀਨ ਕੀਤਾ ਹੋਇਆ ਹੈ। ਇਸ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ? ਗੁਰਬਾਣੀ ਅਨੁਸਾਰ ਇਸ ਦਾ ਇੱਕੋ-ਇਕ ਹੱਲ ਗੁਰ ਸ਼ਬਦ ਦੀ ਵਿਚਾਰ ਹੈ:

*ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥*
*ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੯)*

**ਮਾਇਆ ਦਾ ਬ੍ਰਹਿਮੰਡੀ ਪੱਖ:** ਗੁਰਬਾਣੀ ਦੇ ਪੱਖ ਤੋਂ ਮਾਇਆ ਪ੍ਰਕਿਰਤੀ ਹੈ। ਪਰ ਇਸ ਦੀ ਪ੍ਰਕਿਰਤੀ ਇਕ ਸੁਤੰਤਰ ਤੇ ਸਵੈ-ਆਧਾਰਿਤ ਨਹੀਂ ਹੈ, ਸਗੋਂ ਆਧਾਰਿਤ ਤੇ ਸੰਖੇਪ ਹੈ। ਗੁਰਮਤਿ ਦਰਸ਼ਨ ਇਸ ਵਿਚਾਰ ਦਾ ਹਾਮੀ ਹੈ ਕਿ ਮਾਇਆ ਰਚਨਾ ਹੈ, ਜਿਸ ਨੂੰ ਪਰਮਾਤਮਾ ਨੇ ਰਚਿਆ ਹੈ ਤੇ ਰਚਨਾ ਕਦੀ ਵੀ ਰਚਨਹਾਰ ਤੋਂ ਸੁਤੰਤਰ ਨਹੀਂ ਹੋ ਸਕਦੀ।

*ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬)*

ਗੁਰਬਾਣੀ ਵਿਚ ਅਨੇਕਾਂ ਥਾਂਵਾਂ ਉੱਤੇ ਮਾਇਆ-ਰੂਪੀ ਸੰਸਾਰ ਦੀ ਇਸ ਪ੍ਰਕਿਰਤੀ ਅਤੇ ਸਰੂਪ ਨੂੰ ਕਈ ਰੂਪਕਾਂ ਦੁਆਰਾ ਰੂਪਮਾਨ ਕੀਤਾ ਗਿਆ ਹੈ। ਜਿਵੇਂ ਕਿ ਮ੍ਰਿਗ ਤ੍ਰਿਸ਼ਨਾ, ਪਾਣੀ ਦਾ ਬੁਦਬੁਦਾ, ਬਾਦਲ ਕੀ ਛਾਹੀ ਇਤਿਆਦਿ। ਫੁਰਮਾਨ ਹੈ:

*ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੧)*

ਗੁਰਮਤਿ ਦਰਸ਼ਨ ਨੇ ਮਾਇਆ ਪ੍ਰਤੀ ਦੋਵੇਂ ਹੀ ਸਵੀਕਾਰਤਮਕ ਅਤੇ ਨਿਖੇਧਾਤਮਕ ਦ੍ਰਿਸ਼ਟੀਕੋਣ ਅਪਣਾਏ ਹਨ। ਪਹਿਲੇ ਪੱਖ ਤੋਂ ਸਮੁੱਚੀ ਕੁਦਰਤ ਵਿਚ ਕਾਦਰ ਨੂੰ ਵਿਦਮਾਨ ਮੰਨਿਆ ਹੈ। ਖੰਡ, ਬ੍ਰਹਿਮੰਡ ਨੂੰ ਸੱਚ ਮੰਨਿਆ ਹੈ, ਪਰਮਾਤਮਾ ਦੀ ਦ੍ਰਿਸ਼ਟੀ ਨੂੰ ਸੱਚੀ ਮੰਨਿਆ ਹੈ। ਇਸ ਸਵੀਕਾਰਤਮਕ ਦ੍ਰਿਸ਼ਟੀਕੋਣ ਨੇ ਮਨੁੱਖ ਦੇ ਅੰਦਰ ਇਸ ਜਗਤ ਦੇ ਪ੍ਰਤੀ ਘ੍ਰਿਣਾ ਬੰਦ ਨਹੀਂ ਕੀਤੀ, ਇਸ ਦੇ ਤਿਆਗ ਦੀ ਭਾਵਨਾ ਪੈਦਾ ਨਹੀਂ ਕੀਤੀ, ਸਗੋਂ ਇਸ ਪ੍ਰਤੀ ਇਕ ਉਸਾਰੂ ਮੋਹ ਵਾਲੀ ਭਾਵਨਾ ਪੈਦਾ ਕੀਤੀ ਹੈ। ਦੂਜੇ ਨਿਖੇਧਾਤਮਕ ਦ੍ਰਿਸ਼ਟੀਕੋਣ ਨੇ ਮਨੁੱਖ ਨੂੰ ਇਸ ਗੱਲ ਦੀ ਸੁਚੇਤਨਾ ਪ੍ਰਦਾਨ ਕੀਤੀ ਕਿ ਵਾਹਿਗੁਰੂ ਤੋਂ ਬਿਨਾਂ ਸਭ ਕੂੜ ਹੈ, ਤਾਂ ਜੋ ਮਨੁੱਖ ਇਸ ਜਗਤ ਨੂੰ ਹੀ ਸਦੀਵੀਂ ਸਮਝ ਕੇ ਇਸ ਵਿਚ ਖਚਿਤ ਨਾ ਹੋ ਜਾਵੇ ਤੇ ਇਸ ਨੂੰ ਹੀ ਸਭ ਕੁਝ ਨਾ ਸਮਝ ਬੈਠੇ।

*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੮)*

ਇਸ ਸਮੁੱਚੀ ਵਿਚਾਰਧਾਰਾ ਨੂੰ ਮੁੱਖ ਰੱਖਦਿਆਂ ਹੋਇਆਂ ਅਸੀਂ ਕਹਿ ਸਕਦੇ ਹਾਂ ਕਿ ਗੁਰਮਤਿ ਦਰਸ਼ਨ ਨੇ ਮਾਇਆ ਦੇ ਜਗਤ ਰੂਪ ਸਬੰਧੀ ਵਾਸਤਵਿਕ ਅਤੇ ਸਵੀਕਾਰਤਮਕ ਦ੍ਰਿਸ਼ਟੀਕੋਣ ਅਪਣਾਇਆ ਹੈ। ■

# ਭਗੌਤੀ ਜਾਂ ਭਗਵਤੀ

*-ਸ. ਗੁਰਚਰਨਜੀਤ ਸਿੰਘ ਲਾਂਬਾ**

ਭਗੌਤੀ ਜਾਂ ਭਗਵਤੀ? ਭਗਉਤੀ (ਭਗੌਤੀ) ਅਕਾਲ ਪੁਰਖ ਜਾਂ ਸ੍ਰੀ ਸਾਹਿਬ ਹੈ ਅਤੇ ਦੂਸਰੇ ਪਾਸੇ ਭਗਵਤੀ ਦੇਵੀ ਦਾ ਨਾਮ ਹੈ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ 'ਚੰਡੀ ਦੀ ਵਾਰ' ਰਚੀ ਤਾਂ ਇਸ ਦੀ ਪਹਿਲੀ ਪਉੜੀ ਅਰਦਾਸ ਦਾ ਹਿੱਸਾ ਬਣੀ। ਇਸ ਵਿਚ ਜੋਦੜੀ ਲਈ ਇਸ਼ਟ ਭਗੌਤੀ ਸੀ ਨਾ ਕਿ ਭਗਵਤੀ। ਇਹ ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਵਿਚ ਅੰਕਿਤ ਹੈ:

ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥ ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥

ਇੱਥੇ ਵਿਚਾਰਨ ਵਾਲੀ ਗੱਲ ਹੈ ਕਿ ਇਸ "ਪਉੜੀ ਵਿਚ ਸ੍ਰੀ ਭਗੌਤੀ ਜੀ ਸਹਾਇ॥" ਤੋਂ ਅਰੰਭ ਹੋ ਕੇ "ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥" 'ਤੇ ਸਮਾਪਤ ਹੁੰਦੀ ਹੈ। ਚੂੰਕਿ ਇਸ ਦੇ ਰਚਨਹਾਰ ਕਲਗੀਧਰ ਪਾਤਸ਼ਾਹ ਖ਼ੁਦ ਹਨ, ਇਸ ਲਈ ਇਸ ਵਿਚ ਉਨ੍ਹਾਂ ਦਾ ਨਾਮ ਨਹੀਂ ਹੈ ਜੋ ਗੁਰੂ ਖਾਲਸੇ ਨੇ ਬਾਅਦ ਵਿਚ ਸ਼ਾਮਲ ਕੀਤਾ।

ਇਸ ਤੋਂ ਬਾਅਦ ਸਤਿਗੁਰੂ ਜੀ ਇਕ ਦਮ ਸਪੱਸ਼ਟ ਕਰ ਦਿੰਦੇ ਹਨ ਕਿ ਕਰਤਾ ਪੁਰਖ ਕੇਵਲ ਇੱਕ ਅਕਾਲ ਪੁਰਖ ਹੈ ਬਾਕੀ ਸਾਰੇ ਬ੍ਰਹਮਾ, ਵਿਸ਼ਨੂ, ਸ਼ਿਵ, ਦੇਵ, ਦਾਨਵ ਸਿਰਜੇ ਅਤੇ ਉਨ੍ਹਾਂ ਵਿਚ ਆਪਸੀ ਬਾਦ ਵੀ ਤੂੰ ਹੀ ਉਪਜਾਇਆ ਹੈ।

*ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ॥*
*ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ॥*
*ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ॥*
*ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥* *(ਚੰਡੀ ਦੀ ਵਾਰ)*

ਹਾਲਾਂਕਿ ਸਤਿਗੁਰੂ ਜੀ ਇਹ ਵਾਰ ਦੁਰਗਾ ਦੀ ਲਿਖ ਰਹੇ ਹਨ ਪਰ ਦੁਰਗਾ ਬਾਰੇ ਵੀ ਕੋਈ ਭੁਲੇਖਾ ਨਹੀਂ ਰਹਿਣ ਦਿੰਦੇ ਕਿ ਅਕਾਲ ਪੁਰਖ ਨੇ ਖ਼ੁਦ ਦੁਰਗਾ ਨੂੰ

** New Jersey. USA. Mo: +1 9736990950 Email: santsipahi@gmail.com*

ਸਾਜਿਆ ਅਤੇ ਉਸੇ ਦੀ ਸ਼ਕਤੀ ਨਾਲ ਹੀ ਦੁਰਗਾ ਨੇ ਦੈਂਤਾਂ ਦਾ ਨਾਸ਼ ਕੀਤਾ। ਉਸੇ ਦੀ ਸ਼ਕਤੀ ਲੈ ਕੇ ਰਾਮ ਨੇ ਬਾਣਾਂ ਨਾਲ ਰਾਵਣ ਦਾ ਵਧ ਕੀਤਾ ਅਤੇ ਕ੍ਰਿਸ਼ਨ ਨੇ ਕੰਸ ਨੂੰ ਕੇਸਾਂ ਤੋਂ ਫੜ ਕੇ ਗਿਰਾਇਆ। ਇਸ ਤਰ੍ਹਾਂ ਕਰਣ ਕਾਰਣ ਉਹ ਅਕਾਲ ਪੁਰਖ ਖੁਦ ਹੀ ਹੈ। ਬਾਕੀ ਤਾਂ ਇਹ ਸਾਰੇ ਉਸ ਦੀ ਕਿਰਤ ਹਨ ਅਤੇ ਇਕ ਕਰਿੰਦੇ ਦੀ ਨਿਆਈਂ ਹਨ:

*ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ॥*
*ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥*
*ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥*
*ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥*
*ਕਿਨੀ ਤੇਰਾ ਅੰਤੁ ਨ ਪਾਇਆ॥੨॥* *(ਚੰਡੀ ਦੀ ਵਾਰ)*

ਇਹ ਅਰਦਾਸ ਸ੍ਰੀ ਭਗੌਤੀ ਜੀ ਦੀ ਹੈ। ਭਗਵਤੀ ਇਕ ਦੇਵੀ ਮਾਤਰ ਹੈ। ਪਰ ਉਸ ਦਾ ਕਿਰਦਾਰ ਬਹੁਤ ਹੀ ਸਲਾਹੁਣ ਯੋਗ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੁਰਗਾ ਜਾਂ ਭਗਵਤੀ ਦੀ ਉਸਤਤਿ ਵਿਚ ਇੰਦਰ ਦੀ ਮਿਥਿਹਾਸਿਕ ਪੌਰਾਣਿਕ ਕਹਾਣੀ 'ਤੇ ਆਧਾਰਿਤ ਇਕ ਨਹੀਂ, ਦੋ ਨਹੀਂ ਬਲਕਿ ਤਿੰਨ ਰਚਨਾਵਾਂ ਰਚੀਆਂ। ਉਸ ਦਾ ਕਾਰਨ ਸਪੱਸ਼ਟ ਸੀ ਕੀ ਦੁਰਗਾ ਦਾ ਚਰਿਤ੍ਰ ਬਾਕੀ ਸਾਰੀਆਂ ਪੌਰਾਣਿਕ ਕਹਾਣੀਆਂ, ਦੇਵੀਆਂ ਤੋਂ ਇਕ ਦਮ ਭਿੰਨ ਹੈ। ਦੁਰਗਾ ਦੇ ਕਿਰਦਾਰ ਵਿਚ ਕੋਈ ਪਰਵਾਰਕ ਜਾਂ ਨਿੱਜ ਦਾ ਉਦੇਸ਼ ਨਹੀਂ ਹੈ। ਉਹ ਇਹ ਕਿ ਜਦੋਂ ਇੰਦਰ ਨੂੰ ਸੁੰਭ ਨਿਸੁੰਭ ਨੇ ਸਿੰਘਾਸਨ ਤੋਂ ਪਟਕਾ ਕੇ ਥੱਲੇ ਡੇਗ ਲਿਆ ਤਾਂ ਉਹ ਰੋਂਦਾ ਕੁਰਲਾਉਂਦਾ ਪਹਾੜਾਂ ਵਿਚ ਤਪ ਕਰ ਰਹੀ ਦੁਰਗਾ ਕੋਲ ਗਿਆ ਅਤੇ ਕਿਹਾ ਕਿ, "ਮਾਈ ਮੈਨੂੰ ਬਚਾ ਲੈ!" ਦੁਰਗਾ ਖਿੜਖਿੜਾ ਕੇ ਹੱਸੀ ਤੇ ਕਹਿਣ ਲੱਗੀ ਕਿ, "ਕੋਈ ਗੱਲ ਨਹੀਂ ਮੈਂ ਆਈ!" ਮਿਥਿਹਾਸਿਕ ਕਹਾਣੀ ਮੁਤਾਬਕ ਦੁਰਗਾ ਯੁੱਧ ਕਰਦੀ ਹੈ ਅਤੇ ਭਗੌਤੀ ਫੜ ਕੇ ਸੁੰਭ ਨੂੰ ਮਾਰ ਦਿੰਦੀ ਹੈ। ਧਰਮ ਯੁੱਧ ਦੀ ਲਾਲਸਾ ਨਾਲ ਲਬਰੇਜ਼ ਸਤਿਗੁਰੂ ਜੀ ਇਕ ਅਬਲਾ ਕਹੀ ਜਾਂਦੀ ਇਸਤਰੀ ਵੱਲੋਂ ਦਾਨਵਾਂ ਨਾਲ ਕੀਤੇ ਯੁੱਧ ਨੂੰ ਕਮਾਲ ਦੇ ਅਲੰਕਾਰਾਂ ਨਾਲ ਸ਼ਿੰਗਾਰਦੇ ਹਨ ਕਿ ਦੁਰਗਾ ਨੇ ਹੱਥ ਵਿਚ ਸ਼ਕਤੀਸ਼ਾਲੀ ਭਗੌਤੀ ਫੜ ਲਈ ਅਤੇ ਰਾਜੇ ਸੁੰਭ ਨੂੰ ਜਦੋਂ ਮਾਰੀ ਤਾਂ ਉਹ ਉਸ ਦਾ ਖ਼ੂਨ ਪੀ ਗਈ। ਸੁੰਭ ਡਿੱਗ ਗਿਆ ਅਤੇ ਦੁਰਗਾ ਨੇ ਜਦੋਂ ਲਹੂ ਨਾਲ ਭਰੀ ਬਰਛੀ ਬਾਹਰ ਕੱਢੀ ਤਾਂ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕੋਈ ਨਵੀਂ ਵਿਆਹੀ ਦੁਲਹਨ ਲਾਲ ਸਾੜੀ ਪਾ ਕੇ ਆਈ ਹੈ:

*ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲਿ ਧਉਸਾ ਭਾਰੀ॥*
*ਲਈ ਭਗਉਤੀ ਦੁਰਗਸਾਹ ਵਰ ਜਾਗਨਿ ਭਾਰੀ॥*
*ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥*

*ਸੁੰਭ ਪਲਾਣੋ ਡਿੱਗਿਆ ਉਪਮਾ ਬੀਚਾਰੀ॥*
*ਡੁਬ ਰਤੂ ਨਾਲਹੁ ਨਿਕਲੀ ਬਰਛੀ ਦੁਧਾਰੀ॥*
*ਜਾਣ ਰਜਾਦੀ ਉਤਰੀ ਪੈਨ ਸੂਹੀ ਸਾਰ੍ਹੀ॥੫੩॥* *(ਚੰਡੀ ਦੀ ਵਾਰ)*

ਯੁੱਧ ਦੇ ਇਤਨੇ ਭਿਆਨਕ ਦ੍ਰਿਸ਼ ਨੂੰ ਸਤਿਗੁਰ ਸੱਚੇ ਪਾਤਸ਼ਾਹ ਕਿਤਨੀ ਸਹਿਜਤਾ ਨਾਲ ਪੇਸ਼ ਕਰਦੇ ਹਨ। ਇਸ ਦੇ ਬਾਅਦ ਦੁਰਗਾ ਇੰਦਰ ਨੂੰ ਉਸ ਦਾ ਸਿੰਘਾਸਨ ਦਿਵਾ ਕੇ ਉਸ ਵਿੱਚੋਂ ਕਿਸੇ ਹਿੱਸੇ ਦੀ ਮੰਗ ਨਹੀਂ ਕਰਦੀ ਬਲਕਿ ਵਾਪਸ ਪਹਾੜਾਂ ਵਿਚ ਚਲੀ ਜਾਂਦੀ ਹੈ। ਇੰਦਰ ਦੀ ਇਸ ਪੌਰਾਣਿਕ ਕਹਾਣੀ ਨੂੰ ਸਤਿਗੁਰੂ ਚਿਤ੍ਰਤ ਕਰਦੇ ਹਨ ਕਿ ਅਸਲ ਵਿਚ ਇਹ ਸਾਰੀ ਕਰਤਾ ਪੁਰਖ ਦੀ ਖੇਡ ਹੈ, ਦੁਰਗਾ ਤਾਂ ਇਕ ਨਮਿਤ ਮਾਤਰ ਹੈ- *ਕਹੂੰ ਇੰਦ੍ਰ ਰਾਜਾ ਕੋ ਮਿਲਤ ਇੰਦ੍ਰ ਪਦਵੀ ਸੀ ਕਹੂੰ ਇੰਦ੍ਰ ਪਦਵੀ ਛਿਪਾਇ ਛੀਨ ਲੇਤ ਹੋ॥* (ਅਕਾਲ ਉਸਤਤ)

ਇਹ ਚਰਿੱਤਰ ਅਤੇ ਕਿਰਦਾਰ ਸੀ ਜੋ ਕਲਗੀਧਰ ਪਿਤਾ ਨੇ ਸਿੰਘਾਂ ਲਈ ਚਿਤਵਿਆ ਅਤੇ ਘੜਿਆ। ਬਾਅਦ ਵਿਚ ਜਾਜੋਂ ਦੀ ਜੰਗ ਵਿਚ ਦਸਮ ਪਾਤਸ਼ਾਹ ਨੇ ਉਸ ਨੂੰ ਅਮਲ ਵਿਚ ਲਿਆਂਦਾ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਦਰਮਿਆਨ ਵਿਰਾਸਤ ਦੀ ਲੜਾਈ ਵਿਚ ਬਹਾਦਰ ਸ਼ਾਹ ਨੇ ਜਦੋਂ ਕਲਗੀਧਰ ਪਿਤਾ ਤੋਂ ਸਹਾਇਤਾ ਮੰਗੀ, ਤਾਂ ਸਤਿਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਯੋਗ ਜਾਣ ਕੇ ਉਸ ਦੀ ਮਦਦ ਕੀਤੀ, ਉਸ ਨੂੰ ਸਿੰਘਾਸਨ 'ਤੇ ਬਿਠਾਇਆ ਪਰ ਰਾਜ ਵਿਚ ਕੋਈ ਹਿੱਸਾ ਨਹੀਂ ਮੰਗਿਆ। ਇੱਥੇ ਦੇਵੀ ਦੇ ਇਸ ਕਰਤਬ ਦੀ ਉਸਤਤਿ ਕੀਤੀ ਗਈ ਹੈ ਪਰ ਸਤੁਤੀ (ਅਰਾਧਨਾ) ਨਹੀਂ। ਦੇਵੀ ਇਸ਼ਟ ਨਹੀਂ ਹੈ। ਬਾਅਦ ਦਾ ਖਾਲਸੇ ਦਾ ਇਤਿਹਾਸ ਵੀ ਇਹੀ ਚਰਿੱਤਰ ਦੁਹਰਾਉਂਦਾ ਹੈ ਕਿ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਖਾਲਸੇ ਨੇ ਹਰ ਮਜ਼ਲੂਮ ਦੀ ਬਾਂਹ ਫੜੀ। ਪਿਛਲੇ ਸਮੇਂ ਕੋਵਿਡ ਦੀ ਬਿਪਤਾ ਵੇਲੇ ਵੀ ਖਾਲਸੇ ਨੇ ਐਸੀਆਂ ਪੈੜਾਂ ਪਾਈਆਂ ਕਿ ਸਾਰਾ ਸੰਸਾਰ ਇਸ ਦਾ ਕਾਇਲ ਹੋ ਨਿੱਬੜਿਆ।

ਅਕਾਲ ਪੁਰਖ ਅਤੇ ਉਸ ਦੀ ਸ਼ਕਤੀ ਦੇ ਰੂਪ ਵਿਚ ਭਗੌਤੀ ਨੂੰ ਗੁਰੂ ਸਾਹਿਬ ਨੇ ਆਪ ਚਿਤਵਿਆ ਹੈ। 'ਸ਼ਸਤ੍ਰਨਾਮ ਮਾਲਾ' ਵਿਚ ਵੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਨ ਕਰਦੇ ਹਨ- *ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥਿ॥੪੬॥* ਇਹ ਭਗੌਤੀ ਦੇਵੀ ਨਹੀਂ ਬਲਕਿ ਪ੍ਰਤੱਖ ਲੋਹੇ 'ਚੋਂ ਘੜ੍ਹੀ ਹੋਈ ਹੈ। ਦੁਰਗਾ ਨੇ ਇਹ ਹੱਥ ਵਿਚ ਫੜ ਕੇ ਯੁੱਧ ਕੀਤਾ। ਭਾਈ ਗੁਰਦਾਸ ਜੀ ਵੀ ਇਸ ਦਾ ਹਵਾਲਾ ਦਿੰਦੇ ਹਨ- *ਨਾਉ ਭਗਉਤੀ ਲੋਹੁ ਘੜਾਇਆ। (ਵਾਰ ੨੫:੬)*

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਸਾਰੇ ਹੀ ਸਰੂਪਾਂ ਵਿਚ ਭਗੌਤੀ ਅੰਕਿਤ ਹੈ। ਸਤਿਗੁਰੂ ਜੀ ਨੇ ਭਗੌਤੀ ਦਾ ਵਰਣਨ ਕੇਵਲ ਵਾਰ ਦੁਰਗਾ ਵਿਚ ਹੀ ਨਹੀਂ ਕੀਤਾ ਬਲਕਿ ਅਕਾਲ ਉਸਤਤ, ਚੰਡੀ ਦੀ ਵਾਰ, ਗਿਆਨ ਪ੍ਰਬੋਧ, ਚੌਬੀਸ

ਅਵਤਾਰ, 'ਸ਼ਸਤ੍ਰਨਾਮ ਮਾਲਾ' ਆਦਿ ਬਹੁਤ ਰਚਨਾਵਾਂ ਵਿਚ ਕੀਤਾ ਹੈ। ਕਿਸੇ ਵੀ ਹਿੰਦੂ ਵੇਦ, ਸ਼ਾਸਤ੍ਰ, ਪੁਰਾਣ ਵਿਚ ਭਗੌਤੀ ਲਫ਼ਜ਼ ਨਹੀਂ ਆਇਆ। ਜਿਵੇਂ ਸਿੱਖ ਲਫਜ਼ ਵੀ ਕਿਸੇ ਹਿੰਦੂ ਪੁਰਾਤਨ ਜਾਂ ਪੌਰਾਣਿਕ ਗ੍ਰੰਥ ਵਿਚ ਨਹੀਂ ਮਿਲਦਾ। ਅਲਬੱਤਾ ਪੌਰਾਣਿਕ ਗ੍ਰੰਥਾਂ ਵਿਚ ਭਗਵਤੀ ਦੁਰਗਾ, ਸ਼ਕਤੀ, ਸ਼ਾਕਤ ਮਤ ਲਈ ਹੈ। ਪਰ ਭਗੌਤੀ ਲਫਜ਼ ਨਿਰੋਲ ਸਤਿਗੁਰੂ ਜੀ ਦੀ ਬਖ਼ਸ਼ਿਸ਼ ਹੈ, ਗੁਰਮਤਿ ਦਾ ਫ਼ਲਸਫ਼ਾ ਹੈ।

ਇਸ ਲਈ ਇੱਥੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਭਗੌਤੀ ਅਕਾਲ ਪੁਰਖ, ਅਕਾਲ ਪੁਰਖ ਦੀ ਸ਼ਕਤੀ, ਸ੍ਰੀ ਸਾਹਿਬ ਹੈ ਅਤੇ ਭਗਵਤੀ ਦੇਵੀ ਹੈ, ਦੁਰਗਾ ਹੈ।

ਸਤਿਗੁਰੂ ਜੀ ਨੇ ਗੁਰਮਤਿ ਦੀ ਰੱਖਿਆ ਲਈ ਰਾਮਕਾਰ ਇਤਨੀ ਮਜ਼ਬੂਤ ਸਿਰਜੀ ਹੈ ਕਿ ਕੋਈ ਇਸ ਵਿਚ ਸੰਨ੍ਹ ਲਾ ਹੀ ਨਹੀਂ ਸਕਦਾ। ਪਰ ਖਾਲਸੇ ਨੂੰ ਹਰ ਸਮੇਂ ਤਿਆਰ-ਬਰ-ਤਿਆਰ ਅਤੇ ਸੁਚੇਤ ਹੋਣ ਦੀ ਲੋੜ ਹੈ। ■

---

ਕਵਿਤਾ:

# ਨਮਨ ਉਹਨਾਂ ਯੋਧਿਆਂ ਨੂੰ...

*-ਸ. ਸਤਿਨਾਮ ਸਿੰਘ ਕੋਮਲ**

*ਨਮਨ ਉਹਨਾਂ ਯੋਧਿਆਂ ਨੂੰ*
*ਆ ਗਏ ਜੋ ਮੈਦਾਨ ਵਿਚ*
*ਅਉਖੀ ਘੜੀ ਪੀੜ੍ਹਤਾਂ ਦੇ*
*ਨਾਲ ਜੋ ਖਲੋਅ ਗਏ।*

*ਆਪਣਾ ਬੇਗਾਨਾ ਤੱਜ*
*ਘਨੱਈਆ ਬਣ ਤੱਕਿਆ ਹੈ*
*ਮਾਂ ਜਾਏ ਬਣ ਵਾਂਗ*
*ਸੱਕਿਆਂ ਖਲੋਅ ਗਏ।*

*ਸੇਵਾ ਸੰਸਥਾਵਾਂ ਅਤੇ*
*ਗਾਇਕ ਵੀ ਨੇ ਨਾਇਕ ਬਣੇ*
*ਰਸਦ ਪਾਣੀ ਪਸ਼ੂ ਚਾਰਾ*
*ਖੁੱਲ੍ਹੇ, ਦਰੀਂ ਢੋਅ ਗਏ।*

*ਹੰਢਾਉਂਦਾ ਸੰਤਾਪ ਜੋ*
*ਤੱਕਿਆ ਪੰਜਾਬ ਸਾਰਾ*
*ਸੇਵਾ ਦੀ ਦੁਨੀਆਂ ਵਿਚ*
*ਦਿਸਹੱਦੇ ਨਵੇਂ ਛੋਹ ਗਏ।*

*ਕਿਸੇ ਸਰਕਾਰ ਦੇ ਨਾ*
*ਹੱਥਾਂ ਵੱਲ ਵੇਖਿਆ ਹੈ*
*ਬਸ ਗੁਰੂ ਦੇ ਬਖਸ਼ਿਆਂ*
*ਖ਼ਜ਼ਾਨਿਆਂ ਨੂੰ ਵਰਤਿਆ।*

*ਸਭ ਤੋਂ ਵੱਡਾ ਧਰਮ ਹੈ*
*ਸੇਵਾ ਹੀ ਮਨੁੱਖਤਾ ਦੀ*
*ਗੁਰੂ ਦਿਆਂ ਉੱਚਿਆਂ*
*ਨਿਸ਼ਾਨਿਆਂ ਨੂੰ ਵਰਤਿਆ।* ■

* #੨੪੮, ਅਰਬਨ ਅਸਟੇਟ, ਚੰਡੀਗੜ੍ਹ ਰੋਡ, ਲੁਧਿਆਣਾ-੧੦; ਮੋ. ੯੪੧੭੩-੭੨੩੪੫

# ਗੁਰੂ-ਘਰ ਦੇ ਅਣਥੱਕ ਸੇਵਕ : ਬਾਬਾ ਬੁੱਢਾ ਜੀ

*-ਸ. ਕਿਰਪਾਲ ਸਿੰਘ**

ਗੁਰੂ-ਘਰ ਵਾਸਤੇ ਬਾਬਾ ਬੁੱਢਾ ਜੀ ਦੁਆਰਾ ਕੀਤੀ ਗਈ ਸੇਵਾ-ਘਾਲਣਾ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਬਾਬਾ ਬੁੱਢਾ ਜੀ ਨੂੰ ਛੇਵੀਂ ਪਾਤਸ਼ਾਹੀ ਤਕ ਗੁਰਿਆਈ ਦੀਆਂ ਰਸਮਾਂ ਅਦਾ ਕਰਨ ਦਾ ਅਹਿਮ ਅਤੇ ਵਡਮੁੱਲਾ ਕਾਰਜ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਗੱਲ ਤੋਂ ਹੀ ਅਸੀਂ ਉਨ੍ਹਾਂ ਦੇ ਗੁਰੂ-ਘਰ ਅਤੇ ਸਿੱਖਾਂ ਵਿਚ ਹੁੰਦੇ ਆਦਰ, ਮਾਣ-ਸਨਮਾਨ ਅਤੇ ਵਿਦਵਤਾ ਦਾ ਅੰਦਾਜ਼ਾ ਲਗਾ ਸਕਦੇ ਹਾਂ।

ਇਸ ਅਨੋਖੀ ਅਤੇ ਨਿਰਲੇਪ ਸ਼ਖ਼ਸੀਅਤ ਦੇ ਮਾਲਕ ਬਾਬਾ ਬੁੱਢਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਮਹਿਜ਼ ਸਬੱਬੀਂ ਨਹੀਂ ਮੰਨਿਆ ਜਾ ਸਕਦਾ। ਇਹ ਵਾਹਿਗੁਰੂ ਜੀ ਦੀ ਅਪਾਰ ਬਖ਼ਸ਼ਿਸ਼ ਦੁਆਰਾ ਹੀ ਸੰਭਵ ਹੋ ਸਕਿਆ ਸੀ। ਬਾਬਾ ਬੁੱਢਾ ਜੀ ਦਾ ਜਨਮ ਤਾਂ ਪਿੰਡ ਕੱਥੂਨੰਗਲ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੦੭ ਕੱਤਕ ਸੰਮਤ ੧੫੬੩ ਨੂੰ ਹੋਇਆ, ਸਮੇਂ ਅਤੇ ਕੁਦਰਤ ਨੇ ਐਸਾ ਸੰਜੋਗ ਬਣਾਇਆ ਕਿ ਬਾਬਾ ਜੀ ਦਾ ਪਰਵਾਰ ਕੱਥੂਨੰਗਲ ਛੱਡ ਕੇ ਦਰਿਆ ਰਾਵੀ ਦੇ ਕੰਢੇ ਰਮਦਾਸ ਨਾਂ ਦੇ ਪਿੰਡ ਦੀ ਜੂਹ ਵਿਚ ਆ ਕੇ ਵੱਸ ਗਿਆ। ਰਾਵੀ ਦਰਿਆ ਦੇ ਦੋਵਾਂ ਕੰਢਿਆਂ 'ਤੇ ਮੀਲਾਂ ਤਕ ਵਾਹੀਯੋਗ ਭੂਮੀ ਭਾਵੇਂ ਕਈ ਵਾਰ ਦਰਿਆ ਦੇ ਹੜ੍ਹਾਂ ਕਾਰਨ ਬਰਬਾਦ ਹੁੰਦੀ ਅਤੇ ਫਿਰ ਆਬਾਦ ਹੁੰਦੀ ਸੀ ਪਰ ਇੱਥੋਂ ਦੇ ਲੋਕ ਜੋ ਬਹੁਤ ਵੱਡੇ ਜਿਗਰੇ ਵਾਲੇ ਸਨ, ਨੇ ਆਪਣੇ ਆਪ ਨੂੰ ਇਸ ਕੁਦਰਤੀ ਆਫਤ ਨੂੰ ਝੱਲਣ ਦੇ ਯੋਗ ਬਣਾ ਲਿਆ ਹੋਇਆ ਸੀ। ਦਰਿਆ ਰਾਵੀ ਦਾ ਆਲਾ-ਦੁਆਲਾ ਜੰਗਲਾਂ ਅਤੇ ਕੁਦਰਤੀ ਝੀਲਾਂ ਨਾਲ ਭਰਪੂਰ ਸੀ ਅਤੇ ਦੂਰ-ਦੂਰ ਤਕ ਹਰੇ-ਭਰੇ ਘਾਹ ਅਤੇ ਜੜ੍ਹੀਆਂ-ਬੂਟੀਆਂ ਦੀਆਂ ਵੱਡੀਆਂ ਕੁਦਰਤੀ ਚਰਾਂਦਾਂ ਸਨ। ਇਸ ਕਰਕੇ ਆਲਾ-ਦੁਆਲਾ ਬਹੁਤ ਮਨਮੋਹਕ ਅਤੇ ਰਮਣੀਕ ਸੀ। ਅਜਿਹੇ ਅਸਥਾਨਾਂ 'ਤੇ ਕਾਦਰ ਦੀ ਕੁਦਰਤ ਕੁਝ ਜ਼ਿਆਦਾ ਹੀ ਮਿਹਰਬਾਨ ਹੁੰਦੀ ਹੈ। ਅਜਿਹੇ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਅਖੀਰੀ ਪੜਾਅ 'ਤੇ ਡੇਰੇ ਲਾਏ ਸੀ ਅਤੇ ਬਾਬਾ ਬੁੱਢਾ ਜੀ ਜਿਨ੍ਹਾਂ ਦਾ ਬਚਪਨ ਦਾ ਨਾਂ ਬੂੜਾ ਸੀ ਉਦੋਂ ਕੇਵਲ ਬਾਰ੍ਹਾਂ ਕੁ ਸਾਲਾਂ ਦੇ ਸਨ, ਦਾ ਮੇਲ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ।

ਸਿੱਖ ਪਰੰਪਰਾਵਾਂ ਅਨੁਸਾਰ ਇਸ ਰਮਣੀਕ ਸਥਾਨ ਵੱਲ ਸ੍ਰੀ ਗੁਰੂ ਨਾਨਕ ਦੇਵ

---

** ਸਾਬਕਾ ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ. ੯੮੫੫੦-੩੫੩੫੫*

ਜੀ ਅਕਸਰ ਵਿਚਰਦੇ ਹੁੰਦੇ ਸਨ ਅਤੇ ਆਸ-ਪਾਸ ਬਾਲਕ ਬੂੜਾ ਜੀ ਆਪਣੇ ਸਾਥੀਆਂ ਨਾਲ ਮੱਝਾਂ ਚਰਾਇਆ ਕਰਦੇ ਸਨ। ਇਕ ਦਿਨ ਬੱਚਿਆਂ ਦੀ ਨਿਗਾਹ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲ ਗਈ ਤਾਂ ਉਹ ਸਾਰੇ ਆਪਣੇ ਆਪ ਗੁਰੂ ਜੀ ਵੱਲ ਖਿੱਚੇ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬੱਚਿਆਂ ਦਰਮਿਆਨ ਸਰਸਰੀ ਗੱਲਬਾਤ ਹੋਈ ਜਿਸ ਦੌਰਾਨ ਬੂੜਾ ਜੀ ਦੀਆਂ ਸਿੱਧੀਆਂ-ਸਾਦੀਆਂ ਪਰ ਗੰਭੀਰ ਮਤਲਬ ਵਾਲੀਆਂ ਗੱਲਾਂ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਕਿ ਭਾਵੇਂ ਇਸ ਬਾਲਕ ਦੀ ਉਮਰ ਛੋਟੀ ਹੈ ਪਰ ਸਮਝ ਕਰਕੇ ਇਹ ਬੁੱਢਾ (ਬ੍ਰਿਧ) ਹੈ। ਇਸੇ ਦਿਨ ਤੋਂ ਬੂੜਾ ਜੀ ਦਾ ਨਾਂ ਬਾਬਾ ਬੁੱਢਾ ਰੱਖਿਆ ਗਿਆ ਜੋ ਕੁਝ ਸਮਾਂ ਪਾ ਕੇ ਪ੍ਰਸਿੱਧ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪਾਰਖੂ ਨਜ਼ਰਾਂ ਨੇ ਭਵਿੱਖ ਲਈ ਕੁਝ ਲੱਭ ਲਿਆ ਸੀ ਅਤੇ ਬਾਬਾ ਬੁੱਢਾ ਜੀ ਨੂੰ ਬਚਪਨ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਸਿੱਖ ਹੋਣ ਦਾ ਮਾਣ ਪ੍ਰਾਪਤ ਹੋਇਆ ਸੀ।

ਆਪਣੇ ਜੀਵਨ ਦੀ ਸਾਦੀ ਰਹਿਣੀ-ਬਹਿਣੀ ਅਤੇ ਆਪਣੀ ਸੇਵਾ-ਭਾਵਨਾ ਸਦਕਾ ਬਾਬਾ ਬੁੱਢਾ ਜੀ ਛੋਟੀ ਉਮਰ ਵਿਚ ਹੀ ਗੁਰੂ-ਘਰ ਵਿਚ ਛੇਤੀ ਹੀ ਸਾਰਿਆਂ ਦੇ ਜਾਣੇ-ਪਛਾਣੇ ਹੋ ਗਏ। ਆਪ ਹਰ ਵੇਲੇ ਗੁਰੂ-ਘਰ ਦੀ ਸੇਵਾ ਨੂੰ ਸਮਰਪਿਤ ਰਹਿੰਦੇ। ਇਨ੍ਹੀਂ ਦਿਨੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ ਧਰਮਸਾਲਾ ਬਣਵਾਉਣੀ ਸ਼ੁਰੂ ਕੀਤੀ ਹੋਈ ਸੀ। ਬਾਬਾ ਬੁੱਢਾ ਜੀ ਸਭ ਤੋਂ ਅੱਗੇ ਹੋ ਕੇ ਕਾਰ-ਸੇਵਾ ਵਿਚ ਹਿੱਸਾ ਲੈਂਦੇ ਅਤੇ ਨਾਮ-ਸਿਮਰਨ ਵਿਚ ਵੀ ਦਿਨੋ-ਦਿਨ ਨਿਪੁੰਨ ਹੁੰਦੇ ਗਏ। ਬਾਬਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਨੂੰ ਜਲਦੀ ਹੀ ਕੰਠ ਕਰ ਲਿਆ। ਆਪ ਵੀ ਜਪਦੇ ਅਤੇ ਦੂਜਿਆਂ ਨੂੰ ਵੀ ਜਪਾਉਂਦੇ। ਇੰਜ ਇਕ ਸਿੱਧੇ-ਸਾਦੇ ਕਿਰਸਾਨੀ ਪਰਵਾਰ ਵਿੱਚੋਂ ਆ ਕੇ ਬਾਬਾ ਬੁੱਢਾ ਜੀ ਰੱਬੀ ਗਿਆਨ ਨਾਲ ਭਰਪੂਰ ਹੋ ਕੇ ਬ੍ਰਹਮ ਗਿਆਨੀ ਬਣ ਗਏ।

ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਤੋਂ ਆਗਿਆ ਲੈ ਕੇ ਗ੍ਰਿਹਸਥ ਧਰਮ ਵਿਚ ਪ੍ਰਵੇਸ਼ ਕੀਤਾ। ਆਪ ਜੀ ਦਾ ਵਿਆਹ ਬੀਬੀ ਮਿਰੋਆਂ ਨਾਲ ਅੱਚਲ ਪਿੰਡ ਵਿਖੇ ਹੋਇਆ। ਬਰਾਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਲਖਮੀ ਚੰਦ ਜੀ ਸ਼ਾਮਲ ਸਨ ਅਤੇ ਵਿਆਹ ਵਿਚ ਮਾਤਾ ਸੁਲੱਖਣੀ ਜੀ ਨੇ ਸ਼ਿਰਕਤ ਕਰ ਕੇ ਬਾਬਾ ਜੀ ਨੂੰ ਆਸ਼ੀਰਵਾਦ ਦਿੱਤੀ। ਵਿਆਹ ਤੋਂ ਬਾਅਦ ਬਾਬਾ ਬੁੱਢਾ ਜੀ ਕੁਝ ਸਮਾਂ ਰਮਦਾਸ ਰਹਿ ਕੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਸਮੇਤ ਪਰਵਾਰ ਕਰਤਾਰਪੁਰ ਆ ਗਏ। ਇੱਥੇ ਬਾਬਾ ਜੀ ਸਾਰਾ ਦਿਨ ਗੁਰੂ-ਘਰ ਦੀ ਸੇਵਾ ਵਿਚ ਲੱਗੇ ਰਹਿੰਦੇ। ਆਪ ਗ੍ਰਿਹਸਥੀ ਜੀਵਨ ਬਤੀਤ ਕਰਦੇ ਹੋਏ, ਸੰਸਾਰਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਕਮਲ ਦੇ ਫੁੱਲ ਵਾਂਗ ਖਿੜੇ-ਮੱਥੇ ਗੁਰੂ-ਘਰ ਦੀ ਸੇਵਾ ਲਈ ਵੀ ਤਤਪਰ ਰਹਿੰਦੇ ਸਨ। ਐਸੀ ਸਿੱਖੀ-ਸੇਵਕੀ ਕਰਕੇ ਹੀ ਖੁਦ ਗੁਰੂ ਸਾਹਿਬਾਨ ਜੀ ਵੀ

ਆਪ ਨੂੰ "ਬਾਬਾ ਜੀ" ਕਹਿ ਕੇ ਪੁਕਾਰਦੇ ਸਨ।

ਗੁਰੂ ਸਾਖੀਆਂ ਅਤੇ ਸਿੱਖ ਰਵਾਇਤਾਂ ਅਨੁਸਾਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਅਖੀਰੀ ਸਮਾਂ ਨੇੜੇ ਜਾਣ ਕੇ ਸਿੱਖ ਧਰਮ ਦੀ ਵਾਗਡੋਰ ਕਿਸੇ ਯੋਗ ਸਿੱਖ ਦੇ ਹੱਥ ਪਕੜਾਉਣ ਦਾ ਨਿਸ਼ਚਾ ਕੀਤਾ ਤਾਂ ਉਨ੍ਹਾਂ ਨੇ ਆਪਣੇ ਸਿੱਖਾਂ ਦੀ ਪ੍ਰੀਖਿਆ ਲਈ ਅਤੇ ਇਸ ਦੌਰਾਨ ਸਾਰੀਆਂ ਪ੍ਰੀਖਿਆਵਾਂ ਵਿਚ ਬਾਬਾ ਬੁੱਢਾ ਜੀ ਕਿਸੇ ਨਾ ਕਿਸੇ ਤਰ੍ਹਾਂ ਸ਼ਾਮਿਲ ਹੁੰਦੇ ਸਨ। ਇਸ ਸਮੇਂ ਉਨ੍ਹਾਂ ਨੇ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਹੀ ਸਮਰਪਿਤ ਰੱਖਿਆ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਦੇ ਸਭ ਤੋਂ ਵੱਧ ਯੋਗ ਸਮਝਿਆ। ਉਨ੍ਹਾਂ ਨੇ ੧੭ ਹਾੜ ਸੰਮਤ ੧੫੯੬ ਮੁਤਾਬਕ ੧੪ ਜੂਨ, ੧੫੩੯ ਈ. ਨੂੰ ਭਾਈ ਲਹਿਣਾ ਜੀ ਨੂੰ ਗੁਰਿਆਈ ਸੌਂਪਣ ਦੀ ਮਰਯਾਦਾ ਬਾਬਾ ਬੁੱਢਾ ਜੀ ਪਾਸੋਂ ਸੇਵਾ ਲੈਂਦੇ ਹੋਏ ਸੰਪੂਰਨ ਕਰਵਾਈ ਅਤੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨਾਮ ਨਾਲ ਪੁਕਾਰਿਆ। ਭਾਈ ਗੁਰਦਾਸ ਜੀ ਇਸ ਸੰਬੰਧ ਵਿਚ ਲਿਖਦੇ ਹਨ:

*ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ। (ਵਾਰ ੧:੪੫)*

ਇਸ ਰਸਮ ਤੋਂ ਬਾਅਦ ਬਾਬਾ ਬੁੱਢਾ ਜੀ ਨੇ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਿਆ ਅਤੇ ਆਸ਼ੀਰਵਾਦ ਲਿਆ। ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਸਿੱਖ ਸੰਗਤ ਨੂੰ ਹੁਕਮ ਕੀਤਾ ਕਿ, "ਅੱਜ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮੇਰੀ ਥਾਂ ਸਮਝੋ, ਇਹ ਗੁਰੂ ਹਨ, ਮੇਰੀ ਜੋਤਿ ਇਨ੍ਹਾਂ ਵਿਚ ਸਮਾ ਗਈ ਹੈ।" ਗੁਰੂ ਸਾਹਿਬ ਜੀ ਦੇ ਇਸ ਹੁਕਮ ਅਤੇ ਰਮਜ਼ ਨੂੰ ਉਨ੍ਹਾਂ ਦਾ ਪਰਵਾਰ ਸਮਝ ਨਾ ਸਕਿਆ ਪਰ ਬਾਬਾ ਬੁੱਢਾ ਜੀ ਨੇ ਇਨ੍ਹਾਂ ਬਚਨਾਂ 'ਤੇ ਪਹਿਰਾ ਦਿੱਤਾ ਅਤੇ ਦੁਬਿਧਾ ਦੂਰ ਕਰਨ ਵਿਚ ਵੱਡਾ ਯੋਗਦਾਨ ਪਾਇਆ।

ਆਪ ਜੀ ਨੇ ਇਕ ਨਿਮਾਣੇ ਸੇਵਕ ਵਾਂਗ ਗੁਰੂ-ਘਰ ਦੀ ਸੇਵਾ ਕੀਤੀ, ਸਿੱਖੀ ਦਾ ਪ੍ਰਚਾਰ ਕੀਤਾ ਅਤੇ ਪ੍ਰਮੁੱਖ ਸਲਾਹਕਾਰ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ।

ਇਤਨਾ ਉੱਚਾ ਦਰਜਾ ਪਾ ਕੇ ਵੀ ਆਪ ਹਮੇਸ਼ਾਂ ਸਹਿਜ ਅਤੇ ਸਰਲ ਸੁਭਾਅ ਵਿਚ ਹੀ ਰਹੇ। ਆਪ ਜੀ ਦੀ ਸਿਫ਼ਤ ਸ਼ਬਦਾਂ ਵਿਚ ਉਤਾਰੀ ਨਹੀਂ ਜਾ ਸਕਦੀ। ਭਾਈ ਗੁਰਦਾਸ ਜੀ ਅਜਿਹੇ ਗੁਰਮੁਖ ਜਨਾਂ ਲਈ ਫੁਰਮਾਉਂਦੇ ਹਨ:

*ਗੁਰਮੁਖਿ ਭਾਉ ਭਗਤਿ ਭਗਤੁ ਪਛਾਣੀਐ।*
*ਗੁਰਮੁਖਿ ਬ੍ਰਹਮ ਗਿਆਨੁ ਗਿਆਨੀ ਬਾਣੀਐ।... (ਵਾਰ ੧੯:੧੫)*

ਅਤੇ ਸ਼ਰਧਾਂਜਲੀ ਦਿੰਦਿਆਂ ਇਹ ਲਿਖਿਆ:

*ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।*
*ਸਚੀ ਦਰਗਹ ਜਾਇ ਸਚਾ ਪਿੜੁ ਮਲਿਆ। (ਪਉੜੀ ੧੯:੧੪)*

■

# ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਧਰਮ ਸ਼ਾਸਤਰੀ ਅਧਿਐਨ

*-ਸ. ਰਣਧੀਰ ਸਿੰਘ**

**ਪਰਮਾਤਮਾ:-** ਪਰਮਾਤਮਾ ਦੋ ਸ਼ਬਦਾਂ ਪਰਮ ਤੇ ਆਤਮਾ ਦਾ ਸੁਮੇਲ ਹੈ। ਜੀਵ ਨੂੰ ਜੀਵ-ਆਤਮਾ ਵੀ ਆਖਿਆ ਜਾਂਦਾ ਹੈ। ਜੋ ਇਸ ਪਰਮ-ਆਤਮਾ ਦਾ ਹੀ ਅੰਸ਼ ਹੈ। ਧਰਮ ਵਿਚ ਪਰਮਾਤਮਾ ਅਤੇ ਉਸ ਦੀ ਹੋਂਦ ਬਾਰੇ ਬਹੁਤ ਕੁਝ ਵਖਿਆਨ ਹੋ ਚੁੱਕਾ ਹੈ। ਹਰ ਧਰਮ ਵਿਚ ਪਰਮਾਤਮਾ ਦੇ ਰੰਗ, ਰੂਪ ਤੇ ਹੋਂਦ ਸਬੰਧੀ ਅਲੱਗ-ਅਲੱਗ ਵਿਚਾਰ ਮਿਲਦੇ ਹਨ। ਪਰਮਾਤਮਾ ਦੈਵੀ ਸ਼ਕਤੀ ਹੈ ਜੋ ਸਾਰੇ ਸੰਸਾਰ ਅਤੇ ਜੀਵਾਂ ਨੂੰ ਚਲਾ ਰਿਹਾ ਹੈ। ਜੋ ਸ੍ਰਿਸ਼ਟੀ ਦਾ ਰਚਣਹਾਰ ਹੈ। ਉਹ ਅਦ੍ਵੈਤ ਰੂਪੀ ਬ੍ਰਹਮ ਹੀ ਹਰ ਕਣ-ਕਣ ਵਿਚ ਵੱਸਿਆ ਹੋਇਆ ਹੈ। ਧਰਮ ਦਾ ਸਾਰਾ ਤਾਣਾ-ਬਾਣਾ ਉਸ ਪਰਮ ਸੱਤਾ ਦੇ ਇਰਦ-ਗਿਰਦ ਹੀ ਘੁੰਮਦਾ ਹੈ ਜਿੰਨੇ ਵੀ ਧਰਮ ਇਸ ਦੁਨੀਆ ਵਿਚ ਪੈਦਾ ਹੋਏ ਉਹ ਇਸ ਕੇਂਦਰੀ ਨੁਕਤੇ ਨਾਲ ਹੀ ਅਗਾਂਹ ਵਧੇ ਹਨ। ਆਦਿ ਕਾਲ ਤੋਂ ਹੀ ਮਨੁੱਖ ਨੇ ਪਰਮਾਤਮਾ ਦੀ ਪੂਜਾ ਅਰੰਭ ਕਰ ਦਿੱਤੀ ਸੀ। ਬੇਸ਼ੱਕ ਪੂਜਾ ਅਜੋਕੇ ਢੰਗ ਤਰੀਕਿਆਂ ਵਾਂਗ ਨਹੀਂ ਸੀ ਪਰ ਕੁਦਰਤੀ ਅਲਾਮਤਾਂ ਨੂੰ ਉਹ ਪਰਮਾਤਮਾ ਜਾਂ ਦੈਵੀ ਸ਼ਕਤੀ ਦੀ ਕਰੋਪੀ ਸਮਝ ਕੇ ਆਪਣੇ ਵੱਲੋਂ ਬਲੀ ਆਦਿ ਰਾਹੀਂ ਖੁਸ਼ ਕਰਨ ਦਾ ਯਤਨ ਕਰਦਾ ਸੀ। ਇਹ ਪਰਮਾਤਮਾ ਦੀ ਹੋਂਦ ਨੂੰ ਮੰਨਣ ਦਾ ਉਸ ਦੀ ਭਗਤੀ ਦਾ ਮੁੱਢਲਾ ਦੌਰ ਸੀ। ਜਿਵੇਂ-ਜਿਵੇਂ ਮਨੁੱਖ ਨੇ ਵਿਕਾਸ ਕੀਤਾ ਉਸ ਨੂੰ ਰੱਬ ਬਾਰੇ ਹੋਰ ਗਿਆਨ ਪ੍ਰਾਪਤ ਹੁੰਦਾ ਗਿਆ। ਪੀਰ-ਪੈਗੰਬਰਾਂ, ਗੁਰੂਆਂ ਅਤੇ ਅਵਤਾਰਾਂ ਨੇ ਪਰਮਾਤਮਾ ਬਾਰੇ ਆਪੋ ਆਪਣੇ ਵਖਿਆਨ ਰਾਹੀਂ ਸਮਝਾਉਣ ਦਾ ਯਤਨ ਕੀਤਾ। ਕੁਝ ਇੱਕ ਦੋ ਧਰਮਾਂ ਨੂੰ ਛੱਡ ਕੇ ਬਹੁਤਾਂਤ ਧਰਮਾਂ ਨੇ ਇੱਕ ਪਰਮਾਤਮਾ ਵਿਚ ਹੀ ਵਿਸ਼ਵਾਸ ਪ੍ਰਗਟਾਇਆ ਹੈ। ਉਸ ਨੂੰ ਹੀ ਸ੍ਰਿਸ਼ਟੀ ਦਾ ਪਾਲਣਹਾਰ ਮੰਨਿਆ ਹੈ। 'ਮਹਾਨ ਕੋਸ਼' ਵਿਚ ਪਰਮਾਤਮਾ ਸ਼ਬਦ ਦੇ ਤਿੰਨ ਅਰਥ ਮਿਲਦੇ ਹਨ। ਪਰਮ-ਆਤਮਾ, ਪਾਰਬ੍ਰਹਮ, ਵਾਹਗੁਰੂ। (ਮਹਾਨ ਕੋਸ਼, ਪੰਨਾ ੭੪੮) ਵੱਖ-ਵੱਖ ਧਰਮਾਂ ਨੇ ਪਰਮਾਤਮਾ ਨੂੰ ਵੱਖ ਵੱਖ ਤਰੀਕਿਆਂ ਨਾਲ ਪਰਭਾਸ਼ਿਤ ਕੀਤਾ ਹੈ। ਈਸਾਈ ਧਰਮ ਵਿਚ ਪਰਮਾਤਮਾ ਬਾਰੇ ਮੁੱਖ ਆਧਾਰ ਵਿਸ਼ਵਾਸ ਹੀ ਹੈ। ਈਸਾਈ ਵਿਸ਼ਵਾਸ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ ਕਿ ਪਰਮਾਤਮਾ ਦੀ ਕਿਰਪਾ ਨਾਲ ਸਾਡਾ

** ਸੂਚਨਾ ਅਧਿਕਾਰੀ, ਸੂਚਨਾ ਦਫ਼ਤਰ, ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. ੯੮੦੩੯੫੦੭੭੩*

ਵਿਸ਼ਵਾਸ ਹੈ ਕਿ ਜੋ ਕੁਝ ਪ੍ਰਭੂ ਨੇ ਈਸਾ ਰਾਹੀਂ ਸਾਡੇ ਤਕ ਭੇਜਿਆ ਹੈ ਉਹੀ ਸੱਤ ਹੈ। ਇਹ ਸਾਰਾ ਕੁਝ ਪ੍ਰਭੂ ਦੀ ਪ੍ਰਭੂ-ਸੱਤਾ ਕਰਕੇ ਹੀ ਹੈ। ਈਸਾਈਅਤ ਦੇ ਵਿਸ਼ਵਾਸ ਦਾ ਮੂਲ ਸਰੋਕਾਰ ਇਹੀ ਹੈ ਕਿ ਪਰਮਾਤਮਾ ਇੱਕ ਹੈ ਅਤੇ ਸਭ ਦਾ ਪਿਤਾ ਹੈ। ਮਨੁੱਖ ਭੁੱਲਣਹਾਰ ਹੈ ਅਤੇ ਪਰਮਾਤਮਾ ਬਖਸ਼ਿੰਦ ਹੈ। ਪਰਮਾਤਮਾ ਸਰਬ-ਵਿਆਪਕ, ਸਰਬ-ਸ਼ਕਤੀਮਾਨ ਅਤੇ ਸਰਬ-ਕਲਾ ਸਮਰੱਥ ਹੈ। ਇਸਲਾਮ ਧਰਮ ਵੀ ਅਦਿੱਖ ਅਤੇ ਸਰਬ-ਸ਼ਕਤੀਮਾਨ ਪਰਮਾਤਮਾ ਵਿਚ ਹੀ ਅਟੁੱਟ ਵਿਸ਼ਵਾਸ ਪ੍ਰਗਟਾਉਂਦਾ ਹੈ। ਬਲਕਿ ਇਸ ਪੂਰਨ ਬ੍ਰਹਿਮੰਡ ਦੀ ਰਚਨਾ ਪਿੱਛੇ ਵੀ ਇਸਲਾਮ ਉਸ ਅਦਿੱਖ ਪਰਮਾਤਮਾ ਦੀ ਸ਼ਕਤੀ ਨੂੰ ਹੀ ਮੰਨਦਾ ਹੈ।

ਯਹੂਦੀ ਧਰਮ ਵਿਚ ਈਸ਼ਵਰ ਨੂੰ ਯਹੋਵਾ ਕਿਹਾ ਗਿਆ ਹੈ।[੧] ਯਹੂਦੀ ਧਰਮ ਵਿਚ ਈਸ਼ਵਰ ਨੂੰ ਸ੍ਰਿਸ਼ਟੀ ਕਰਤਾ, ਸਰਵ-ਸ਼ਕਤੀਮਾਨ, ਅਮਰ, ਸਰਵ-ਗਿਆਨੀ ਸਰਵ-ਵਿਆਪਕ, ਧਰਮੀ, ਪਵਿੱਤਰ, ਸਵਾਮੀ, ਸੱਚਾ ਨਿਆਂਕਾਰੀ ਆਦਿ ਆਖਿਆ ਗਿਆ ਹੈ। ਯਹੂਦੀ ਧਰਮ ਅਨੁਸਾਰ ਈਸ਼ਵਰ ਮਨੁੱਖ ਦੀ ਤਰ੍ਹਾਂ ਹੀ ਸੁਣਦਾ, ਵੇਖਦਾ, ਚੱਲਦਾ ਅਤੇ ਬੋਲਦਾ ਆਦਿ ਹੈ। ਉਸ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਅਤੇ ਉਹ ਉਸਤਤ ਦੇ ਯੋਗ ਹੈ।

ਸਿੱਖ ਧਰਮ ਵਿਚ ਪਰਮਾਤਮਾ ਨਾਲ ਜਾਣ-ਪਛਾਣ ਦਾ ਮੂਲ ਸਰੋਤ 'ਮੂਲ ਮੰਤਰ' ਹੀ ਹੈ ਜਿਸ ਤੋਂ ਪਰਮਾਤਮਾ ਦੇ ਸਦਗੁਣਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਪਰਮਾਤਮਾ ਇੱਕ ਹੈ, ਉਹ ਸੱਤ ਹੈ, ਉਹ ਸ੍ਰਿਸਟੀ ਦੀ ਰਚਨਾ ਕਰਨ ਵਾਲਾ ਹੈ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਮੰਨਿਆ ਹੈ, ਉਸ ਵਰਗਾ ਹੋਰ ਕੋਈ ਨਹੀਂ। ਉਹ ਨਿਰਭਉ ਅਤੇ ਨਿਰਵੈਰ ਹੈ। ਸਿੱਖ ਧਰਮ ਇੱਕ ਪਰਮਾਤਮਾ ਵਿਚ ਵਿਸ਼ਵਾਸ ਪ੍ਰਗਟਾਉਂਦਾ ਹੈ, ਜਿਸ ਨੂੰ ਅਕਾਲ ਪੁਰਖ ਕਿਹਾ ਗਿਆ ਹੈ। ਉਸ ਅਕਾਲ ਪੁਰਖ ਵਿਚ ਅਭੇਦ ਹੋਣਾ ਹੀ ਜੀਵ ਦਾ ਮਨੋਰਥ ਮੰਨਿਆ ਗਿਆ ਹੈ, ਪਰ ਇਸ ਤੋਂ ਇਲਾਵਾ ਪਰਮਾਤਮਾ ਦੇ ਸਰਗੁਣ ਅਤੇ ਨਿਰਗੁਣ ਸਰੂਪਾਂ ਬਾਰੇ ਵੀ ਵਖਿਆਨ ਮਿਲਦਾ ਹੈ। ਪਰ ਉਸ ਦੇ ਨਿਰਗੁਣ ਅਤੇ ਸਰਗੁਣ ਸਰੂਪਾਂ ਦੇ ਵਿਚ ਹੋਣ ਦੇ ਬਾਵਜੂਦ ਉਸ ਦੀ ਹੋਂਦ-ਹਸਤੀ ਨੂੰ ਇੱਕ ਹੀ ਮੰਨਿਆ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਦੀ ਬਾਣੀ ਵਿਚ ਇਸ ਸੰਕਲਪ ਨੂੰ ਦਰਸਾਇਆ ਹੈ:

*ਅਨੇਕ ਹੈਂ॥ ਫਿਰਿ ਏਕ ਹੈ॥*[੨]

ਉਹ ਇੱਕ ਹੀ ਹਰ ਥਾਂ ਰੂਪਮਾਨ ਹੈ। ਉਸ ਦੀ ਹਸਤੀ ਦੇ ਬਰਾਬਰ ਹੋਰ ਕੋਈ ਨਹੀਂ ਹੈ।

"ਸੰਪ੍ਰਦਾਈ ਖਿਆਲਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾ ਅਤੇ ਸਭ ਤੋਂ ਆਖਰੀ ਲਿਖਤੀ ਚਿੰਨ੍ਹ 'ਏਕਾ' ਹੈ ਅਤੇ ਇਹ ਏਕਾ ਇਕ ਅਕਾਲ ਪੁਰਖ ਵਾਹਿਗੁਰੂ ਦਾ ਲਖਾਇਕ ਹੈ ਅਤੇ ਇਸ 'ਏਕੇ' ਦਾ ਭਾਵ ਹੀ ਸਾਰੀ ਗੁਰਬਾਣੀ

ਵਿਚ ਪਸਰਿਆ ਹੋਇਆ ਹੈ। ਇਸੇ ਏਕੇ ਦੇ ਸਿਧਾਂਤ ਦਾ ਸੰਬੰਧ ਗੁਰੂ ਸਾਹਿਬ ਦੇ ਉਸ ਸਿਧਾਂਤ ਨਾਲ ਹੈ ਜਿਹੜਾ ਕਿ ਉਨ੍ਹਾਂ ਬ੍ਰਹਿਮੰਡ ਸਬੰਧੀ ਦਰਸਾਇਆ ਹੈ, ਇਸ ਸੰਸਾਰ ਦੇ ਆਦਿ, ਮੱਧ ਅਤੇ ਅੰਤ ਵਿਚ ਇੱਕ ਹੀ ਇੱਕ ਹੈ।"[੩] ਫੁਰਮਾਨ ਹੈ:

*-ਤਿਸੁ ਬਿਨੁ ਦੂਜਾ ਅਵਰੁ ਨ ਕੋਊ॥ ਆਦਿ ਮਧਿ ਅੰਤਿ ਹੈ ਸੋਊ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੦੧)*

*-ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੦)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇੱਕ ਸ਼ਬਦ ਵੀ ਅਜਿਹਾ ਨਹੀਂ ਜਿਸ ਦਾ ਸਪੱਸ਼ਟ ਜਾਂ ਸਿਧਾਂਤਕ ਅਰਥ ਅਕਾਲ ਪੁਰਖ ਪਰਮਾਤਮਾ ਜਾਂ ਇੱਕ ਅਦ੍ਵੈਤ ਰੂਪੀ ਬ੍ਰਹਮ ਤੋਂ ਨਹੀਂ ਹੈ। ਇੱਕ ਅਦ੍ਵੈਤ ਰੂਪੀ ਬ੍ਰਹਮ ਦਾ ਸਿਧਾਂਤ ਇਕੱਲੇ ਸਿੱਖ ਧਰਮ ਦਾ ਨਹੀਂ, ਬਲਕਿ ਸਭ ਆਸਤਿਕ ਧਰਮਾਂ ਦਾ ਪ੍ਰਮੁੱਖ ਸਿਧਾਂਤ ਹੈ। ਸਿੱਖ ਗੁਰੂ ਸਹਿਬਾਨ ਅਤੇ ਭਗਤ ਸਹਿਬਾਨ ਬਾਣੀ ਵਿਚ ਇਸ ਵਿਆਖਿਆ ਨੂੰ ਬਹੁਤ ਪ੍ਰਮੁੱਖਤਾ ਨਾਲ ਦ੍ਰਿੜ੍ਹ ਕਰਵਾਇਆ ਹੈ ਕਿ ਰੱਬ ਇੱਕ ਹੈ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੇ ਅਰੰਭ ਵਿਚ ਲਿਖਿਆ ਏਕਾ (੧) ਸਿੱਖ ਧਰਮ ਦੀ ਫ਼ਿਲਾਸਫ਼ੀ ਨੂੰ ਆਪਣੇ ਆਪ ਵਿਚ ਪ੍ਰਭਾਸ਼ਿਤ ਕਰ ਰਿਹਾ ਹੈ ਕਿ ਸਿੱਖ ਧਰਮ ਦੀ ਆਸਥਾ ਇੱਕ ਪਰਮਾਤਮਾ ਵਿਚ ਹੀ ਹੈ। ਸਾਰੀ ਗੁਰਬਾਣੀ ਸਾਨੂੰ ਇਸ ਇੱਕ ਅਕਾਲ ਦੀ ਵਿਆਖਿਆ ਦ੍ਰਿੜ੍ਹ ਕਰਵਾ ਰਹੀ ਹੈ। ਇਸ ਇੱਕ ਪਰਮਾਤਮਾ ਦੇ ਸਿਧਾਂਤ ਦੀ ਵਿਆਖਿਆ ਹੀ ਸਾਰੀ ਗੁਰਬਾਣੀ ਕਰ ਰਹੀ ਹੈ।

ਭਾਈ ਨੰਦ ਲਾਲ ਜੀ ਦੀ ਰਚਨਾ ਵਿਚ ਵੀ ਸਾਨੂੰ ਪਰਮਾਤਮਾ ਦੇ ਇੱਕ ਹੋਣ ਬਾਰੇ ਵਿਚਾਰ ਮਿਲਦੇ ਹਨ। ਭਾਈ ਨੰਦ ਲਾਲ ਜੀ ਨੇ ਇਸ ਬਾਬਤ ਲਿਖਿਆ ਹੈ ਕਿ ਸਾਰੇ ਜਗਤ ਵਿਚ ਉਸ ਵਾਹਿਗੁਰੂ ਅਕਾਲ ਪੁਰਖ ਦੇ ਨਾਮ ਦਾ ਹੀ ਸ਼ੋਰ ਹੈ, ਉਸ ਤੋਂ ਬਿਨਾਂ ਜਗਤ ਵਿਚ ਹੋਰ ਕੁਝ ਵੀ ਨਹੀਂ ਹੈ। ਸਾਡੀਆ ਅੱਖਾਂ ਉਸ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਤੱਕਦੀਆਂ ਭਾਵ ਮੈਨੂੰ ਉਸ ਪ੍ਰੀਤਮ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਦਿੱਸਦਾ। ਉਹ ਇਸ ਸਾਰੀ ਸ੍ਰਿਸ਼ਟੀ ਵਿਚ ਹੋ ਰਹੀ ਹਰ ਘਟਨਾ ਹਰ ਹਿਲਜੁਲ ਦਾ ਮੂਲ਼ ਕਾਰਨ ਹੈ। ਉਸ ਦੇ ਮੁਕਾਬਲੇ ਵਿਚ ਹੋਰ ਕੋਈ ਨਹੀਂ ਉਹ ਇੱਕ ਹੀ ਹੈ। ਉਹ ਧਰਤ ਅਤੇ ਅਕਾਸ਼ ਦਾ ਮਾਲਕ ਹੈ। ਉਹ ਸਭ ਮਨੁੱਖਾਂ ਅਤੇ ਜਾਨਦਾਰਾਂ ਨੂੰ ਜ਼ਿੰਦਗੀ ਬਖਸ਼ਣ ਵਾਲਾ ਹੈ। ਉਸ ਦੀ ਬਣਾਈ ਕਾਇਨਾਤ ਦਾ ਉਹ ਹੀ ਮਾਲਕ ਹੈ:

*-ਦੀਗਰੇ ਰਾ, ਅਜ਼ ਕੁਜਾ, ਆਰੇਮ ਮਾ।*
*ਸ਼ੋਰ ਦਰ ਆਲਮ, ਯਕੇ ਅਫ਼ਗੰਦਾ ਅਸ੍ਤ॥*[੪]
*ਆਂ ਖੁਦਾਵੰਦਿ ਜ਼ਮੀਨੋ ਆਸਮਾਂ।*
*ਜ਼ਿੰਦਗੀ ਬਖਸ਼ਿ ਵਜੂਦਿ ਇਨਸੋ ਜਾਂ॥*[੫]

ਸਿੱਖ ਧਰਮ ਦੇ ਵਿਚ 'ਮੂਲ ਮੰਤਰ' ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਦੇ ਗੁਣਾਂ ਨੂੰ ਸੰਪੂਰਨ ਰੂਪ ਵਿਚ ਪ੍ਰਗਟ ਕੀਤਾ ਹੈ। ਰੱਬ ਤੋਂ ਪਹਿਲਾਂ ਨਾ ਕੁਝ ਸੀ, ਜਦ ਕੁਝ ਵੀ ਨਹੀਂ ਹੋਵੇਗਾ ਤਾਂ ਵੀ ਉਹ ਹੋਵੇਗਾ। ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਅਨੁਸਾਰ ਰੱਬ ਸਰਬ-ਸ਼ਕਤੀਮਾਨ ਹੈ ਅਤੇ ਸਰਬ-ਵਿਆਪਕ ਹੈ। ਉਹ ਘਟ ਘਟ ਵਿਚ ਵੱਸਦਾ ਹੈ। ਉਸ ਦੀ ਰਜ਼ਾ ਵਿਚ ਸਾਰੀ ਕਾਇਨਾਤ ਦਾ ਪ੍ਰਵਾਹ ਚੱਲ ਰਿਹਾ ਹੈ। ਵੇਦਾਂਤ ਨੇ ਰੱਬ ਨੂੰ ਨਿਰਾ ਸਰਬ-ਵਿਆਪੀ ਮੰਨਿਆ ਹੈ ਜਿਸ ਦਾ ਸਦਾਚਾਰ 'ਤੇ ਚੰਗਾ ਅਸਰ ਨਾ ਪਿਆ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੇ ਰੱਬ ਨੂੰ ਅਗੋਚਰ ਵੀ ਮੰਨਿਆ ਅਤੇ ਸਰਬ-ਵਿਆਪਕ ਵੀ ਮੰਨਿਆ ਹੈ।[੬] ਗੁਰਬਾਣੀ ਅਨੁਸਾਰ ਰੱਬ ਦੀ ਜੋਤ ਹਰ ਜੀਵ ਵਿਚ ਵਿਆਪ ਰਹੀ ਹੈ। ਰੱਬ ਦਾ ਨਾਮ ਹੀ ਹੋਂਦ ਵਾਲਾ ਹੈ। ਇਸ ਸ੍ਰਿਸਟੀ ਦਾ ਰਚਣਹਾਰ ਉਹ ਆਪ ਹੈ, ਇਸ ਸ੍ਰਿਸਟੀ ਦੀ ਰਚਨਾ ਕਰ ਕੇ ਉਹ ਇਸ ਤੋਂ ਵੱਖ ਨਹੀਂ। ਉਹ ਇਸ ਸ੍ਰਿਸ਼ਟੀ ਵਿਚ ਹੀ ਰਚ ਰਿਹਾ ਹੈ, ਉਹ ਭੈ ਤੋਂ ਰਹਿਤ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ, ਉਸ ਦਾ ਸਰੀਰ ਨਾਸ਼-ਰਹਿਤ ਹੈ, ਉਹ ਜੂਨਾਂ ਵਿਚ ਨਹੀਂ ਆਉਂਦਾ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ, ਉਸ ਨੂੰ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਜਦ ਉਸ ਵਰਗਾ ਕੋਈ ਹੋਰ ਨਹੀਂ ਤਾਂ ਉਸ ਦਾ ਵੈਰ ਵੀ ਕਿਸੇ ਨਾਲ ਨਹੀਂ ਹੋ ਸਕਦਾ।

ਰੱਬ ਦੇ ਇਨ੍ਹਾਂ ਗੁਣਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਬਾਣੀ ਦੇ ਆਦਿ ਵਿਚ ਦਰਜ ਕੀਤਾ ਹੈ, ਜਿਸ ਨੂੰ 'ਮੂਲ ਮੰਤਰ' ਕਿਹਾ ਜਾਂਦਾ ਹੈ। ਦਸਮ ਪਾਤਸ਼ਾਹ ਨੇ ਇਨ੍ਹਾਂ ਗੁਣਾਂ ਦਾ 'ਜਾਪ ਸਾਹਿਬ' ਦੀ ਬਾਣੀ ਵਿਚ ਇਸ ਤਰ੍ਹਾਂ ਵਖਿਆਨ ਕੀਤਾ ਹੈ।[੭]

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਹਿ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਣ ਤ੍ਰਿਣ ਕਹਤ॥*
*ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥੧॥*

*(ਜਾਪੁ ਸਾਹਿਬ)*

ਜਿਸ ਸਿਧਾਂਤ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਨੇ ਆਪਣੀ ਬਾਣੀ ਸਵਯੇ ਮਹਲੇ ਪੰਜਵੇਂ ਕੇ ਵਿਚ ਦਰਜ ਕੀਤਾ ਹੈ:

*ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥*
*ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੫)*

ਭਗਤ ਸਹਿਬਾਨ ਜੀ ਦੀ ਬਾਣੀ ਵਿਚ ਵੀ ਪਰਮਾਤਮਾ ਦੇ ਸਰਬ-ਘਟਾਂ ਵਿਚ ਵੱਸੇ ਹੋਣ ਦੀ ਗਵਾਹੀ ਭਰੀ ਗਈ ਹੈ। ਭਗਤ ਨਾਮਦੇਵ ਜੀ ਮਾਲੀ ਗਉੜਾ ਰਾਗ ਵਿਚ ਇਸ ਸੰਬੰਧੀ ਵਖਿਆਨ ਕਰਦੇ ਹਨ:

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੮)*

ਰੱਬ ਸਰਬ-ਵਿਆਪਕ ਹੋਣ ਕਰਕੇ ਆਪਣੇ ਪਿਆਰਿਆਂ ਦੇ ਅੰਗ-ਸੰਗ ਵੱਸਦਾ ਹੈ ਉਹ ਸਭ ਦਾ ਮਾਂ-ਪਿਉ ਹੈ ਉਹ ਬਖਸ਼ਿੰਦ ਹੈ, ਉਹ ਔਗੁਣਾਂ ਨੂੰ ਨਹੀਂ ਚਿਤਾਰਦਾ:

*-ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥*
*ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩)*

*-ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੩)*

ਰੱਬ ਦੇ ਨਿਰਗੁਣ ਅਤੇ ਸਰਗੁਣ ਰੂਪ ਦੋਨਾਂ ਦਾ ਵਖਿਆਨ ਸਾਨੂੰ ਗੁਰਬਾਣੀ ਵਿਚ ਮਿਲਦਾ ਹੈ ਪਰ ਗੁਰੂ ਸਾਹਿਬ ਪਰਮਾਤਮਾ ਨੂੰ ਅੰਦਰ ਦੀ ਖੋਜ ਦਾ ਵਿਸ਼ਾ ਦਰਸਾਉਂਦੇ ਹਨ। ਇਸ ਨੂੰ ਬਾਹਰੀ ਕਰਮ-ਕਾਂਡਾਂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ, ਸਗੋਂ ਇਸ ਨੂੰ ਅੰਦਰੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰਬਾਣੀ ਅਨੁਸਾਰ ਮਨੁੱਖ ਰੱਬ ਨੂੰ ਬਾਹਰੀ ਸੰਸਾਰ ਵਿੱਚੋਂ ਲੱਭਣ ਦਾ ਯਤਨ ਕਰਦਾ ਹੈ। ਇਸ ਭਟਕਣਾ ਵਿਚ ਅਨੇਕ ਪ੍ਰਕਾਰ ਦੇ ਕਰਮ-ਕਾਂਡ ਕਰਦਾ ਹੈ ਪਰ ਅੰਤ ਰੱਬ ਦੇ ਦੀਦਾਰ ਉਸ ਨੂੰ ਘਰ ਵਿੱਚੋਂ ਹੀ ਹੁੰਦੇ ਹਨ:

*ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੮)*

ਭਾਈ ਨੰਦ ਲਾਲ ਜੀ ਨੇ ਆਪਣੀਆ ਰਚਨਾਵਾਂ ਵਿਚ ਅਦ੍ਵੈਤ ਰੂਪ ਪਰਮਾਤਮਾ ਦਾ ਅਨੇਕ ਵਾਰ ਜ਼ਿਕਰ ਕੀਤਾ ਹੈ। ਅਨੇਕ ਹੀ ਅਲੰਕਾਰਾਂ ਦੇ ਨਾਲ ਗੁੱਝੇ ਭੇਦ ਨੂੰ ਖੋਲਣ ਦਾ ਯਤਨ ਕੀਤਾ ਹੈ। ਉਸ ਪਰਮ-ਪਿਤਾ ਦੇ ਦੀਦਾਰ ਕਿਵੇਂ ਹੋ ਸਕਦੇ ਹਨ ਉਸ ਤਕ ਕਿਵੇਂ ਪਹੁੰਚਿਆ ਜਾ ਸਕਦਾ ਹੈ, ਉਹ ਆਪਣੇ ਪਿਆਰਿਆਂ ਦੇ ਕੋਲ ਵੱਸਦਾ ਹੈ, ਉਸ ਨੂੰ ਕਿਵੇਂ ਤੱਕਿਆ ਜਾ ਸਕਦਾ ਹੈ? ਪਰਮਾਤਮਾ ਹਰ ਥਾਂ ਮੌਜੂਦ ਹੈ। ਹਰ ਪਾਸੇ ਰੱਬ ਦੇ ਦੀਦਾਰ ਹੋ ਸਕਦੇ ਹਨ। ਪਰ ਉਸ ਪਿਆਰੇ ਦੇ ਦੀਦਾਰ ਕਰਨ ਵਾਲੀ ਅੱਖ ਕਿੱਥੇ ਹੈ? ਉਸ ਦੇ ਨੂਰ ਦੇ ਚੰਗਿਆੜੇ ਹਰ ਪਾਸੇ ਹਨ, ਪਰ ਉਸ ਨੂਰੀ ਮੁਜੱਸਮੇ ਦੇ ਦੀਦਾਰ ਲਈ ਉਹ ਅੱਖਾਂ ਵੀ ਚਾਹੀਦੀਆਂ ਹਨ ਜੋ ਉਸ ਨੂੰ ਤੱਕ ਸਕਣ।[੮] ਜਿੱਥੇ ਅਜਿਹੀ ਅੱਖ ਹੈ ਉਸ ਨੂੰ ਹਰ ਪਾਸੇ ਪਰਮਾਤਮਾ ਦੇ ਨੂਰ ਦੇ ਦੀਦਾਰ ਹੁੰਦੇ ਹਨ। ਭਾਈ ਨੰਦ ਲਾਲ ਜੀ ਪਰਮਾਤਮਾ ਦੇ ਸਭ ਥਾਂਈਂ ਰਮੇ ਹੋਣ ਦੇ ਸਿਧਾਂਤ ਦੀ ਪ੍ਰੋੜ੍ਹਤਾ ਕਰ ਰਹੇ ਹਨ। ਵੱਖ-ਵੱਖ ਧਰਮਾਂ ਦੇ ਅਲੱਗ

ਪੈਰੋਕਾਰਾਂ ਦੁਆਰਾ ਪ੍ਰਭੂ ਭਗਤੀ ਦੀ ਰਵਾਇਤ ਚਲਾਈ ਗਈ ਜਿਸ ਨੂੰ ਮੰਨਦਿਆਂ ਹੋਇਆਂ ਬ੍ਰਾਹਮਣ ਭਗਵਾਨ ਦੀਆਂ ਮੂਰਤੀਆਂ ਪੂਜ ਕੇ ਪਾਉਣਾ ਚਾਹੁੰਦਾ ਹੈ ਅਤੇ ਮੁੱਲਾਂ ਖਾਨਗਾਹਾਂ ਵਿੱਚੋਂ ਉਸ ਨੂੰ ਤਲਾਸ਼ਦਾ ਹੈ, ਪਰ ਭਾਈ ਨੰਦ ਲਾਲ ਜੀ ਵਖਿਆਨ ਕਰਦੇ ਹਨ ਕਿ ਮੈਂ ਤਾਂ ਉਸ ਪਿਆਰੇ ਦੇ ਪ੍ਰੇਮ ਦਾ ਪਿਆਲਾ ਹਰ ਥਾਂ ਭਰਿਆ ਹੋਇਆ ਵੇਖਿਆ ਹੈ।[੯] ਭਾਈ ਨੰਦ ਲਾਲ ਜੀ ਨੇ ਮਨੁੱਖ ਦੇ ਹਿਰਦੇ ਨੂੰ ਰੱਬ ਦਾ ਘਰ ਆਖਿਆ ਹੈ। ਪਰਮਾਤਮਾ ਮਨੁੱਖੀ ਦਿਲ ਅੰਦਰ ਵੱਸਦਾ ਹੈ। ਇਸ ਵਿਆਖਿਆ ਨੂੰ ਭਾਈ ਨੰਦ ਲਾਲ ਜੀ ਨੇ ਖੋਲਣ ਦਾ ਯਤਨ ਕੀਤਾ ਹੈ। ਮਨੁੱਖ ਦਾ ਹਿਰਦਾ ਰੱਬ ਦਾ ਘਰ ਹੈ। ਰੱਬ ਮਨੁੱਖ ਦੇ ਘਰ ਵਿਚ ਰਹਿੰਦਾ ਹੈ, ਐਸਾ ਮੈਂ ਕੀ ਕਹਾਂ? ਰੱਬ ਨੇ ਹੀ ਐਸਾ ਕਿਹਾ ਹੈ। ਦੁਨੀਆ ਦਾ ਵਾਲੀ ਤੇਰੇ ਨਾਲ ਹੀ ਬੈਠਦਾ ਹੈ, ਉਹ ਤੇਰੇ ਨਾਲ ਜ਼ੁਬਾਨ-ਗੋਈ ਭਾਵ ਗੱਲ ਵੀ ਕਰਦਾ ਹੈ, ਪਰ ਹੇ ਨਲਾਇਕ ਮਨੁੱਖ! ਤੂੰ ਹਰ ਜਣੇ-ਖਣੇ ਵੱਲ ਨੱਠਿਆ ਫਿਰਦਾ ਹੈ।[੧੦]

ਸੰਨਿਆਸ ਨੂੰ ਵੀ ਰੱਬ ਨੂੰ ਪਾਉਣ ਦਾ ਯੋਗ ਮਾਰਗ ਸਮਝਿਆ ਜਾਂਦਾ ਹੈ, ਇਸ ਸੰਸਾਰ ਦੀ ਮੋਹ ਮਾਇਆ ਨੂੰ ਤਿਆਗ ਕੇ ਮਨੁੱਖ ਰੱਬ ਨੂੰ ਪਾਉਣ ਲਈ ਯਤਨਸ਼ੀਲ ਹੁੰਦਾ ਹੈ ਪਰ ਇਨ੍ਹਾਂ ਯਤਨਾ ਸਦਕਾ ਸਗੋਂ ਵਧੀਕ ਹਉਮੈਂ ਦਾ ਸ਼ਿਕਾਰ ਹੋ ਜਾਂਦਾ ਹੈ। ਵਾਹਿਗੁਰੂ ਨੂੰ ਲੱਭਣ ਲਈ ਕਿਧਰੇ ਜਾਣ ਦੀ ਜ਼ਰੂਰਤ ਨਹੀਂ, ਸਗੋਂ ਖ਼ੁਦਾ ਹਰ ਥਾਂ ਹਾਜ਼ਰ-ਨਾਜ਼ਰ ਹੈ ਉਸ ਦੇ ਦਰਸ਼ਨ ਕਰ ਉਸ ਰਾਹ ਵਿਚ ਕੋਈ ਰੁਕਾਵਟ ਨਹੀਂ ਹੋਵੇਗੀ। ਐ ਦਿਲ! ਤੂੰ ਬੇਫ਼ਾਇਦਾ ਹੀ ਉਜਾੜਾਂ ਤੇ ਜੰਗਲਾਂ ਵਿਚ ਕਿਉਂ ਭਟਕ ਰਿਹਾ ਹੈਂ ਜਦ ਕਿ ਉਸ ਸੋਹਣਿਆਂ ਦੇ ਸੁਲਤਾਨ ਨੇ ਤੇਰੇ ਨੈਣਾਂ ਅੰਦਰ ਹੀ ਡੇਰੇ ਲਾਏ ਹੋਏ ਹਨ। ਜਿਸ ਨੇ ਵੀ ਉਸ ਦੇ ਪਾਕ ਦੀਦਾਰ ਦੀ ਝਾਤੀ ਪਾ ਲਈ ਉਸ ਦੀ ਭਟਕਣਾ ਖਤਮ ਹੋ ਜਾਂਦੀ ਹੈ। ਉਸ ਦੇ ਰਾਹ ਵਿਚ ਖੁਸ਼ੀਆਂ, ਖੇੜੇ, ਬਰਕਤਾਂ ਹੀ ਹਨ। ਉਸ ਦੀ ਅਗਿਆਨਤਾ ਦੀ ਰਾਤ ਮੁੱਕ ਜਾਂਦੀ ਹੈ, ਉਹ ਵਿਕਾਰਾਂ ਦੀ ਅੱਗ ਵਿਚ ਸੜਨ ਤੋਂ ਬਚ ਜਾਂਦਾ ਹੈ:

*-ਖ਼ੁਦਾ ਹਾਜ਼ਰ ਬਵਦ ਦਾਇਮ, ਬਬੀਂ ਦੀਦਾਰਿ ਪਾਕਸ਼ ਰਾ॥*
*ਨ ਗਿਰਦਾਬੇ ਦਰੋ ਹਾਇਲ, ਨ ਦਰਯਾਓ, ਨ ਸਾਹਿਲ-ਹਾ॥*[੧੧]
*-ਚਿਰਾ ਬੇਹੁਦਾ ਮੇ ਗਰਦੀ, ਬ-ਸਹਾਰਓ ਬ-ਦਸ਼ਤ, ਐ ਦਿਲ॥*
*ਚੂ ਆਂ ਸੁਲਤਾਨਿ ਖ਼ੂਬਾਂ, ਕਰਦਹ ਅੰਦਰ ਦੀਦਹ ਮੰਜ਼ਿਲ-ਹਾ॥*[੧੨]

ਭਾਈ ਨੰਦ ਲਾਲ ਜੀ ਨੇ ਰੱਬ ਨੂੰ ਕਿਸੇ ਖਾਸ ਜਗ੍ਹਾ ਜਾਂ ਖਾਸ ਦਿਸ਼ਾ ਵਿਚ ਹੋਣ ਦੇ ਭਰਮ ਨੂੰ ਵੀ ਦੂਰ ਕੀਤਾ ਹੈ। ਮੈਂ ਤੈਨੂੰ ਮੰਦਰ ਜਾਂ ਮਸੀਤ ਵਿਚ ਜਾਣ ਲਈ ਨਹੀਂ ਆਖਦਾ ਪਰ ਜਿਸ ਪਾਸੇ ਵੱਲ ਵੀ ਤੂੰ ਜਾਵੇਂ ਹਰ ਪਾਸੇ ਉਸ ਦਾ ਹੀ ਦੀਦਾਰ ਵੇਖ।

*ਨ ਗੋਇਮਤ, ਕਿ: ਸੂਏ ਦੈਰ ਯਾ ਹਰਮ ਮੇ ਰੌ॥*
*ਬ-ਤਰਫ਼ ਕਿ: ਰਵੀ, ਜਾਨਬਿ ਖ਼ੁਦਾ ਮੇ ਬਾਸ਼॥*[੧੩]

**ਹਵਾਲੇ:**

**੧.** *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ:* ਡਾ. ਸਰਬਜਿੰਦਰ ਸਿੰਘ, ਪੰਜਾਬੀ ਯੂਨੀ. ਪਟਿਆਲਾ

**੨.** *ਜਾਪੁ ਸਾਹਿਬ ਪਾਠ ਤੇ ਪ੍ਰਵਚਨ,:* ਰਮਨਪ੍ਰੀਤ ਕੌਰ, ਰਵੀ ਸਾਹਿਤ ਪ੍ਰਕਾਸ਼ਨ, ਪੰਨਾ ੯੫
**੩.** *ਗੁਰਮਤਿ ਦਰਸ਼ਨ:* ਪ੍ਰੋ. ਸ਼ੇਰ ਸਿੰਘ, ਪੰਨਾ ੨੧੭
**੪.** *ਸਾਚੀ ਪ੍ਰੀਤ:* ਹਰਿਭਜਨ ਸਿੰਘ ਪੰਨਾ ੬੨
**੫.** *ਭਾਈ ਨੰਦ ਲਾਲ ਗ੍ਰੰਥਾਵਲੀ:* ਗੰਡਾ ਸਿੰਘ, ਪੰਨਾ *੭੭*
**੬.** *ਸਿੱਖ ਵਿਚਾਰਧਾਰਾ:* ਪ੍ਰੋਫੈਸਰ ਪ੍ਰੀਤਮ ਸਿੰਘ ਐਮ. ਏ, ਪੰਨਾ ੪੧ ੨੦੧੯
**੭.** *ਸਿੱਖ ਵਿਚਾਰਧਾਰਾ:* ਪ੍ਰੋਫੈਸਰ ਪ੍ਰੀਤਮ ਸਿੰਘ ਐਮ. ਏ, ਪੰਨਾ ੪੪, ੨੦੧੯
**੮.** *ਹਰ ਤਰਫ਼ ਦੀਦਾਰ ਅੱਮਾ ਦੀਦਾ-ਇ ਬੀਨਾ ਕੁਜਾਸ੍ਰ*
*ਹਰ ਕੁਜਾ ਤੂਰ ਅਸਤ, ਹਰ ਸੂ ਸ਼ੋਲਾ-ਇ ਅਨਵਾਰ ਹਸ੍ਰ॥, ਸਾਚੀ ਪ੍ਰੀਤ:* ਹਰਿਭਜਨ ਸਿੰਘ, ਪੰਨਾ ੫੨
**੯.** *ਬ੍ਰਾਹਮਨ ਮੁਸ਼ਤਾਕਿ ਬੁੱਤ, ਜ਼ਾਹਿਦ ਫ਼ਿਦਾਏ ਖਾਨਕਾਹ।*
*ਹਰ ਕੁਜਾ ਜਾਮਿ ਮੁਹੱਬਤ, ਦੀਦਾ-ਅਮ ਸਰਸ਼ਾਰ ਹਸ੍ਰ॥, ਸਾਚੀ ਪ੍ਰੀਤ:* ਹਰਿਭਜਨ ਸਿੰਘ, ਪੰਨਾ ੫੩
**੧੦.** *ਈਂ ਦਿਲਿ ਤੂ, ਖ਼ਾਨਾਇ ਹੱਕ਼, ਬੂਦਾ ਅਸਤ*
*ਮਨ ਚਿਹ ਗੋਇਮ, ਹੱਕ ਚੁਨੀਂ ਫ਼ਰਮੂਦਾ ਅਸਤ॥*
*ਸ਼ਾਹਿ ਬਾ ਤੂ, ਹਮਨਸ਼ੀਨੋ ਹਮਜ਼ਬਾਂ*
*ਤੂ ਬ-ਸੂਇ ਹਰਕਸੇ, ਨਾਕਿਸ ਦਵਾਂ॥*
*ਭਾਈ ਨੰਦ ਲਾਲ ਜੀ ਗ੍ਰੰਥਾਵਲੀ,* ਗਿਆਨੀ ਗੁਰਵਿੰਦਰ ਸਿੰਘ, ਪੰਨਾ ੧੨੨
**੧੧.** *ਸਾਚੀ ਪ੍ਰੀਤ,* ਹਰਿਭਜਨ ਸਿੰਘ, ਪੰਨਾ ੩੭
**੧੨.** *ਸਾਚੀ ਪ੍ਰੀਤ,* ਹਰਿਭਜਨ ਸਿੰਘ, ਪੰਨਾ ੩੮
**੧੩.** *ਸਾਚੀ ਪ੍ਰੀਤ,* ਹਰਿਭਜਨ ਸਿੰਘ, ਪੰਨਾ ੧੯੦

■

---

## ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ ੧੬ ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ www.sgpc.net ਤੋਂ ਲਈ ਜਾ ਸਕਦੀ ਹੈ ਜਾਂ ੦੧੮੩-੨੫੫੩੯੫੬, ਐਕਸ:੩੦੫ ’ਤੇ ਸੰਪਰਕ ਕੀਤਾ ਜਾ ਸਕਦਾ ਹੈ।

---

ਸੋਧ: ‘ਗੁਰਮਤਿ ਪ੍ਰਕਾਸ਼’ ਅੰਕ ਸਤੰਬਰ ੨੦੨੫ ਦੇ ਪੰਨਾ ੬੩ ਦੀ ਛੇਵੀਂ ਲਾਈਨ ਵਿਚ “ਸ੍ਰੀ ਗੁਰੂ ਅਮਰਦਾਸ ਸਾਹਿਬ ਜੀ” ਦੀ ਥਾਂ “ਸ੍ਰੀ ਗੁਰੂ ਅਰਜਨ ਦੇਵ ਜੀ” ਪੜ੍ਹਿਆ ਜਾਵੇ।-ਸੰਪਾਦਕ

---

ਸਤੰਬਰ ੨੦੨੫ ਦਾ ਬਾਕੀ

# ਗੁਰਮਤਿ ਦੇ ਅਨਮੋਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

**੩੧.** ਮਾੜਾ ਕੰਮ ਕਰਨ ਤੋਂ ਪਹਿਲਾਂ ਹੀ ਜੇ ਮਨੁੱਖ ਦਾ ਮਨ ਸੁਚੇਤ ਹੋ ਜਾਵੇ ਤਾਂ ਬਾਅਦ ਵਿਚ ਪਛਤਾਵੇ ਦੀ ਲੋੜ ਹੀ ਨਹੀਂ ਪੈਂਦੀ।

**੩੨.** ਜਿਸ ਤਰ੍ਹਾਂ ਇਕ ਗ਼ਰੀਬ ਨੂੰ ਗ਼ਰੀਬੀ ਚੰਗੀ ਨਹੀਂ ਲਗਦੀ, ਇਸੇ ਤਰ੍ਹਾਂ ਇਕ ਅਮੀਰ ਨੂੰ ਗ਼ਰੀਬ ਚੰਗੇ ਨਹੀਂ ਲਗਦੇ।

**੩੩.** ਜਿਹੜਾ ਸਿੱਖ ਸੱਚੇ ਨਾਮ ਦਾ ਵਪਾਰ ਕਰਦਾ ਹੈ, ਐਸੇ ਸਿੱਖ ਦੀ ਸਿੱਖੀ ਸਤਿਗੁਰੂ ਜੀ ਓੜਕ ਤਕ ਨਿਭਾ ਲੈਂਦੇ ਹਨ।

**੩੪.** ਨਿੰਦਕ ਮਨੁੱਖ ਆਪਣੇ ਜੀਵਨ ਰੂਪੀ ਬ੍ਰਿਛ ਨੂੰ ਨਿੰਦਾ ਰੂਪੀ ਕੁਹਾੜੀ ਨਾਲ ਆਪ ਹੀ ਵੱਢ ਰਿਹਾ ਹੁੰਦਾ ਹੈ।

**੩੫.** ਮਾਇਆ ਨਾਲ ਦੁਨੀਆ ਦੇ ਤਮਾਮ ਸੁੱਖ ਤਾਂ ਖਰੀਦੇ ਜਾ ਸਕਦੇ ਹਨ, ਪਰ ਮਾਇਆ ਨਾਲ ਮਨੁੱਖ ਅੰਦਰ ਦਾ ਸੁੱਖ ਅਤੇ ਸ਼ਾਂਤੀ ਨਹੀਂ ਖਰੀਦ ਸਕਦਾ।

**੩੬.** ਜਿਹੜੇ ਮਨੁੱਖ ਨੂੰ ਆਪਣੇ ਗੁਣਾਂ ਦਾ ਹੰਕਾਰ ਹੋ ਜਾਵੇ, ਉਹ ਸਮਝੋ ਕਿ ਆਪਣੇ ਘਰ ਨੂੰ ਆਪ ਹੀ ਤੀਲ੍ਹੀ ਲਾ ਕੇ ਸਾੜ ਰਿਹਾ ਹੁੰਦਾ ਹੈ।

**੩੭.** ਕਿਸੇ ਦਾ ਬੁਰਾ ਸੋਚਣਾ ਹੀ, ਦੁਖਾਂ ਦੀ ਅਸਲ ਜੜ੍ਹ ਹੁੰਦੀ ਹੈ।

**੩੮.** ਮਨੁੱਖ ਚੰਗੇ ਕੰਮ ਕਰਨ ਨਾਲ ਰੱਬ ਦੇ ਨੇੜ੍ਹੇ ਹੋ ਜਾਂਦਾ ਹੈ ਅਤੇ ਮਾੜੇ ਕੰਮ ਕਰਨ ਨਾਲ ਰੱਬ ਤੋਂ ਦੂਰ ਹੋ ਜਾਂਦਾ ਹੈ।

**੩੯.** ਜਿਹੜਾ ਸਿੱਖ ਦੁਖਾਂ ਅਤੇ ਵਾਸਨਾਵਾਂ ਦੇ ਤੂਫਾਨ ਅੱਗੇ ਇਕ ਰਸ ਅਤੇ ਅਡੋਲ ਰਹੇ, ਐਸਾ ਸਿੱਖ ਗੁਰੂ ਦਾ ਲਾਡਲਾ ਪੁੱਤ ਬਣ ਜਾਂਦਾ ਹੈ।

**੪੦.** ਹਰ ਮਨੁੱਖ ਦਾ ਅਸਲੀ ਰੂਪ, ਉਸਦੇ ਵਿਚਾਰ ਹੀ ਹੁੰਦੇ ਹਨ।

**੪੧.** ਫ਼ਲ ਜਦੋਂ ਪੱਕ ਜਾਂਦਾ ਹੈ ਤਾਂ ਰੁੱਖ ਨਾਲੋਂ ਆਪੇ ਹੀ ਟੁੱਟ ਜਾਂਦਾ ਹੈ, ਇਸੇ ਤਰ੍ਹਾਂ ਸਿੱਖ ਦਾ ਹਿਰਦਾ ਜਦੋਂ ਬਾਣੀ ਨਾਲ ਭਿੱਜ ਜਾਂਦਾ ਹੈ ਤਾਂ ਸੰਸਾਰ ਨਾਲੋਂ ਆਪੇ ਹੀ ਟੁੱਟ ਜਾਂਦਾ ਹੈ।

**੪੨.** ਸਭਾ ਵਿਚ ਬੈਠੇ ਹੋਏ ਸਿਆਣੇ ਅਤੇ ਸੁਲਝੇ ਹੋਏ ਮਨੁੱਖ ਦਾ ਘੱਟ ਬੋਲਣਾ, ਮੂਰਖ ਦੇ ਬੋਲਾਂ ਨਾਲੋਂ ਕਿਤੇ ਜ਼ਿਆਦਾ ਅਸਰਦਾਰ ਹੁੰਦਾ ਹੈ।

**੪੩.** ਜਿਹੜਾ ਸਿੱਖ ਰੱਬ ਨਾਲ ਬੋਲਣਾ ਸ਼ੁਰੂ ਕਰ ਲੈਂਦਾ ਹੈ, ਐਸਾ ਸਿੱਖ ਸੰਸਾਰ ਵਿਚ ਬੋਲਣਾ ਘੱਟ ਕਰ ਦਿੰਦਾ ਹੈ।

**੪੪.** ਮਨੁੱਖ ਦਾ ਹਿਰਦਾ, ਰੱਬ ਦੀ ਕੁਟੀਆ ਹੁੰਦੀ ਹੈ।

**੪੫.** ਮਨ ਨੂੰ ਪਰਚਾਉਣਾ ਹੋਵੇ ਤਾਂ ਦੁਨੀਆ ਵਿਚ ਹਜ਼ਾਰਾਂ ਹੀ ਸਾਧਨ ਹਨ, ਪਰ ਜੇ ਮਨ ਨੂੰ ਰੱਬ ਨਾਲ ਜੋੜਨਾ ਹੋਵੇ ਤਾਂ ਸਿਰਫ ਗੁਰੂ ਸ਼ਬਦ ਰਾਹੀਂ ਹੀ ਜੋੜਿਆ ਜਾ ਸਕਦਾ ਹੈ।

** #੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ ੧੪੩੦੦੧। ਮੋ. ੯੮੧੫੧-੪੩੫੨੬*

**੪੬.** ਲੋਭੀ ਅਤੇ ਲਾਲਚੀ ਮਨੁੱਖ ਹਲਕਾਏ ਕੁੱਤੇ ਦੀ ਨਿਆਂਈਂ ਹੁੰਦਾ ਹੈ।

**੪੭.** ਦੁਸ਼ਮਣ ਦੇ ਮੁਆਫੀ ਮੰਗਣ 'ਤੇ ਬਦਲੇ ਦੀ ਭਾਵਨਾ ਨੂੰ ਛੱਡ ਕੇ, ਉਸ ਨੂੰ ਮੁਆਫ ਕਰਨਾ ਹੀ, ਸੁਰਮਗਤੀ ਹੁੰਦੀ ਹੈ।

**੪੮.** ਰੱਬ ਨੇ ਮਨੁੱਖ ਨੂੰ ਜਨਮ ਉਸ ਦੀ ਮਰਜ਼ੀ ਤੋਂ ਬਗੈਰ ਦਿੱਤਾ ਹੈ, ਮੌਤ ਵੇਲੇ ਵੀ ਰੱਬ ਮਨੁੱਖ ਨੂੰ ਕਦੇ ਨਹੀਂ ਪੁੱਛੇਗਾ।

**੪੯.** ਹਜ਼ਾਰਾਂ ਗਿੱਦੜਾਂ ਦੇ ਹਵਾਂਕਦਿਆਂ ਸ਼ੇਰ ਡਰ ਕੇ ਚੁੱਪ ਨਹੀਂ ਕਰਦਾ, ਇਸੇ ਤਰ੍ਹਾਂ ਹਜ਼ਾਰਾਂ ਮਨਮੁਖਾਂ ਵਿਚ ਰਹਿੰਦਿਆਂ ਗੁਰਮੁਖ ਆਪਣਾ ਸਿੱਖੀ ਸੁਭਾਅ ਨਹੀਂ ਛੱਡਦਾ।

**੫੦.** ਗੁਰੂ-ਘਰ ਵਿਚ ਨਿਤਨੇਮੀ ਸਿੱਖ ਤਾਂ ਹਜ਼ਾਰਾਂ ਹੀ ਮਿਲ ਜਾਣਗੇ, ਪਰ ਪ੍ਰੇਮੀ ਸਿੱਖ ਬਹੁਤ ਵਿਰਲੇ ਹੀ ਮਿਲਣਗੇ।

**੫੧.** ਭਗਤਾਂ ਦਾ ਪਿਆਰ, ਰੱਬ ਦੀ ਖ਼ੁਰਾਕ ਹੁੰਦੀ ਹੈ।

**੫੨.** ਹਰ ਤਨ ਵਿਚ ਮੌਤ ਦਾ ਟਾਈਮ ਬੰਬ ਹੈ, ਜਿਸ ਦਾ ਰਿਮੋਟ ਕੰਟਰੋਲ ਰੱਬ ਦੇ ਹੱਥ ਹੈ।

**੫੩.** ਜਿਹੜੇ ਸਿਖ ਨੂੰ ਕੀਤੇ ਹੋਏ ਦਾਨ-ਪੁੰਨ, ਸੇਵਾ, ਸਿਮਰਨ ਅਤੇ ਨਿੱਤਨੇਮ ਦੇ ਖਜ਼ਾਨੇ ਨੂੰ ਵਿਕਾਰਾਂ ਰੂਪੀ ਲੁਟੇਰਿਆਂ ਤੋਂ ਬਚਾਉਣ ਦੀ ਸੋਝੀ ਆ ਗਈ, ਰੱਬ ਐਸੇ ਸਿੱਖ ਲਈ ਸੱਚਖੰਡ ਦੇ ਦਰਵਾਜ਼ੇ ਖੋਲ੍ਹ ਦਿੰਦਾ ਹੈ।

**੫੪.** ਲੋਹਾ ਜਦੋਂ ਪਾਰਸ ਨਾਲ ਲਗਦਾ ਹੈ ਤਾਂ ਸੋਨਾ ਬਣ ਜਾਂਦਾ ਹੈ, ਫਿਰ ਉਸ ਨੂੰ ਕੂੜੇ ਜਾਂ ਮਿੱਟੀ ਵਿਚ ਰੱਖੋ, ਸੋਨਾ ਹੀ ਰਹੇਗਾ, ਇਸੇ ਤਰ੍ਹਾਂ ਜਿਹੜਾ ਸਿੱਖ ਸਤਿਗੁਰੂ ਜੀ ਦੇ ਹੁਕਮ ਰੂਪੀ ਚਰਨਾਂ ਨਾਲ ਸਦਾ ਲਈ ਜੁੜ ਜਾਂਦਾ ਹੈ, ਐਸਾ ਸਿੱਖ ਦੁਨੀਆ ਵਿਚ ਜਿੱਥੇ ਵੀ ਰਹੇਗਾ, ਸੋਨੇ ਵਰਗਾ ਸਿੱਖ ਬਣ ਕੇ ਹੀ ਰਹੇਗਾ।

**੫੫.** ਜੋ ਸਿੱਖ ਦੁਨੀਆ ਦੇ ਪਦਾਰਥਾਂ ਅਤੇ ਸੁਖਾਂ ਨੂੰ ਵਿਸਾਰ ਕੇ, ਰੱਬ ਦੇ ਵਿਛੋੜੇ ਵਿਚ ਰੋਂਦਾ ਹੈ, ਐਸੇ ਸਿੱਖ ਨੂੰ ਰੱਬ ਆਪਣੀ ਗੋਦੀ ਵਿਚ ਬਿਠਾ ਲੈਂਦਾ ਹੈ।

**੫੬.** ਮਨ ਇਕ ਚਿੱਟੇ ਕੱਪੜੇ ਦੇ ਨਿਆਂਈਂ ਹੈ, ਮਨ ਨੂੰ ਜਿਸ ਰੰਗ ਵਿਚ ਵੀ ਡੁਬੋ ਦੇਵੋਗੇ, ਇਸ ਤੇ ਉਹੋ ਰੰਗ ਹੀ ਚੜ੍ਹ ਜਾਵੇਗਾ।

**੫੭.** ਰੱਬ ਦੇ ਡਰ ਅਤੇ ਪਿਆਰ ਤੋਂ ਬਿਨਾਂ ਲਾਈ ਹੋਈ ਸਮਾਧੀ, ਬਗਲ ਸਮਾਧੀ ਹੁੰਦੀ ਹੈ।

**੫੮.** ਗ਼ਰੀਬ ਅਤੇ ਮਾਂ ਦੀ ਦਿੱਤੀ ਹੋਈ ਅਸੀਸ ਧੁਰ ਦਰਗਾਹ ਤਕ ਪਹੁੰਚਦੀ ਹੈ।

**੫੯.** ਉੱਤਰ ਦਿਸ਼ਾ ਵੱਲ ਜਿੰਨਾ ਵੱਧਦੇ ਜਾਉਗੇ, ਦੱਖਣ ਦਿਸ਼ਾ ਉਨੀ ਦੂਰ ਹੁੰਦੀ ਜਾਵੇਗੀ, ਇਸੇ ਤਰ੍ਹਾਂ ਨਿਰੰਕਾਰ ਦੇ ਮਾਰਗ ਤੇ ਜਿੰਨਾ ਅੱਗੇ ਵਧੋਗੇ, ਸੰਸਾਰ ਉਨਾ ਹੀ ਪਿਛਾਂਹ ਰਹਿੰਦਾ ਜਾਵੇਗਾ।

**੬੦.** ਜਦੋਂ ਸਿੱਖ ਦਾ ਹਿਰਦਾ ਰੱਬੀ ਪਿਆਰ ਨਾਲ ਭਰ ਜਾਂਦਾ ਹੈ ਤਾਂ ਐਸਾ ਹਿਰਦਾ ਹੀ ਰੱਬ ਦਾ ਘਰ ਬਣ ਜਾਂਦਾ ਹੈ।

**੬੧.** ਭਗਤੀ ਵਿੱਚੋਂ ਨਿਕਲੀ ਹੋਈ ਸ਼ਕਤੀ, ਜ਼ੁਲਮ ਨੂੰ ਠੱਲ ਪਾ ਦਿੰਦੀ ਹੈ।

**੬੨.** ਜਿਹੜੇ ਸਿੱਖ ਨੂੰ ਸਤਿਗੁਰੂ ਜੀ ਆਪਣੇ ਸਿੱਖੀ ਦੇ ਸਕੂਲ ਵਿਚ ਦਾਖ਼ਲ ਕਰ ਲੈਂਦੇ ਹਨ, ਐਸੇ ਸਿੱਖ ਦੇ ਇਮਤਿਹਾਨ ਹੋਣੇ ਸ਼ੁਰੂ ਹੋ ਜਾਂਦੇ ਹਨ।

**ਚਲਦਾ...**

# ਪਤਿਤਪੁਣਾ ਕਿਵੇਂ ਰੁਕੇ?

*-ਸ. ਜਸਬੀਰ ਸਿੰਘ ਤੇਗ**

ਅਜੋਕੇ ਸਮੇਂ ਸਿੱਖ ਨੌਜਵਾਨ ਪੀੜ੍ਹੀ ਆਪਣੇ ਗੌਰਵਮਈ ਸਿੱਖੀ ਸਰੂਪ, ਸਿੱਖੀ ਸਿਧਾਂਤ ਅਤੇ ਅਨਮੋਲ ਇਤਿਹਾਸਿਕ ਵਿਰਸੇ ਤੋਂ ਦੂਰ ਹੁੰਦੀ ਜਾ ਰਹੀ ਹੈ। ਦਿਨ-ਪ੍ਰਤੀ ਦਿਨ ਪਤਿਤਪੁਣਾ ਤੇ ਨਸ਼ਿਆਂ ਦਾ ਰੁਝਾਨ ਵਧ ਰਿਹਾ ਹੈ। ਇਸ ਸਭ ਲਈ ਨੌਜਵਾਨ ਪੀੜ੍ਹੀ ਹੀ ਜ਼ਿੰਮੇਵਾਰ ਨਹੀਂ ਹੈ, ਅਸੀਂ ਸਭ ਸਿੱਧੇ ਜਾਂ ਅਸਿੱਧੇ ਤੌਰ 'ਤੇ ਜ਼ਿੰਮੇਵਾਰ ਹਾਂ। ਅਸੀਂ ਆਪਣੇ ਫ਼ਰਜ਼ਾਂ ਪ੍ਰਤੀ ਅਵੇਸਲੇ ਹੁੰਦੇ ਜਾ ਰਹੇ ਹਾਂ। ਸਾਡੀ ਫ਼ਿਤਰਤ ਬਣ ਚੁੱਕੀ ਹੈ ਕਿ ਆਪਣੀ ਜ਼ਿੰਮੇਵਾਰੀ ਦੂਸਰਿਆਂ 'ਤੇ ਸੁੱਟ ਦੇਣੀ। ਫ਼ਰਜ਼ ਤਾਂ ਅਸਾਂ ਦਾ ਬਣਦਾ ਸੰਤਾਨ ਨੂੰ ਸੇਧ ਦੇਣ ਦਾ। ਪਰ ਅਸੀਂ ਇਹ ਕਹਿ ਕੇ ਪਿੱਛਾ ਛਡਾ ਲੈਂਦੇ ਹਾਂ ਕਿ, "ਪਤਿਤਪੁਣਾ ਤੇ ਨਸ਼ਿਆਂ ਨੂੰ ਰੋਕਣਾ ਧਾਰਮਿਕ ਸੰਸਥਾਵਾਂ ਦਾ ਕੰਮ ਹੈ। ਸੰਸਥਾਵਾਂ ਨੇਕ-ਨੀਤੀ ਨਾਲ ਧਰਮ ਪ੍ਰਚਾਰ ਨਹੀਂ ਕਰਦੀਆਂ। ਇਸ ਕਰਕੇ ਇਹ ਵਧ ਰਿਹਾ ਹੈ।" ਇਹ ਕਹਿ ਕੇ ਸਾਰੀ ਜ਼ਿੰਮੇਵਾਰੀ ਸੰਸਥਾਵਾਂ 'ਤੇ ਸੁੱਟ ਦਿੱਤੀ। ਆਪਣੇ ਆਪ ਨੂੰ ਪੂਰੀ ਤਰ੍ਹਾਂ ਬਰੀ ਕਰ ਲਿਆ। ਪਰ ਐਸਾ ਨਹੀਂ ਹੈ। ਸੰਸਥਾ ਆਪਣੇ ਪੂਰੇ ਵਸੀਲੇ ਜੁਟਾ ਕੇ ਧਰਮ ਪ੍ਰਚਾਰ ਕਰਦੀ ਹੈ। ਇਸ ਦੇ ਨਾਲ-ਨਾਲ ਸਾਨੂੰ ਵੀ ਪੂਰੀ ਮਿਹਨਤ ਕਰ ਕੇ ਸੰਤਾਨ ਨੂੰ ਠੀਕ ਸੇਧ ਦੇਣੀ ਪਵੇਗੀ।

ਆਓ! ਜ਼ਰਾ ਵਿਚਾਰ ਕਰੀਏ ਕਿ ਅਸਾਂ ਨੇ ਕਿਸ ਤਰ੍ਹਾਂ ਜ਼ਿੰਮੇਵਾਰੀ ਨਿਭਾਉਣੀ ਹੈ। ਅਸਲ ਗੱਲ ਇਹ ਹੈ ਕਿ ਸਭ ਤੋਂ ਪਹਿਲੇ ਸਾਨੂੰ ਆਪਣੇ ਆਪ ਦਾ ਸੁਧਾਰ ਕਰਨਾ ਜ਼ਰੂਰੀ ਹੈ।

ਜਿਹੜੀ ਸਿੱਖਿਆ ਅਸਾਂ ਨੇ ਦੂਸਰੇ ਨੂੰ ਦੇਣੀ ਹੈ ਪਹਿਲੇ ਉਸ ਨੂੰ ਆਪਣੇ ਆਪ 'ਤੇ ਲਾਗੂ ਕਰਨਾ ਪਵੇਗਾ; ਤਾਂ ਹੀ ਇਹ ਸਿੱਖਿਆ ਦੂਸਰੇ 'ਤੇ ਕਾਰਗਰ ਸਾਬਤ ਹੋ ਸਕੇਗੀ। ਇਸ ਸਮੇਂ ਦੀ ਸਭ ਤੋਂ ਅਹਿਮ ਗੱਲ ਹੈ- ਗੁਰਸਿੱਖੀ ਜੀਵਨ। ਜਦ ਤਕ ਅਸੀਂ ਆਪ ਗੁਰਸਿੱਖੀ ਦੇ ਸਾਂਚੇ ਵਿਚ ਪੂਰੀ ਤਰ੍ਹਾਂ ਨਹੀਂ ਢਲਦੇ ਤਦ ਤਕ ਗੱਲ ਨਹੀਂ ਬਣੇਗੀ। ਅਜੋਕੇ ਸਮੇਂ ਵਿਚ ਬਹੁਤ ਸਾਰੇ ਐਸੇ ਪਰਵਾਰ ਹਨ ਜੋ ਕਹਿਣ ਨੂੰ ਤਾਂ ਗੁਰਸਿੱਖ ਪਰਵਾਰ ਹਨ, ਪਰ ਇਨ੍ਹਾਂ ਦਾ ਸਿੱਖੀ ਸਿਧਾਂਤਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੁੰਦਾ। ਇਨ੍ਹਾਂ ਪਰਵਾਰਾਂ ਵਿਚ ਅਕਸਰ ਬੱਚੇ ਪਤਿਤ ਹੋਏ ਹੁੰਦੇ ਹਨ। ਜੇਕਰ ਇਨ੍ਹਾਂ ਨਾਲ ਇਸ ਮਸਲੇ 'ਤੇ ਗੱਲਬਾਤ ਕੀਤੀ ਜਾਵੇ ਤਾਂ ਕਹਿਣਗੇ, "ਜੀ ਮਾਡਰਨ ਯੁੱਗ ਹੈ, ਸਮਾਂ ਬਦਲ ਚੁੱਕਾ ਹੈ, ਅੱਜ ਕਲ੍ਹ ਦੇ ਬੱਚੇ ਕਿੱਥੇ ਗੱਲ ਸੁਣਦੇ ਹਨ! ਆਪਣੀ ਮਰਜ਼ੀ ਕਰਦੇ ਹਨ।" ਇਹ ਗੱਲ ਕਹਿ ਕੇ ਆਪਣੇ ਆਪ ਨੂੰ ਬੇਵੱਸ ਜਿਹਾ ਸਾਬਤ ਕਰ ਦਿੰਦੇ ਹਨ।

ਵੇਖਣਾ ਇਹ ਹੈ ਕਿ ਜੇ ਸੰਤਾਨ ਸਾਡੇ ਕਹਿਣੇ ਵਿਚ ਨਹੀਂ, ਇਸ ਦਾ ਮਤਲਬ ਇਹ ਨਹੀਂ ਕਿ ਸੰਤਾਨ ਹੀ ਇਸ ਦੀ ਜ਼ਿੰਮੇਵਾਰ ਹੈ। ਇਸ ਸੰਤਾਨ ਦੇ ਪਾਲਣ-ਪੋਸ਼ਣ

** ਕੋਟ ਬਾਬਾ ਦੀਪ ਸਿੰਘ, ਗਲੀ ਨੰ: ੬, ਮਕਾਨ ਨੰ: ੪੨੩੪, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੮੮੬੪੭੨੨੫*

'ਤੇ ਮੁੱਢਲੀ ਸਿੱਖਿਆ ਦੇ ਤਾਂ ਅਸੀਂ ਹੀ ਜ਼ਿੰਮੇਵਾਰ ਹਾਂ। ਦਰਅਸਲ ਅਸੀਂ ਬਚਪਨ ਵਿਚ ਹੀ ਬੱਚੇ ਨੂੰ ਸਿੱਖੀ ਜੀਵਨ ਦ੍ਰਿੜ੍ਹ ਨਹੀਂ ਕਰਵਾਇਆ। ਕਰਵਾਉਂਦੇ ਵੀ ਕਿਵੇਂ ਜਦ ਕਿ ਅਸਾਂ ਨੂੰ ਆਪ ਗੁਰਸਿੱਖੀ ਜੀਵਨ ਦੀ ਜਾਚ ਨਹੀਂ?

ਉੱਚ ਵਰਗ ਤੇ ਮੱਧਮ ਵਰਗ ਦੇ ਪਰਵਾਰਾਂ ਦਾ ਰਹਿਣ-ਸਹਿਣ ਕੁਝ ਇਸ ਕਦਰ ਵਿਗੜਿਆ ਹੋਇਆ ਹੈ ਕਿ ਦੇਰ ਰਾਤ ਦੀਆਂ ਪਾਰਟੀਆਂ, ਕਲੱਬਾਂ, ਜੂਏਖਾਨੇ ਆਦਿ ਤੇ ਮੱਧਮ ਪਰਵਾਰਾਂ ਕੋਲ ਦੇਰ ਰਾਤ ਦੇ ਟੀ. ਵੀ. ਕੇਬਲ ਚੈਨਲ। ਦੇਰ ਰਾਤ ਗਏ ਸੌਣਾ ਤੇ ਫਿਰ ਸਵੇਰੇ ਲੇਟ ਜਾਗਣਾ। ਜਦੋਂ ਜਾਗਣਾ ਉਸ ਵਕਤ ਬੱਚੇ ਸਕੂਲ, ਕਾਲਜ ਜਾ ਚੁੱਕੇ ਹੁੰਦੇ ਹਨ। ਕਈ ਐਸੇ ਪਰਵਾਰ ਹਨ ਜਿਨ੍ਹਾਂ ਵਿਚ ਮਾਂ-ਬਾਪ ਤੇ ਬੱਚੇ ਇਕੱਠੇ ਬੈਠਦੇ ਹੀ ਨਹੀਂ, ਸਮਾਂ ਹੀ ਨਹੀਂ ਮਿਲਦਾ। ਐਸੇ ਹਾਲਾਤ ਦੇ ਚੱਲਦਿਆਂ ਬੱਚਿਆਂ ਨੂੰ ਕੌਣ ਸੇਧ ਦੇਵੇ?

ਅਸਾਂ ਦੀ ਨਿੱਤ ਕਰਨੀ ਐਸੀ ਹੋਣੀ ਚਾਹੀਦੀ ਹੈ। ਭਾਈ ਗੁਰਦਾਸ ਜੀ ੧੨ਵੀਂ ਵਾਰ ਵਿਚ ਲਿਖਦੇ ਹਨ :

*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।*
*ਗੁਰ ਸੇਵਾ ਫਲ ਸਫਲ ਫਲੰਦੇ॥੨॥*

ਇਸ ਦੇ ਮੁਤਾਬਿਕ ਹਰ ਸਿੱਖ ਆਪਣੇ ਜੀਵਨ ਨੂੰ ਢਾਲੇ! ਜਿਸ ਵਕਤ ਸਿੱਖ ਦੀ ਐਸੀ ਕਰਨੀ ਨਿੱਤ ਦੀ ਹੋਵੇਗੀ ਤਾਂ ਬੱਚੇ ਬਚਪਨ ਵਿਚ ਹੀ ਐਸਾ ਪ੍ਰਭਾਵ ਕਬੂਲ ਕਰ ਲੈਣਗੇ। ਬੱਚੇ ਦਾ ਮਨ ਅਬੋਧ ਹੁੰਦਾ ਹੈ, ਜੋ ਉਹ ਵੇਖਦਾ ਹੈ ਜਾਂ ਸੁਣਦਾ ਹੈ ਉਸ ਨੂੰ ਜਲਦੀ ਗ੍ਰਹਿਣ ਕਰ ਲੈਂਦਾ ਹੈ। ਬਚਪਨ ਵਿਚ ਬੱਚੇ ਨੂੰ ਜੋ ਸਿੱਖਿਆ ਦਿੱਤੀ ਜਾਂਦੀ ਹੈ ਉਹ ਉਸ 'ਤੇ ਜ਼ਿੰਦਗੀ ਭਰ ਪਹਿਰਾ ਦੇਂਦਾ ਹੈ। ਇਹ ਮਾਂ-ਬਾਪ ਦਾ ਕੰਮ ਹੈੜ ਕਿਉਂਕਿ ਸਭ ਤੋਂ ਪਹਿਲੇ ਬੱਚੇ ਦੇ ਅਧਿਆਪਕ ਮਾਂ-ਬਾਪ ਹਨ। ਅਸਾਂ ਨੇ ਉਸ ਨੂੰ ਬਚਪਨ ਵਿਚ ਭਾਈ ਤਾਰੂ ਸਿੰਘ ਜੀ ਸ਼ਹੀਦ ਦੀ ਸਾਖੀ ਨਹੀਂ ਸੁਣਾਈ, ਈਮਾਨਦਾਰੀ ਦੀ ਸਿੱਖਿਆ ਨਹੀਂ ਦਿੱਤੀ, ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਜਾਣੂੰ ਨਹੀਂ ਕਰਵਾਇਆ। ਅਗਰ ਭਾਈ ਤਾਰੂ ਸਿੰਘ ਜੀ ਸ਼ਹੀਦ ਦੀ ਸਾਖੀ ਬੱਚੇ ਨੂੰ ਸੁਣਾ ਕੇ ਕੇਸਾਂ ਦੀ ਮਹੱਤਤਾ ਦ੍ਰਿੜ੍ਹ ਕਰਵਾਈ ਹੁੰਦੀ ਤਾਂ ਬੱਚਾ ਕਦੀ ਪਤਿਤ ਨਾ ਹੁੰਦਾ। ਬੱਚੇ ਨੂੰ ਸਿੱਖੀ ਸਰੂਪ, ਸਿੱਖੀ ਸਿਧਾਂਤ ਤੇ ਸਿੱਖ ਇਤਿਹਾਸ ਦੀ ਜਾਣਕਾਰੀ ਦੇਣੀ ਅਤਿ ਜ਼ਰੂਰੀ ਹੈ। ਬੱਚੇ ਨੂੰ ਸਿੱਖ ਅਜਾਇਬ ਘਰ ਵਿਚ ਲਿਜਾ ਕੇ ਜਾਣਕਾਰੀ ਦਿੱਤੀ ਜਾਵੇ। ਇਹ ਅਸਾਂ ਦਾ ਫਰਜ਼ ਹੈ ਬੱਚਿਆਂ ਪ੍ਰਤੀ।

**ਬਾਕੀ ਪੰਨਾ ੭੦ 'ਤੇ**

# ਮਨੁੱਖ ਦੀ ਬੋਲ-ਬਾਣੀ

*-ਡਾ. ਰਾਜਵਿੰਦਰ ਸਿੰਘ ਜੋਗਾ**

ਸਿਆਣੇ ਕਹਿੰਦੇ ਹਨ, ਕਿ ਮਨੁੱਖ ਦੀ ਸ਼ਖ਼ਸੀਅਤ ਦੀ ਪਛਾਣ ਉਸ ਦੀ ਬੋਲ-ਚਾਲ ਤੋਂ ਹੋ ਜਾਂਦੀ ਹੈ। ਇਸ ਕਰਕੇ ਕਿਹਾ ਜਾਂਦਾ ਹੈ, ਬੰਦਾ ਤਿੰਨ ਚੀਜ਼ਾਂ ਤੋਂ ਪਛਾਣਿਆ ਜਾਂਦਾ ਹੈ- ਗੁਫ਼ਤਾਰ (ਬੋਲੀ), ਦਸਤਾਰ (ਪੱਗ) ਤੇ ਰਫ਼ਤਾਰ (ਤੋਰ/ਚਾਲ)। ਸਮਾਜ ਵਿਚ ਜਿੱਥੇ ਮਨੁੱਖ ਦੇ ਚੰਗੇ ਕਿਰਦਾਰ ਦੀ ਗੱਲ ਚੱਲਦੀ ਹੈ, ਉੱਥੇ ਉਸ ਦੀ ਬੋਲ-ਬਾਣੀ ਦਾ ਵੀ ਵਿਸ਼ੇਸ਼ ਮਹੱਤਵ ਹੈ। ਸਮਾਜ ਵਿਚ ਵਿਚਰਦਿਆਂ ਹਰੇਕ ਨੂੰ "ਤੂੰ-ਤੂੰ" ਕਰ ਕੇ ਬੋਲਣ ਵਾਲਾ ਮਨੁੱਖ ਦੂਸਰਿਆਂ ਦਾ ਨਿਰਾਦਰ ਕਰ ਰਿਹਾ ਹੁੰਦਾ ਹੈ। ਚਾਹੇ ਕੋਈ ਵੱਡਾ ਹੋਵੇ ਚਾਹੇ ਛੋਟਾ। ਸਭ ਨੂੰ ਤੁਸੀਂ ਕਹਿ ਕੇ ਬੁਲਾਉਣ ਵਾਲਾ ਹੀ ਸਮਾਜ ਵਿਚ ਸਭਿਅਕ ਸਮਝਿਆ ਜਾਂਦਾ ਹੈ। ਜਿਹੜੇ ਮਨੁੱਖ ਕੋਲ ਬੋਲਣ ਦਾ ਸਲੀਕਾ ਨਹੀਂ, ਉਹ ਆਪਣੇ ਹੋਣ ਵਾਲੇ ਕੰਮਾਂ ਵਿਚ ਵੀ ਵਿਘਨ ਪੁਆ ਬੈਠਦਾ ਹੈ। ਆਪਣੀ ਜ਼ੁਬਾਨ ਨਾਲ ਬੋਲੇ ਗਏ ਮੰਦੇ ਬੋਲਾ ਕਰਕੇ ਦੋਸਤ-ਮਿੱਤਰ ਬਣਾਉਣ ਦੀ ਥਾਂ ਦੁਸ਼ਮਣ ਪੈਦਾ ਕਰ ਲੈਂਦਾ ਹੈ। ਇਸ ਲਈ ਆਪਣੀ ਬੋਲੀ ਨੂੰ ਠੀਕ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਗੁਰਮਤਿ ਅਨੁਸਾਰ ਹਰ ਮਨੁੱਖ ਨੂੰ ਹਰ ਪ੍ਰਾਣੀ ਮਾਤਰ ਨਾਲ ਪਿਆਰ ਕਰਨਾ ਚਾਹੀਦਾ ਹੈ। ਉਸ ਦੀ ਬੋਲ-ਬਾਣੀ ਵਿਚ ਮਿਠਾਸ ਤੇ ਨਿਮਰਤਾ ਹੋਣੀ ਚਾਹੀਦੀ ਹੈ, ਕਿਉਂਕਿ ਮਿੱਠਾ ਬੋਲਣ ਨਾਲ ਮਨ ਵਿਚ ਨਿਮਰਤਾ ਵਾਲਾ ਚੰਗਾ ਗੁਣ ਪੈਦਾ ਹੋ ਜਾਂਦਾ ਹੈ:

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)*

ਤੇ ਫਿੱਕਾ ਬੋਲਣ ਨਾਲ ਜਿੱਥੇ ਮਨ ਵਿਚ ਨਿਰਾਸ਼ਾ ਪੈਦਾ ਹੁੰਦੀ ਹੈ, ਉੱਥੇ ਤਨ 'ਤੇ ਵੀ ਇਸ ਦਾ ਅਸਰ ਹੁੰਦਾ ਹੈ:

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*

ਤਾਂ ਹੀਂ ਤਾਂ ਆਮ ਕਿਹਾ ਜਾਂਦਾ ਹੈ, "ਮੰਦਾ ਬੋਲ ਨਾ ਜ਼ੁਬਾਨ ਵਿੱਚੋਂ ਬੋਲੀਏ ਤਨ ਮਨ ਫਿਕਾ ਹੋਜੂਗਾ।" ਭਗਤ ਸ਼ੇਖ ਫਰੀਦ ਜੀ ਨੇ ਜੀਵ ਰੂਪੀ ਇਸਤਰੀ ਦਾ ਸਭ ਤੋਂ ਵਿਸ਼ੇਸ਼ ਗੁਣ ਹੀ ਇਹ ਦੱਸਿਆ ਹੈ, ਕਿ ਉਸ ਨੂੰ ਨਿਮਰਤਾ ਵਿਚ ਰਹਿ ਕੇ ਖ਼ਿਮਾ ਧਾਰਨ ਕਰਨੀ ਚਾਹੀਦੀ ਹੈ ਅਤੇ ਜ਼ੁਬਾਨ ਨਾਲ ਮਿੱਠੇ ਬੋਲ ਬੋਲਣੇ ਚਾਹੀਦੇ ਹਨ:

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥*

** ਇੰਚਾਰਜ ਅਤੇ ਐਸੋ. ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੫੦੧੩-੦੦੪੫੯*

*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)*

ਪਾਠਕ-ਜਨ ਇੱਕ ਪੁਰਾਤਨ ਸਾਖੀ ਤੋਂ ਭਲੀਭਾਂਤ ਜਾਣੂ ਹੋਣਗੇ, ਅਸੀਂ ਇੱਥੇ ਵੀ ਸਾਂਝੀ ਕਰਦੇ ਹਾਂ, ਇਕ ਵਾਰ ਇੱਕ ਆਦਮੀ ਰਸਤੇ ਵਿਚ ਤੁਰਿਆ ਜਾ ਰਿਹਾ ਸੀ। ਉਸ ਕੋਲ ਖਾਣ ਲਈ ਪੱਕਿਆ ਹੋਇਆ ਭੋਜਨ ਨਹੀਂ ਸੀ ਤੇ ਘਰ ਵੀ ਹਾਲੇ ਕਈ ਮੀਲ ਦੂਰ ਸੀ। ਪੁਰਾਤਨ ਸਮੇਂ ਵਿਚ ਅੱਜ ਦੀ ਤਰ੍ਹਾਂ ਆਵਾਜਾਈ ਦੇ ਸਾਧਨ ਨਹੀਂ ਸਨ ਤੇ ਨਾ ਹੀ ਅੱਜਕਲ੍ਹ ਦੀ ਤਰ੍ਹਾਂ ਵੱਖ-ਵੱਖ ਤਰ੍ਹਾਂ ਦੇ ਭੋਜਨ-ਭੰਡਾਰ (ਢਾਬੇ/ਹੋਟਲ ਆਦਿਕ) ਸਨ। ਲੋਕ ਅਕਸਰ ਹੀ ਸਨਬੰਧੀਆਂ ਆਦਿ ਨੂੰ ਮਿਲਣ ਵਾਸਤੇ ਪੈਦਲ ਤੁਰ ਕੇ ਜਾਂਦੇ ਸਨ ਤੇ ਰਸਤੇ ਵਿਚ ਜੇਕਰ ਰਾਤ ਪੈ ਜਾਂਦੀ ਤਾਂ ਕਿਤੇ ਨਾ ਕਿਤੇ ਠਹਿਰਾਅ ਵੇਖ ਕੇ ਰਾਤ ਗੁਜ਼ਾਰ ਲੈਂਦੇ। ਇਹ ਆਦਮੀ ਵੀ ਕਿਸੇ ਪਿੰਡ ਵਿਚ ਠਹਿਰਿਆ। ਇਸ ਨੂੰ ਭੁੱਖ ਵੀ ਬਹੁਤ ਲੱਗੀ ਹੋਈ ਸੀ ਤੇ ਇਸ ਨੇ ਕਿਤੋਂ ਭੋਜਨ ਛਕਣ ਬਾਰੇ ਸੋਚਿਆ। ਉਸ ਕੋਲ ਪੱਲੇ ਬੰਨ੍ਹੇ ਕੁਝ ਕੱਚੇ ਚਾਵਲ (ਚੌਲ) ਸਨ। ਇੱਕ ਘਰ ਦਾ ਦਰਵਾਜ਼ਾ ਖੁੱਲ੍ਹਾ ਵੇਖ ਆਵਾਜ਼ ਦਿੱਤੀ ਤਾਂ ਅੱਗੋਂ ਇੱਕ ਮਾਈ ਬੋਲੀ, "ਕੌਣ ਹੈ? ਭਾਈ ਲੰਘ ਆਓ!" ਛੋਟਾ ਦਰਵਾਜ਼ਾ ਲੰਘ ਕੇ ਅੰਦਰ ਚਲਾ ਗਿਆ। ਮਾਤਾ ਜੀ ਨੇ ਮੰਜੇ 'ਤੇ ਬੈਠਣ ਦਾ ਇਸ਼ਾਰਾ ਕੀਤਾ, ਤਾਂ ਬੈਠ ਗਿਆ। ਇਸ ਨੇ ਕਿਹਾ, "ਮਾਤਾ ਜੀ ਮੈਂ ਰਾਹੀ (ਮੁਸਾਫ਼ਰ) ਹਾਂ, ਭੁੱਖ ਬਹੁਤ ਲੱਗੀ ਹੈ, ਕਿਰਪਾ ਕਰੋ, ਮੇਰੇ ਕੋਲ ਕੁਝ ਚਾਵਲ ਤਾਂ ਹਨ ਪਰ ਬਣਾਉਣ ਲਈ ਭਾਂਡੇ ਜਾਂ ਕੋਈ ਸਾਧਨ ਆਦਿ ਨਹੀਂ, ਤੁਸੀਂ ਬਣਾ ਦੇਵੋਂ ਤਾਂ ਬਹੁਤ ਭਲਾ ਹੋਵੇ।" ਮਾਤਾ ਨੇ ਕਿਹਾ, "ਕੋਈ ਗੱਲ ਨੀ ਭਾਈ, ਮੈਂ ਬਣਾ ਦਿੰਦੀ ਹਾਂ।" ਮਾਤਾ ਨੇ ਚਾਵਲ ਬਰਤਨ ਵਿਚ ਪਾ ਕੇ ਚੁੱਲ੍ਹੇ 'ਤੇ ਚਾੜ੍ਹ ਦਿੱਤੇ। ਉਹ ਆਦਮੀ ਬੈਠਾ ਇਧਰ-ਉਧਰ ਵੇਖਦਾ ਰਿਹਾ। ਉਸ ਦੀ ਨਜ਼ਰ ਕਿੱਲੇ ਉੱਪਰ ਬੰਨ੍ਹੀ ਇੱਕ ਮੱਝ ਉੱਪਰ ਗਈ ਤੇ ਵੇਖ ਕੇ ਕੁਝ ਸਮੇਂ ਬਾਅਦ ਬੋਲਿਆ, "ਮਾਤਾ ਜੀ! ਤੁਹਾਡੀ ਮੱਝ ਬਹੁਤ ਰਾਜ਼ੀ (ਵੱਡੇ ਆਕਾਰ ਦੀ) ਹੈ, ਪਰ ਘਰ ਦਾ ਬੂਹਾ (ਦਰਵਾਜ਼ਾ) ਬਹੁਤ ਛੋਟਾ ਹੈ। ਜੇਕਰ ਤੁਹਾਡੀ ਮੱਝ ਮਰ ਜਾਵੇ ਤਾਂ ਕਿੱਥੋਂ ਦੀ ਲੰਘਾਉਗੇ?" ਮਾਤਾ ਨੇ ਜਦੋਂ ਅਜਿਹਾ ਬੋਲ ਸੁਣਿਆ ਤਾਂ ਚਾਵਲਾਂ ਵਾਲਾ ਪਤੀਲਾ ਚੁੱਕ ਕੇ ਉਸ ਦੀ ਝੋਲੀ ਵਿਚ ਪਾ ਕੇ ਉਸ ਨੂੰ ਘਰੋਂ ਭਜਾ ਦਿੱਤਾ। ਰਸਤੇ ਵਿਚ ਭੱਜਿਆ ਜਾਂਦਾ ਤੇ ਝੋਲੀ ਵਿੱਚੋਂ ਗਰਮ ਚਾਵਲਾਂ ਦਾ ਪਾਣੀ ਵੀ ਚੋਈ ਜਾਂਦਾ। ਕਿਸੇ ਨੇ ਪੁੱਛਿਆ ਕਿ, "ਤੇਰੀ ਝੋਲੀ ਵਿਚ ਕੀ ਚੋਂਦਾ ਪਿਆ ਹੈ?" ਤਾਂ ਉਸ ਆਦਮੀ ਨੇ ਕਿਹਾ, "ਮੇਰੀ ਜ਼ੁਬਾਨ ਦਾ ਰਸ।" ਕਹਿਣ ਤੋਂ ਭਾਵ ਬੰਦਾ ਆਪਣੀ ਜ਼ੁਬਾਨ ਨਾਲ ਕੁਝ ਵੀ ਕਰ ਸਕਦਾ ਹੈ। ਇਸ ਲਈ ਹਰ ਇੱਕ ਲਈ ਸ਼ੁਭ-ਸ਼ੁਭ ਬੋਲਣਾ ਹੀ ਸ਼ੋਭਨੀਕ ਹੁੰਦਾ ਹੈ। ਮਿੱਠੇ ਬੋਲਾਂ ਨਾਲ ਆਪਣੇ ਦੋਸਤਾਂ-ਮਿੱਤਰਾਂ ਦਾ ਘੇਰਾ ਵਧਾਉ ਤੇ ਸਭ ਦੇ ਹਰਮਨ ਪਿਆਰੇ ਬਣੋ। ■

# ਸਿੱਖ ਨੌਜਵਾਨੀ ਨੂੰ ਗੁਰਮਤਿ ਨਾਲ ਜੋੜਨ ਲਈ ਯਤਨ ਜ਼ਰੂਰੀ

*-ਬਿਕਰਮਜੀਤ ਸਿੰਘ ਜੀਤ**

ਸਿੱਖ ਧਰਮ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਗੁਰੂ ਸਾਹਿਬਾਨ ਦੁਆਰਾ ਸਿਰਜਿਆ ਅਤੇ ਸਥਾਪਿਤ ਕੀਤਾ ਹੈ। ਇਸ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਿੱਥੇ ਵਿਸ਼ਾਲ ਸਿੱਖ ਰਾਜ ਦੀ ਨੀਂਹ ਰੱਖੀ, ਉੱਥੇ ੧੮ਵੀਂ ਸਦੀ ਵਿਚ ਸੂਰਬੀਰ, ਸਿੰਘ-ਸਿੰਘਣੀਆਂ ਬਜ਼ੁਰਗਾਂ ਅਤੇ ਬੱਚਿਆਂ ਨੇ ਸਿੱਖੀ ਦੇ ਮਹੱਲ ਨੂੰ ਖੜ੍ਹਿਆਂ ਰੱਖਣ ਲਈ ਅਨੇਕਾਂ ਤਸੀਹੇ ਝੱਲੇ ਅਤੇ ਆਪਣਾ ਆਪ ਨਿਛਾਵਰ ਕੀਤਾ।

ਗੁਰੂ ਸਾਹਿਬਾਨ ਨੇ ਸਿੱਖ ਧਰਮ ਨੂੰ ਜੋ ਨਵੀਨਤਾ ਬਖਸ਼ੀ ਹੈ ਉਹ ਅਸਲ ਵਿਚ ਇਸ ਦੀ ਵਿਚਾਰਧਾਰਾ, ਰਹਿਤ ਮਰਯਾਦਾ, ਬਾਣੀ ਤੇ ਬਾਣੇ ਦਾ ਧਾਰਨੀ ਹੋਣਾ, ਅਸੂਲਾਂ ਦੇ ਪੱਕੇ ਰਹਿਣਾ, ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ, ਸਰਬਤ ਦਾ ਭਲਾ ਮੰਗਣਾ, ਅੰਮ੍ਰਿਤ ਵੇਲੇ ਜਾਗਣਾ, ਨਿਤਨੇਮ ਦੇ ਧਾਰਨੀ ਹੋਣਾ, ਆਪਸੀ ਭਾਈਚਾਰੇ ਤੇ ਮਿਲਵਰਤਨ ਨਾਲ ਰਹਿਣਾ, ਆਪਣੀ ਨੇਕ ਕਿਰਤ ਕਮਾਈ ਵਿਚੋਂ ਦਸਵੰਧ ਕੱਢਣਾ, ਗਰੀਬ ਗੁਰਬੇ ਦੀ ਮਦਦ ਕਰਨੀ ਆਦਿ ਤੱਥਾਂ ਵਿਚ ਸੰਮਿਲਿਤ ਹੈ, ਜਿਸ ਨੂੰ ਨਿਭਾਉਣਾ ਹਰੇਕ ਸਿੱਖ ਦਾ ਧਰਮ-ਕਰਤੱਵ ਹੈ। ਇਨ੍ਹਾਂ ਸਿਧਾਂਤਾਂ 'ਤੇ ਚੱਲਦੇ ਹੋਏ ਹੀ ਗੁਰੂ ਕਾਲ ਤੋਂ ਬਾਅਦ ਸਿੱਖਾਂ ਨੇ ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ ਤੇ ਸ਼ਹੀਦੀਆਂ ਦਿੱਤੀਆਂ, ਪਰੰਤੂ ਸਿੱਖੀ ਸਿਧਾਂਤਾਂ ਨਾਲ ਸਮਝੌਤਾ ਨਹੀਂ ਕੀਤਾ। ਸਿੱਖਾਂ ਦੀਆਂ ਸ਼ਹੀਦੀਆਂ ਦਾ ਇਤਿਹਾਸ ਏਨਾ ਲੰਮਾ ਹੈ ਕਿ ਇਸ ਦਾ ਆਦਿ ਤਾਂ ਹੈ ਪਰੰਤੂ ਅੰਤ ਨਹੀਂ।

ਗੁਰੂ-ਕਾਲ ਤੋਂ ਬਾਅਦ ੧੮ਵੀਂ-੧੯ਵੀਂ ਸਦੀ ਦੀਆਂ ਲਾਮਿਸਾਲ ਸ਼ਹੀਦੀਆਂ ਅਜੋਕੀ ਧਰਮ ਤੋਂ ਮੁਨਕਰ ਹੋਈ ਸਿੱਖ ਨੌਜਵਾਨੀ ਲਈ ਇੱਕ ਬਹੁਤ ਵੱਡਾ ਹਲੂਣਾ ਹਨ। ਪਰ ਵਰਤਮਾਨ ਸਥਿਤੀ ਦਾ ਜੇਕਰ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਿੱਖ ਨੌਜਵਾਨੀ ਦਾ ਆਪਣੇ ਸਿਧਾਂਤਾਂ, ਇਤਿਹਾਸ, ਮਾਣ-ਮਰਯਾਦਾਵਾਂ (ਰਹਿਤ ਮਰਯਾਦਾ) ਪ੍ਰਤੀ ਕੇਵਲ ਗੱਲ-ਬਾਤੀਂ ਪੱਧਰ ਤਕ ਸੀਮਤ ਹੋਣਾ ਬੇਹੱਦ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਸਮੇਂ ਦੇ ਬਦਲਣ ਨਾਲ ਜੋ ਅੱਜ ਦੀ ਸਿੱਖ ਨੌਜਵਾਨੀ ਦੀ ਸਥਿਤੀ ਹੈ ਉਹ ਕਿਸੇ ਪੱਧਰ ਤਕ ਕੇਵਲ ਬਾਹਰੀ ਰੂਪ ਵਿਚ ਖ਼ੁਦ ਨੂੰ ਵਿਖਾਵੇ ਦਾ ਕੇਂਦਰ ਬਣਾ ਰਹੀ ਜਾਪਦੀ ਹੈ।

ਬੇਸ਼ੱਕ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਅਸੀਂ ਬਾਣੀ ਦੇ ਨਾਲ ਬਾਣੇ

** ਸਹਾਇਕ ਸੰਪਾਦਕ, ਗੁਰਮਤਿ ਪ੍ਰਕਾਸ਼। ਮੋ. ੮੭੨੭੮-੦੦੩੭੨*

(ਭਾਵ ਬਾਹਰਲੇ ਪਹਿਰਾਵੇ ਦੇ) ਦੇ ਵੀ ਧਾਰਨੀ ਹੋਣਾ ਹੈ, ਪਰੰਤੂ ਜੇਕਰ ਅਸੀਂ ਕੇਵਲ ਇਕੱਲੇ ਬਾਣੇ ਦੇ ਧਾਰਨੀ ਹੋ ਜਾਵਾਂਗੇ ਤੇ ਇਸ ਵਿਚ ਹੀ ਸਿੱਖੀ ਸਮਝਾਂਗੇ ਅਤੇ ਬਾਣੀ ਤੇ ਬਾਣੇ ਦੇ ਸਮਤੋਲ ਨੂੰ ਅੱਖੋਂ ਓਹਲੇ ਕਰਾਂਗੇ ਤਾਂ ਸਥਿਤੀ ਕਿਸੇ ਕਮਜ਼ੋਰ ਜਾਨਵਰ ਉੱਤੇ 'ਸ਼ੇਰ ਦੀ ਖੱਲ' ਵਾਲੀ ਬਣ ਜਾਵੇਗੀ। ਇਸ ਲਈ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਜੀਵਨ ਵਿਚ ਅਮਲੀ ਤੌਰ ’ਤੇ ਧਾਰਨ ਕਰਨਾ ਵੀ ਜ਼ਰੂਰੀ ਹੈ। ਦੂਜੀ ਗੱਲ ਕਿ ਮੌਜੂਦਾ ਦੌਰ ਵਿਚ ਗਲੋਬਲ ਪੱਧਰ ’ਤੇ ਗਲੈਮਰ ਦੇ ਸੰਸਾਰ ਨੇ ਜੋ ਭੂਮਿਕਾ ਨਿਭਾਈ ਹੈ ਉਸ ਪ੍ਰਤੀ ਸਿੱਖ ਨੌਜਵਾਨਾਂ ਦਾ ਬੇਇੰਤਹਾ ਝੁਕਾਅ ਬੇਹੱਦ ਧਿਆਨ ਦੀ ਮੰਗ ਕਰਦਾ ਹੈ। ਭਾਵੇਂ ਕਿ ਸਿੱਖ ਨੇ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੀ ਪਹਿਚਾਣ ਬਣਾਉਣੀ ਹੈ ਅਤੇ ਸਥਾਪਤੀ ਕਰਨੀ ਹੈ ਪਰੰਤੂ ਗਲੈਮਰ ਦੀ ਇਸ ਦੌੜ ਵਿਚ ਗੁਆਚਣਾ ਜਾਂ ਲਕਸ਼-ਰਹਿਤ ਹੋਣਾ ਉਸ ਲਈ ਵੱਡੇ ਨੁਕਸਾਨ ਦਾ ਕਾਰਨ ਬਣ ਰਿਹਾ ਹੈ, ਕਿਉਂਕਿ ਇਸ ਦੌੜ ਵਿਚ ਆਪਣੇ ਸਮਾਜ, ਸੱਭਿਆਚਾਰ, ਭਾਸ਼ਾ, ਰਹਿਤ ਮਰਯਾਦਾ, ਸਿਧਾਂਤਾਂ ਆਦਿ ਨੂੰ ਵਿਸਾਰਣਾ ਆਦਿ ਗੱਲਾਂ ਦਾ ਪ੍ਰਮੁੱਖ ਰੂਪ ਵਿਚ ਸ਼ਾਮਿਲ ਹੋਣਾ ਸਾਫ਼ ਨਜ਼ਰੀਂ ਆਉਂਦਾ ਹੈ।

ਅਗਲੀ ਗੱਲ ਇਹ ਕਿ ਸਿੱਖ ਕੌਮ ਸ਼ੁਰੂ ਤੋਂ ਹੀ ਸਮੇਂ-ਸਮੇਂ ਕਾਫ਼ੀ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਦੀ ਰਹੀ ਹੈ। ਇਨ੍ਹਾਂ ਔਖੇ ਹਾਲਾਤਾਂ ਵਿਚ ਯੋਗ ਸਿੰਘ ਇਸ ਕੌਮ ਦੀ ਅਗਵਾਈ ਕਰਦੇ ਰਹੇ ਹਨ। ਪਰੰਤੂ ਅਜੋਕੇ ਸਮੇਂ ਸਿੱਖ ਨੌਜਵਾਨ ਅਜੀਬੋ-ਗ਼ਰੀਬ ਪ੍ਰਸਥਿਤੀਆਂ ਵਿੱਚੋਂ ਗੁਜ਼ਰ ਰਹੇ ਹਨ। ਸੋਸ਼ਲ ਮੀਡੀਆ ਦਾ ਧਾਰਮਿਕ ਮਾਮਲਿਆਂ (ਵਿਸ਼ੇਸ਼ ਕਰ ਸਿੱਖ ਮਸਲਿਆਂ) ਵਿਚ ਦਖ਼ਲ ਬੇਹੱਦ ਉਕਸਾਉਣ, ਉਤੇਜਿਤ ਕਰਨ ਵਾਲਾ, ਭਾਵਨਾਵਾਂ ਭੜਕਾਉਣ ਵਾਲਾ ਅਤੇ ਇਤਿਹਾਸਿਕ ਤੱਥਾਂ ਦੀ ਪੁਣ-ਛਾਣ ਤੋਂ ਰਹਿਤ ਬੇਤਰਤੀਬੇ ਢੰਗ ਨਾਲ ਜਾਣਕਾਰੀਆਂ ਪ੍ਰਦਾਨ ਕਰਨ ਵਾਲਾ ਹੋ ਨਿੱਬੜਿਆ ਹੈ। ਇਸ ਤੋਂ ਸਿੱਖ ਨੌਜਵਾਨਾਂ ਦਾ ਲਗਾਤਾਰ ਪਤਿਤਪੁਣੇ ਵੱਲ ਵਧਣਾ, ਆਪਣੇ ਅਮੀਰ ਅਤੇ ਸ਼ਾਨਾਂਮੱਤੇ ਲਾਸਾਨੀ ਇਤਿਹਾਸ ਅਤੇ ਇਤਿਹਾਸ ਦੇ ਸੂਰਬੀਰ ਸਿੱਖ ਨਾਇਕਾਂ ਪ੍ਰਤੀ ਉਦਾਸੀਨਤਾ, ਸਿਧਾਂਤਾਂ ਤੇ ਇਤਿਹਾਸ ਪ੍ਰਤੀ ਸਹੀ ਜਾਣਕਾਰੀ ਦੀ ਘਾਟ, ਗੁਰਬਾਣੀ ਅਤੇ ਧਾਰਮਿਕ ਸਾਹਿਤ ਦੇ ਪਾਠ-ਪਠਨ ਤੋਂ ਅਵੇਸਲਾਪਣ ਆਦਿ ਵਰਗੇ ਪਹਿਲੂ ਉਨ੍ਹਾਂ ਨੂੰ ਸਿਧਾਂਤਕ/ਵਿਹਾਰਕ ਨਿਵਾਣ ਵੱਲ ਲੈ ਜਾ ਰਹੇ ਹਨ। ਅੱਜ ਬਹੁਤ ਘੱਟ ਗਿਣਤੀ ਵਿਚ ਅਜਿਹੇ ਜਾਗਰੂਕ ਅਤੇ ਚੇਤਨ ਸਿੱਖ ਪਰਿਵਾਰ ਹਨ ਜਿਨ੍ਹਾਂ ਨੇ ਆਪਣੀ ਨਵੀਂ ਪੀੜ੍ਹੀ ਨੂੰ ਇਸ ਪਾਸੇ ਮੋੜਿਆ ਹੈ।

ਸਿੱਖ ਸਿਧਾਂਤਾਂ, ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੀ ਘਾਟ ਨੇ ਅੱਜ ਸਿੱਖ ਨੌਜਵਾਨਾਂ ਨੂੰ ਚੁਰਾਹੇ ਵਿਚ ਲਿਆ ਖੜ੍ਹਾ ਕੀਤਾ ਹੈ। ਉਹ ਆਪਣੇ ਜੀਵਨ ਨੂੰ ਗੁਰਮਤਿ ਅਨੁਸਾਰੀ ਢਾਲਣ ਵਿਚ ਭਾਵੇਂ ਅੰਦਰੋਂ ਚਾਹਵਾਨ ਹੋਣ, ਪਰੰਤੂ ਵਿਹਾਰਕ ਤੌਰ ’ਤੇ ਅਸਮਰੱਥ ਨਜ਼ਰ ਆ ਰਹੇ ਹਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕਈ ਵਾਰ ਅਸੀਂ ਲੋਕ ਆਪ ਇਹ ਗੱਲ ਕਹਿ ਕੇ ਇਸ ਗੱਲ ਤੋਂ ਪੱਲਾ ਝਾੜ ਲੈਂਦੇ ਹਾਂ ਕਿ ਉਨ੍ਹਾਂ ਦੇ ਬੱਚਿਆਂ ਨੂੰ ਗੁਰਮਤਿ ਵੱਲ ਜੋੜਨਾ ਤਾਂ ਪੰਥਕ ਜਥੇਬੰਦੀਆਂ ਤੇ ਉਨ੍ਹਾਂ ਦੇ ਪ੍ਰਚਾਰਕਾਂ ਦਾ ਕੰਮ ਹੈ। ਬੇਸ਼ੱਕ ਇਹ ਗੱਲ ਵੀ ਕਿਸੇ ਹੱਦ ਤਕ ਠੀਕ ਹੈ ਪਰ ਇੱਥੇ ਇਹ ਗੱਲ ਵੀ ਜ਼ਰੂਰੀ ਹੈ ਕਿ ਬੱਚੇ ਨੂੰ ਜੇਕਰ ਗੁਰਮਤਿ ਦੀ ਸਿੱਖਿਆ ਘਰੋਂ ਉਸ ਦੇ ਮਾਤਾ-ਪਿਤਾ ਕੋਲੋਂ ਮਿਲੇਗੀ ਤਾਂ ਹੀ ਉਹ ਪੰਥਕ ਸਫਾਂ, ਗੁਰਦੁਆਰਾ ਸਾਹਿਬਾਨ, ਗੁਰਮਤਿ ਸਮਾਗਮਾਂ ਵੱਲ ਗੁਰਮਤਿ ਪ੍ਰਤੀ ਹੋਰ ਜਾਣਨ ਦੀ ਉਤਸੁਕਤਾ ਲੈ ਕੇ ਪ੍ਰੇਰਿਤ ਹੋਣਗੇ। ਇੱਥੇ ਇਹ ਵੀ ਦੱਸਣਾ ਉੱਚਿਤ ਹੋਵੇਗਾ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰ-ਇਤਿਹਾਸ, ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ ਅਤੇ ਗੁਰਬਾਣੀ ਨਾਲ ਸੰਬੰਧਿਤ ਅਨੇਕਾਂ ਵਿਸ਼ਿਆਂ ’ਤੇ ਪੁਸਤਕਾਂ, ਟ੍ਰੈਕਟ ਆਦਿ ਛਾਪ ਕੇ ਭੇਟਾ-ਰਹਿਤ ਅਤੇ ਭੇਟਾ-ਸਹਿਤ ਸੰਗਤ ਨੂੰ ਮੁਹੱਈਆ ਕਰਵਾਏ ਜਾਂਦੇ ਹਨ। ਜਿਨ੍ਹਾਂ ਤੋਂ ਨੌਜਵਾਨ ਭਰਪੂਰ ਲਾਹ ਲੈ ਸਕਦੇ ਹਨ।

ਪਰ ਜੇਕਰ ਘਰਾਂ ਵਿਚ ਟੀ. ਵੀ. ਅਤੇ ਮੋਬਾਇਲਾਂ ’ਤੇ ਸਾਰਾ-ਸਾਰਾ ਦਿਨ ਨਾਚ-ਗਾਣੇ ਚਲਦੇ ਰਹੇ, ਸ਼ਾਮ ਨੂੰ ਪਿਤਾ ਤੇ ਉਸ ਦੇ ਹੋਰ ਸੱਜਣ ਬੱਚਿਆਂ ਦੇ ਸਾਹਮਣੇ ਘਰ ਵਿਚ ਬੈਠ ਕੇ ਸ਼ਰਾਬਾਂ ਦਾ ਦੌਰ ਚਲਾਉਂਦੇ ਰਹੇ ਜਾਂ ਬਾਹਰੋਂ ਅਜਿਹੀਆਂ ਨਸ਼ੀਲੀਆਂ ਚੀਜ਼ਾਂ ਦਾ ਸੇਵਨ ਕਰ ਕੇ ਘਰ ਆ ਕੇ ਮਾਹੌਲ ਪ੍ਰਭਾਵਿਤ ਕਰਦੇ ਰਹੇ, ਤਾਂ ਬੱਚਿਆਂ ਦਾ ਗੁਰਮਤਿ ਵੱਲ ਪ੍ਰੇਰਿਤ ਹੋਣਾ ਕਿੰਝ ਸੰਭਵ ਹੈ? ਇਹ ਸੋਚਣ ਤੇ ਆਤਮ-ਵਿਸ਼ਲੇਸ਼ਣ ਕਰਨ ਦਾ ਅਤਿ ਗੰਭੀਰ ਤੇ ਜ਼ਰੂਰੀ ਵਿਸ਼ਾ ਹੈ। ਅਨਮੱਤ ਤਾਂ ਦੂਜੀਆਂ ਕੌਮਾਂ ਦੇ ਲੋਕਾਂ ਨੂੰ ਆਪਣੇ ਧਰਮ ਵਿਚ ਪ੍ਰਵੇਸ਼ ਕਰਵਾਉਣ ਲਈ ਤਰ੍ਹਾਂ-ਤਰ੍ਹਾਂ ਦੇ ਤਰੀਕੇ ਅਪਣਾਅ ਰਹੇ ਹਨ, ਪਰ ਅਸੀਂ ਆਪਣੀ ਹੀ ਸਿੱਖ ਨੌਜਵਾਨੀ ਨੂੰ ਸਿੱਖੀ ਵੱਲ ਪੂਰਨ ਰੂਪ ਵਿਚ ਹਾਲੇ ਮੋੜ ਨਹੀਂ ਸਕੇ, ਇਹ ਗੱਲ ਸੋਚਣ ਅਤੇ ਗੰਭੀਰ ਹੋ ਕੇ ਵਿਚਾਰਨ ਦੀ ਹੈ। ਇਹ ਸਾਡੀ ਸਾਰਿਆਂ ਦੀ ਸਮੂਹਿਕ ਨੈਤਿਕ ਜ਼ਿੰਮੇਵਾਰੀ ਹੈ।

ਸਿੱਖ ਪਰਵਾਰਾਂ ਨਾਲ ਸੰਬੰਧਿਤ ਮਾਪਿਆਂ ਦਾ ਬੱਚਿਆਂ ਪ੍ਰਤੀ ਜੋ ਸਮਾਜਿਕ ਫ਼ਰਜ਼ ਭਾਵ ਉਨ੍ਹਾਂ ਦੇ ਪਾਲਣ-ਪੋਸ਼ਣ ਤੋਂ ਲੈ ਕੇ ਸਿੱਖਿਆ ਤੇ ਰੁਜ਼ਗਾਰ ਹਾਸਲ ਕਰਨ ਤਕ ਦੇ ਮੌਕਿਆਂ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਤਕ ਦਾ ਹੈ, ਉਹ ਤਾਂ ਉਨ੍ਹਾਂ ਨੇ ਕਰਨਾ ਹੀ ਹੈ ਪਰ ਬੱਚਿਆਂ/ਨੌਜਵਾਨਾਂ ਨੂੰ ਗੁਰਮਤਿ ਸਿਧਾਂਤਾਂ, ਸਿੱਖ ਇਤਿਹਾਸ, ਗੁਰਮੁਖੀ ਲਿਪੀ ਅਤੇ ਧਰਮ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਜਾਣੂ ਕਰਵਾਉਣਾ ਵੀ ਸਾਡੇ ਫ਼ਰਜ਼ ਦਾ ਅਹਿਮ ਹਿੱਸਾ ਹੈ। ਇਸ ਦੀ ਸ਼ੁਰੂਆਤ ਉਕਤ ਕਹੇ ਅਨੁਸਾਰ ਘਰ ਤੋਂ ਹੀ ਹੋਣੀ ਹੈ। ਸੋ, ਇਸ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਕਰ ਕੇ ਆਪਣੀਆਂ ਪੀੜ੍ਹੀਆਂ ਤਕ ਲਿਜਾਣੀ ਪਵੇਗੀ ਤਾਂ ਹੀ ਅਸੀਂ ਆਪਣੇ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੇ ਅਸਲ ਵਾਰਸ ਕਹਾਉਣ ਦੇ ਯੋਗ ਹੋਵਾਂਗੇ। ■

# ਧਾਰਮਿਕ ਭਾਸ਼ਾ: ਸਿਧਾਂਤਕ ਅਧਿਐਨ

*-ਡਾ. ਤੇਜਿੰਦਰਪਾਲ ਸਿੰਘ**

ਭਾਸ਼ਾ, ਮਨੁੱਖੀ ਜੀਵਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਇਹ ਕੇਵਲ ਸੰਚਾਰ ਦਾ ਸਾਧਨ ਹੀ ਨਹੀਂ, ਸਗੋਂ ਮਨੁੱਖੀ ਸੋਚ, ਭਾਵਨਾ, ਗਿਆਨ ਅਤੇ ਸੰਸਕਾਰਾਂ ਦੇ ਪ੍ਰਗਟਾਵੇ ਦਾ ਮਾਧਿਅਮ ਵੀ ਹੈ। ਮਨੁੱਖ ਆਪਣੀਆਂ ਭਾਵਨਾਵਾਂ, ਵਿਚਾਰਾਂ ਅਤੇ ਅਨੁਭਵਾਂ ਨੂੰ ਦੂਜੇ ਮਨੁੱਖ ਤਕ ਪਹੁੰਚਾਉਣ ਲਈ ਭਾਸ਼ਾ ਦੀ ਵਰਤੋਂ ਕਰਦਾ ਹੈ। ਭਾਸ਼ਾ ਪੀੜ੍ਹੀਆਂ ਦੇ ਵਿਰਸੇ ਨੂੰ ਸੰਭਾਲਦੀ ਹੈ ਅਤੇ ਸੱਭਿਆਚਾਰਕ ਪਛਾਣ ਨੂੰ ਮਜ਼ਬੂਤ ਕਰਦੀ ਹੈ। ਭਾਸ਼ਾ ਰਾਹੀਂ ਲੋਕ ਆਪਣੇ ਵਿਰਸੇ, ਮੁੱਲਾਂ ਅਤੇ ਇਤਿਹਾਸ ਨੂੰ ਪੀੜੀਆਂ ਤਕ ਪਹੁੰਚਾਉਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਇਕ ਵਿਅਕਤੀ, ਖੇਤਰ ਜਾਂ ਇਕ ਕਾਲ ਦੀ ਭਾਸ਼ਾ ਨਹੀਂ ਵਰਤੀ ਗਈ। ਗੁਰਬਾਣੀ ਭਾਸ਼ਾ ਦਾ ਬੁਨਿਆਦੀ ਰੂਪ ਗੁਰਮੁਖੀ ਪੰਜਾਬੀ ਹੈ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਹੋਣ ਕਾਰਨ ਇਹ ਸ਼ਬਦਾਵਲੀ ਪੱਖੋਂ ਮਿਸ਼ਰਤ ਹੈ। ਇਸ ਵਿਚ ਬਾਰ੍ਹਵੀਂ ਤੋਂ ਲੈ ਕੇ ਸਤਾਰ੍ਹਵੀਂ ਸਦੀ ਤਕ ਦੀ ਭਾਸ਼ਾ ਦੇ ਸ਼ਬਦ ਮਿਲਦੇ ਹਨ। ਦੱਸਣਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਗਪਗ ੧੫ ਭਾਸ਼ਾਵਾਂ ਦੀ ਸ਼ਬਦਾਵਲੀ ਮਿਲਦੀ ਹੈ। ਗੁਰਬਾਣੀ ਵਿਚ ਪੰਜਾਬੀ, ਸਿੰਧੀ, ਰਾਜਸਥਾਨੀ, ਬਾਂਗਰੂ, ਬ੍ਰਜ, ਖੜੀ ਬੋਲੀ, ਬਿਹਾਰੀ, ਰੇਖਤਾ ਅਤੇ ਪੱਛਮੀ ਪਹਾੜੀ ਬੋਲੀਆਂ ਦੇ ਅਨੇਕ ਅੰਸ਼ ਮਿਲ ਜਾਂਦੇ ਹਨ। ਇਹ ੧੫ਵੀਂ ਤੋਂ ੧੭ ਵੀਂ ਸਦੀ ਦੀ ਮੁਢਲੀ ਪੰਜਾਬੀ ਹੈ, ਬਾਕੀ ਭਾਸ਼ਾਈ ਸ਼ਬਦਾਂ ਦਾ ਗੁਰਮੁਖੀਕਰਨ ਹੋਇਆ ਹੈ।

ਸਿੱਖ ਗੁਰੂ ਸਾਹਿਬਾਨ ਦੀ ਇਲਾਹੀ ਬਾਣੀ ਤੋਂ ਇਲਾਵਾ ਭਗਤੀ ਲਹਿਰ ਦੇ ਮਹਾਨ ਭਗਤਾਂ, ਮੁਸਲਮਾਨ ਸੂਫੀ ਫਕੀਰਾਂ, ਭੱਟ ਸਾਹਿਬਾਨ ਅਤੇ ਕੁਝ ਪ੍ਰੇਮੀ ਸਿੱਖਾਂ ਦੀ ਬਾਣੀ ਵੀ ਇਸ ਵਿਚ ਸ਼ਾਮਲ ਹੈ। ਇਹ ਮਹਾਂਪੁਰਖ ਪੱਛਮ ਵਿਚ ਸਿੰਧ ਤੋਂ ਲੈ ਕੇ ਪੂਰਬ ਵਿਚ ਬੰਗਾਲ ਅਤੇ ਦਖਣ ਵਿਚ ਮਹਾਰਾਸ਼ਟਰ ਤਕ ਦੇ ਖੇਤਰਾਂ ਦੇ ਵਸਨੀਕ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਦਰਜ ਬਾਣੀ 'ਚੋਂ ਸਭ ਤੋਂ ਪੁਰਾਣੀ ਭਾਸ਼ਾ ਭਗਤ ਸ਼ੇਖ ਫਰੀਦ ਦੀ ਹੈ, ਜਿਨ੍ਹਾਂ ਦਾ ਸਮਾਂ ੧੧੭੩ ਤੋਂ ੧੨੬੬ ਈ. ਬਣਦਾ ਹੈ। ਇਸੇ ਤਰ੍ਹਾਂ ਸਭ ਤੋਂ ਅੰਤਿਮ ਰਚਨਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ (੧੬੭੫ ਈ.) ਦੀ ਹੈ।

**ਅਸਿਸਟੈਂਟ ਪ੍ਰੋਫੈਸਰ (ਧਰਮ ਅਧਿਐਨ) ਯੂਨਵਰਸਿਟੀ ਕਾਲਜ, ਮੀਰਾਂਪੁਰ। ਮੋ. ੯੯੮੮੦੦੪੭੩੩*

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਬਾਣੀਕਾਰਾਂ ਨੇ ਆਪਣੇ ਰਹੱਸਵਾਦੀ ਅਨੁਭਵ, ਨੈਤਿਕ ਉਪਦੇਸ਼ ਅਤੇ ਦਾਰਸ਼ਨਿਕ ਵਿਚਾਰ, 'ਬਾਣੀ' ਰਾਹੀਂ ਜਨ-ਸਮੂਹ ਤਕ ਪਹੁੰਚਾਏ। ਇਹ ਬਾਣੀ ਵਿਦਵਾਨਾਂ ਜਾਂ ਪੰਡਤਾਂ ਲਈ ਨਹੀਂ; ਸਾਧਾਰਨ ਮਨੁੱਖਾਂ ਲਈ ਰਚੀ ਗਈ ਹੈ। ਇਸ ਲਈ ਗੂੜ੍ਹ ਅਧਿਆਤਮਿਕ ਵਿਸ਼ੇ ਨਾਲ ਸੰਬੰਧਿਤ ਹੁੰਦੀ ਹੋਈ ਵੀ ਗੁਰਬਾਣੀ ਦੀ ਭਾਸ਼ਾ ਆਮ ਲੋਕਾਂ ਦੀ ਸਮਝ ਤੋਂ ਬਾਹਰ ਨਹੀਂ। ਇੱਥੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਬਾਣੀਕਾਰ ਦੁਨਿਆਵੀ ਵਿਸ਼ਿਆਂ ਦੇ ਸਾਹਿਤਕਾਰ ਨਹੀਂ ਸਨ। ਉਹ ਪ੍ਰਭੂ-ਪ੍ਰੇਮ ਵਿਚ ਰਤੇ, ਆਤਮਿਕ-ਉਚਾਈਆਂ ਪ੍ਰਾਪਤ ਕਰਨ ਵਾਲੇ ਅਤੇ ਸੁਰਤਿ ਦੇ ਮੰਡਲਾਂ ਵਿਚ ਵਿਚਰਨ ਵਾਲੇ ਮਹਾਂਪੁਰਖ ਸਨ। ਭਾਸ਼ਾ, ਉਨ੍ਹਾਂ ਲਈ ਆਪਣੇ ਮਨੋਰਥ ਤਕ ਪਹੁੰਚਣ ਦਾ ਇਕ ਸਾਧਨ ਮਾਤਰ ਸੀ, ਮਨੋਰਥ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਨੂੰ ਸਮਝਣ ਲਈ ਬਹੁਪੱਖੀ ਧਾਰਮਿਕ ਅਤੇ ਭਾਸ਼ਾਈ ਸੂਝ ਦੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਭਾਸ਼ਾਵਾਂ ਵਿਚ ਬਹੁਪੱਖੀ ਸਾਂਝ ਹੈ, ਜਿਸ ਆਧਾਰ 'ਤੇ ਅਸੀਂ 'ਭਾਸ਼ਾਵਾਂ' ਕਹਿਣ ਦੀ ਬਜਾਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਭਾਸ਼ਾ' ਹੀ ਕਹਿੰਦੇ ਹਾਂ। ਇਸ ਪ੍ਰਥਾਇ ਪ੍ਰੋਫੈਸਰ ਪੂਰਨ ਸਿੰਘ ਲਿਖਦੇ ਹਨ, 'ਆਦਿ ਗ੍ਰੰਥ ਮਹਾਂਸਾਗਰ ਹੈ, ਕਿਸੇ ਥਾਂ ਚੂਲੀ ਭਰੋ, ਹੱਥ ਵਿਚ ਸਾਫ਼-ਸਫ਼ਾਫ ਪਾਣੀ ਛਲਕਦਾ ਪ੍ਰਤੀਤ ਹੁੰਦਾ ਹੈ। ਇਸ ਦਾ ਕਾਰਨ ਮਹਾਂਦ੍ਰਿਸ਼ਟੀ ਹੈ। ਇਸ ਮਹਾਂਦ੍ਰਿਸ਼ਟੀ ਦੇ ਇਕਾਗਰ ਵਿਸਥਾਰ ਨੂੰ ਸਮਝਾਉਣ ਲਈ ਇਸ ਪਾਵਨ ਪਾਠ ਵਿਚ ਅਨੇਕਾਂ ਅੰਤਰ-ਦ੍ਰਿਸ਼ਟੀਆਂ ਅੰਤਰ-ਨਿਹਿਤ ਹਨ। ਇਨ੍ਹਾਂ ਵਿੱਚੋਂ ਇਕ ਅੰਤਰ-ਦ੍ਰਿਸ਼ਟੀ ਬਾਣੀਕਾਰਾਂ ਦੀ ਲੋਕਪੱਖੀ ਚੇਤਨਾ ਹੈ। ਬਾਣੀਕਾਰ ਇਹ ਜਾਣਦੇ ਸਨ ਕਿ ਲੋਕਾਂ ਦੇ ਮਨ-ਮਸਤਕ ਤਕ ਪਹੁੰਚਣ ਲਈ ਧਰਮ ਸ਼ਾਸਤਰੀ ਪਰਿਪੇਖ ਨੂੰ ਲੋਕ ਕੰਠ ਦੀ ਭਾਸ਼ਾ ਜੁਗਤ ਰਾਹੀਂ ਪੇਸ਼ ਕਰਨਾ ਹੀ ਜਾਇਜ਼ ਹੈ।'

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ਾਲ ਸ਼ਬਦ-ਭੰਡਾਰ ਰਾਹੀਂ ਪਰਮਾਰਥਕ ਜੀਵਨ ਦਾ ਸੰਚਾਰ ਕੀਤਾ ਜਾਂਦਾ ਹੈ। ਇਸ ਵਿਚਲੀ ਸੰਸਕ੍ਰਿਤ ਜਾਂ ਫ਼ਾਰਸੀ ਸ਼ਬਦਾਵਲੀ ਇਹ ਸਿੱਧ ਨਹੀਂ ਕਰਦੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਉਧਾਰਾ ਲਿਆ ਗਿਆ ਹੈ। ਇਹ ਤਾਂ ਇਕ ਇਤਿਹਾਸ ਦੀ ਪ੍ਰਕ੍ਰਿਆ ਸੀ। ਇਹ ਸ਼ਬਦ-ਭੰਡਾਰ ਅਧਿਆਤਮਿਕ ਮੰਡਲਾਂ ਦੇ ਚਸ਼ਮੇ, ਗੁਰੂ ਸਾਹਿਬਾਨ ਦਾ ਇਕ ਮੌਲਿਕ ਕ੍ਰਿਸ਼ਮਾ ਹੈ। ਉਨ੍ਹਾਂ ਰਹਸਾਤਮਕ ਡੂੰਘਿਆਈਆਂ ਨੂੰ ਸਾਧਾਰਨ ਸ਼ਬਦਾਂ, ਅਥਵਾ ਆਮ ਲੋਕਾਂ ਦੀ ਭਾਸ਼ਾ ਵਿਚ ਸਮਝਾ ਕੇ ਇਕ ਨਵੀਂ ਸ਼ਬਦ ਪਧਤੀ ਚਲਾਈ।

ਭਾਸ਼ਾ ਦਾ ਸੰਬੰਧ ਧਾਰਮਿਕ ਖੇਤਰ ਨਾਲ ਜੁੜਦਾ ਹੈ ਤਾਂ ਇਸ ਦੇ ਅਧਿਐਨ ਲਈ ਧਰਮ ਸ਼ਾਸਤਰੀ ਵਿਧੀ ਸੁਤੇ ਸਿਧ ਜੁੜ ਜਾਂਦੀ ਹੈ। ਧਾਰਮਿਕ ਭਾਸ਼ਾ ਦਾ ਸੰਬੰਧ ਅਧਿਆਤਮਿਕ ਅਨੁਭਵ ਨਾਲ ਹੁੰਦਾ ਹੈ। ਇਸ ਪਰਿਪੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਦਾ ਸੰਬੰਧ ਵੀ ਧਾਰਮਿਕ ਭਾਸ਼ਾ ਨਾਲ ਬਣ ਜਾਂਦਾ ਹੈ।

ਧਾਰਮਿਕ ਖੇਤਰ ਵਿਚ ਭਾਸ਼ਾ ਦੇ ਸੰਚਾਰ-ਸਾਧਨ ਕੁਝ ਨਿਯਮਬੱਧ ਸੰਕੇਤ ਹੁੰਦੇ ਹਨ, ਜਿਨ੍ਹਾਂ ਨੂੰ ਮਨੁੱਖ ਬੋਲ ਕੇ, ਲਿਖ ਜਾਂ ਇਸ਼ਾਰਿਆਂ ਨਾਲ ਵਰਤਦਾ ਹੈ। ਧਰਮ ਦੇ ਖੇਤਰ ਵਿਚ ਭਾਸ਼ਾ ਦਾ ਉਪਯੋਗ ਵਿਹਾਰਕ ਖੇਤਰ ਦੇ ਉਪਯੋਗ ਤੋਂ ਕੁਝ ਵੱਖਰੇ ਰੂਪ 'ਚ ਹੁੰਦਾ ਹੈ। ਇਸ ਲਈ ਧਾਰਮਿਕ ਪ੍ਰਸੰਗ ਵਿਚ ਵਰਤੀ ਭਾਸ਼ਾ ਦੇ ਵਿਸ਼ੇਸ਼ ਅਰਥ ਹੁੰਦੇ ਹਨ। ਮਨੁੱਖ ਦਾ ਮੁਢ ਕਦੀਮੀ ਇਹ ਸੁਭਾਅ ਹੈ ਕਿ ਉਹ ਕੁਝ ਨਾ ਕੁਝ ਅਨੁਭਵ ਕਰਦਾ ਹੈ, ਫਿਰ ਉਸ ਅਨੁਭਵ ਨੂੰ ਦੂਜਿਆਂ ਨਾਲ ਸਾਂਝਾ ਕਰਦਾ ਹੈ। ਇਸੇ ਸੁਭਾਅ ਸਦਕਾ ਹੀ ਜਦੋਂ ਮਨੁੱਖ ਵਾਹਿਗੁਰੂ ਜੀ ਦਾ ਅਨੁਭਵ ਬਿਆਨ ਕਰਨ ਲਈ ਜਤਨ ਕਰਦਾ ਹੈ, ਤਾਂ ਉਸ ਅਨੁਭਵ ਨੂੰ ਬਿਆਨ ਕਰਨ ਲਈ ਵਰਤੀ ਜਾਂਦੀ ਭਾਸ਼ਾ ਦਾ ਬਾਹਰੀ ਸਰੂਪ ਬੇਸ਼ਕ ਆਮ ਬੋਲ-ਚਾਲ ਦੀ ਭਾਸ਼ਾ ਵਾਲਾ ਹੀ ਹੁੰਦਾ ਹੈ, ਪਰੰਤੂ ਉਸ ਦੇ ਭਾਵੀ ਅਰਥ ਹੋਰ ਹੁੰਦੇ ਹਨ। ਇਨ੍ਹਾਂ ਦਾ ਸੰਬੰਧ ਅਧਿਆਤਮਿਕ ਗੂੜ੍ਹ ਰਹੱਸਾਂ ਅਥਵਾ ਰਮਜ਼ਾਂ ਨਾਲ ਜੁੜਦਾ ਹੈ। ਇਨ੍ਹਾਂ ਤਕ ਰਿਸਾਈ ਕਰਨ ਲਈ ਮਨੁੱਖੀ ਅਨੁਭਵ ਦਾ ਉਚੇਰਾ ਹੋਣਾ ਲਾਜ਼ਮੀ ਬਣ ਜਾਂਦਾ ਹੈ। ਇਸ ਤਰ੍ਹਾਂ ਧਾਰਮਿਕ ਖੇਤਰ ਵਿਚ ਦੋ ਬਿਲਕੁਲ ਵੱਖਰੇ ਸੁਭਾਅ ਵਾਲੇ ਵਿਧਾਨਾਂ ਵਿਚ ਸੰਚਾਰ ਦੀ ਵਿਭਿੰਨਤਾ ਹੁੰਦੀ ਹੈ, ਜਿਸ ਨੂੰ ਰਵਾਇਤੀ ਤੌਰ 'ਤੇ ਮਨੁੱਖੀ ਅਤੇ ਦੈਵੀ ਵਿਧਾਨ ਕਿਹਾ ਜਾਂਦਾ ਹੈ। ਇੱਥੇ ਬੁਨਿਆਦੀ ਸਮੱਸਿਆ ਇਹ ਹੈ ਕਿ ਇਕ ਵਿਧਾਨ ਦੀ ਭਾਸ਼ਾ ਦੂਜੇ ਵਿਧਾਨ ਦੀ ਭਾਸ਼ਾ ਲਈ ਅਰਥ-ਹੀਣ ਹੁੰਦੀ ਹੈ। ਮਨੁੱਖੀ ਭਾਸ਼ਾ ਦੀ ਸੀਮਾ ਨੂੰ ਇਸ ਖੇਤਰ ਵਿਚ ਸਵੀਕਾਰ ਵੀ ਕਰ ਲਿਆ ਜਾਂਦਾ ਹੈ। ਦੂਜੇ ਪਾਸੇ ਧਾਰਮਿਕ ਭਾਸ਼ਾ ਵਿਸ਼ੇਸ਼ ਪ੍ਰਕਾਰ ਦੀਆਂ ਭਾਵਨਾਵਾਂ ਦਾ ਸਮੂਹ ਹੀ ਨਹੀਂ, ਪੂਰਾ ਜੀਵਨ ਹੈ। ਇਹ ਉਹ ਜੀਵਨ ਨਹੀਂ ਜਿਹੜਾ ਇਕ ਸਮੇਂ ਕਿਸੇ ਥਾਂ 'ਤੇ ਪੈਦਾ ਹੋਇਆ ਸੀ ਅਤੇ ਫਿਰ ਇਕ ਹੋਰ ਸਮੇਂ 'ਤੇ ਮੁਕ ਜਾਵੇਗਾ। ਇਹ ਉਹ ਜੀਵਨ ਹੈ ਜਿਸ ਦਾ ਨਾ ਆਦਿ ਹੈ ਅਤੇ ਨਾ ਹੀ ਅੰਤ।

ਧਾਰਮਿਕ ਭਾਸ਼ਾ ਸਮਾਂ ਅਤੇ ਸਥਾਨ ਤੋਂ ਪਾਰ ਦੀ ਹੈ। ਇਸ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹ ਭਾਸ਼ਾ ਵਿਆਕਰਨ ਦੇ ਘੇਰੇ ਤੋਂ ਵੀ ਬਾਹਰ ਹੁੰਦੀ ਹੈ। ਭਾਵ ਇਹ ਜ਼ਰੂਰੀ ਨਹੀਂ ਕਿ ਧਾਰਮਿਕ ਭਾਸ਼ਾ ਵਿਚ ਵਿਚਰਦੇ ਵਾਕਾਂ ਦੀ ਬਣਤਰ ਪ੍ਰਚਲਿਤ ਭਾਸ਼ਾ ਦੀ ਵਿਆਕਰਨ ਨਾਲ ਮੇਲ ਖਾਂਦੀ ਹੋਵੇ। ਇਸ ਦਾ ਮੁੱਖ ਕਾਰਨ ਧਾਰਮਿਕ ਭਾਸ਼ਾ ਵਿਚ ਭਾਵਾਂ ਦੀ ਪ੍ਰਧਾਨਤਾ ਦਾ ਹੋਣਾ ਹੈ। ਇਸ ਤੋਂ ਇਲਾਵਾ (ਗੁਰਬਾਣੀ ਦੇ ਪ੍ਰਸੰਗ ਵਿਚ) ਕਾਵਿ, ਛੰਦ, ਲੈਅ, ਰਾਗ ਆਦਿ ਤੱਤ ਵੀ ਧਾਰਮਿਕ ਭਾਸ਼ਾ ਨੂੰ ਲੌਕਿਕ ਭਾਸ਼ਾ ਦੀ ਵਿਆਕਰਨ ਤੋਂ ਵੱਖਰਤਾ ਪ੍ਰਦਾਨ ਕਰਨ ਵਿਚ ਯੋਗਦਾਨ ਪਾਉਂਦੇ ਹਨ।

ਭਾਸ਼ਾ ਇਕ ਤਰ੍ਹਾਂ ਨਾਲ 'ਚਿੰਨ੍ਹਾਂ' ਅਤੇ 'ਪ੍ਰਤੀਕਾਂ' ਦਾ ਸੰਗ੍ਰਹਿ ਹੁੰਦਾ ਹੈ। ਚਿੰਨ੍ਹ ਕੋਈ ਅਜਿਹਾ ਨਿਸ਼ਾਨ ਹੁੰਦਾ ਹੈ ਜਿਹੜਾ ਕਿਸੇ ਅਸਲ ਹੋਂਦ ਦਾ ਸੁਝਾਓ ਦੇਵੇ। ਚਿੰਨ੍ਹ ਉਸ ਹੋਂਦ ਦਾ ਅਲੰਕਾਰ ਵਰਣਨ ਹੁੰਦਾ ਹੈ, ਜਿਸ ਲਈ ਇਹ ਵਰਤਿਆ ਜਾਂਦਾ ਹੈ।

ਚਿੰਨ੍ਹਾਂ ਦੁਆਰਾ ਹੀ ਸੰਕਲਪਾਂ ਦੇ ਗੁਣ ਪ੍ਰਗਟਾਏ ਜਾਂਦੇ ਹਨ। Paul Tillich ਅਨੁਸਾਰ ਧਰਮ ਦੇ ਖੇਤਰ ਵਿਚ ਭਾਸ਼ਾ ਦਾ ਕਾਰਜ ਚਿੰਨ੍ਹਾਤਮਕ ਹੈ। ਉਸ ਅਨੁਸਾਰ 'ਚਿੰਨ੍ਹ' ਅਤੇ 'ਪ੍ਰਤੀਕ' ਆਪਣੇ ਤੋਂ ਪਾਰ ਦੇ ਅਰਥ ਦਰਸਾਉਂਦੇ ਹਨ। ਇਹ ਇਨ੍ਹਾਂ ਦਾ ਸਾਂਝਾ ਗੁਣ ਹੈ। ਇਨ੍ਹਾਂ ਦੋਹਾਂ ਵਿਚ ਅੰਤਰ ਵੀ ਹੁੰਦਾ ਹੈ। 'ਪ੍ਰਤੀਕ' ਆਪਣੇ ਤੋਂ ਪਾਰ ਦੇ ਅਰਥਾਂ ਵੱਲ ਸੰਕੇਤ ਹੀ ਕਰਦੇ ਹਨ, ਜਿਵੇਂ ਸੜਕ ਦੇ ਕਿਨਾਰੇ ਲੱਗੀ ਬੱਤੀ, ਪਰ ਚਿੰਨ੍ਹ ਉਨ੍ਹਾਂ ਅਰਥਾਂ ਦੀ ਸਤਹ 'ਚ ਭਾਗੀ ਵੀ ਹੁੰਦੇ ਹਨ, ਜਿਨ੍ਹਾਂ ਦੀ ਇਹ ਸੂਚਨਾ ਦਿੰਦੇ ਹਨ, ਜਿਵੇਂ ਕਿਸੇ ਦੇਸ਼-ਕੌਮ ਦਾ ਝੰਡਾ।

ਚਿੰਨ੍ਹ ਯਥਾਰਥ (Reality) ਦੀਆਂ ਉਨ੍ਹਾਂ ਤੈਹਾਂ ਦੇ ਅਰਥ ਪ੍ਰਗਟਾਉਂਦੇ ਹਨ ਜਿਹੜੇ ਕਿਸੇ ਹੋਰ ਸਾਧਨ ਨਾਲ ਦਰਸਾਏ ਨਹੀਂ ਜਾ ਸਕਦੇ। ਇਸ ਦੇ ਨਾਲ ਹੀ ਉਹ ਮਨੁੱਖੀ ਮਨ ਦੀਆਂ ਉਨ੍ਹਾਂ ਅਰਥਾਂ ਦੇ ਸਮਰੂਪ ਤੈਹਾਂ ਨੂੰ ਵੀ ਖੋਲ੍ਹਦੇ ਹਨ। ਇਹੋ ਕਾਰਨ ਹੈ ਕਿ ਚਿੰਨ੍ਹ ਦੈਵੀ ਗੁਣਾਂ ਨੂੰ ਪ੍ਰਗਟ ਹੀ ਨਹੀਂ ਕਰਦੇ, ਬਲਕਿ ਵਿਅਕਤੀ ਅੰਦਰ ਖਾਸ ਕਿਸਮ ਦੀ ਪ੍ਰਤੀਕਿਰਿਆ ਅਤੇ ਪ੍ਰੇਰਨਾ ਵੀ ਪੈਦਾ ਕਰਦੇ ਹਨ। ਚਿੰਨ੍ਹਾਂ ਨੂੰ ਦੋ ਸ਼੍ਰੇਣੀਆਂ 'ਚ ਵੰਡਿਆ ਗਿਆ ਹੈ: ੧) ਰੂਪ ਚਿੰਨ੍ਹ ਅਤੇ ੨) ਸ਼ਬਦ ਚਿੰਨ੍ਹ।

**੧) ਰੂਪ ਚਿੰਨ੍ਹ**

ਇਨ੍ਹਾਂ ਚਿੰਨ੍ਹਾਂ ਰਾਹੀਂ ਰੱਬੀ ਹੋਂਦ ਦੇ ਗੁਣਾਂ ਨੂੰ ਵੱਖੋ-ਵੱਖ ਰੂਪਾਂ ਦੁਆਰਾ ਨਿਸ਼ਚੇ ਅਤੇ ਪ੍ਰਗਟ ਕਰਨਾ ਹੁੰਦਾ ਹੈ। ਵੈਦਿਕ ਮਿਥਿਹਾਸ ਅਜਿਹੇ ਚਿਨ੍ਹਾਂ ਦਾ ਭੰਡਾਰ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵ, ਦੁਰਗਾ ਆਦਿ ਅਜਿਹੇ ਉਸ ਹੋਂਦ ਦੇ ਰੂਪ ਚਿੰਨ੍ਹ ਹਨ, ਜਿਨ੍ਹਾਂ ਨੂੰ ਮੂਰਤੀ ਰੂਪ 'ਚ ਚਿਤਰਿਆ ਹੋਇਆ ਜਾਂ ਬੁਤ ਰੂਪ ਵਿਚ ਘੜਿਆ ਹੋਇਆ ਆਮ ਵੇਖਣ 'ਚ ਆਉਂਦਾ ਹੈ। ਪੁਰਾਤਨ ਕਾਲ ਵਿਚ ਹਰ ਸ਼ਕਤੀਸ਼ਾਲੀ ਹੋਂਦ ਨੂੰ ਪਰਮਸਤਿ ਜਾਣ ਕੇ ਪੂਜਿਆ ਜਾਂਦਾ ਸੀ। ਤੂਫਾਨ, ਦਰਿਆ, ਸਮੁੰਦਰ, ਪਹਾੜ, ਚੰਦ, ਸੂਰਜ ਆਦਿਕ ਇੱਕੋ ਸਮਰਥ ਹੋਂਦ ਦੇ ਪ੍ਰਗਟ ਚਿੰਨ੍ਹ ਸਨ, ਪਰ ਇਨ੍ਹਾਂ ਸਭ ਨੂੰ ਸਮੇਂ ਦੇ ਬੀਤਣ ਨਾਲ ਇੱਕੋ ਇਕ ਅਥਾਹ ਸ਼ਕਤੀ ਅਕਾਲ ਪੁਰਖ ਸਮਝਿਆ ਜਾਣ ਲੱਗ ਗਿਆ ਅਤੇ ਇਨ੍ਹਾਂ ਦੀ ਹੀ ਪੂਜਾ ਹੋਣ ਲੱਗ ਪਈ।

**੨) ਸ਼ਬਦ ਚਿੰਨ੍ਹ**

ਸ਼ਬਦ ਚਿੰਨ੍ਹਾਂ ਤੋਂ ਭਾਵ ਉਸ ਹੋਂਦ ਲਈ ਅਜਿਹੇ ਸ਼ਬਦ ਵਰਤਣਾ ਹੈ ਜੋ ਇਕ ਜਾਂ ਵਧੇਰੇ ਗੁਣਾਂ ਦੀ ਤੁਲਨਾ ਰਖਦੇ ਹੋਣ। ਮਿਸਾਲ ਵਜੋਂ *'ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਓ ਪ੍ਰਤਿਪਾਲਕ'* ਕਹਿਣ ਦੇ ਅਰਥ ਇਹ ਹੋਣਗੇ ਕਿ 'ਹਰਿ ਜੀ' ਅਰਥਾਤ ਉਹ ਹੋਂਦ ਮਾਤਾ ਤੇ ਪਿਤਾ ਦੇ ਗੁਣਾਂ ਵਾਲੀ ਹੈ। ਪਰਮਸਤਿ ਨੂੰ ਸਮਝਣ ਅਤੇ ਪ੍ਰਗਟ ਕਰਨ ਦਾ ਸਾਧਨ ਸ਼ਬਦ ਚਿੰਨ੍ਹ ਹੈ। ਈਸ਼ਵਰੀ ਹੋਂਦ ਬਾਰੇ ਰੂਪ ਚਿੰਨ੍ਹਾਂ ਦੇ ਪ੍ਰੇਮੀ ਦਾ ਝੁਕਾਅ ਕੁਦਰਤੀ ਮੂਰਤੀ ਜਾਂ ਬੁੱਤ ਪੂਜਾ ਵੱਲ ਹੋਵੇਗਾ, ਪ੍ਰੰਤੂ ਸ਼ਬਦ ਚਿੰਨ੍ਹ ਵਰਤਣ ਵਾਲਾ ਗੁਣ ਪੂਜ ਹੋਵੇਗਾ। ਮਨੁੱਖ ਦੀ ਬੁੱਧੀ ਸੀਮਤ ਹੈ, ਇਸ ਲਈ ਸੀਮਤ

ਬੁੱਧ ਵਾਲਾ ਮਨੁੱਖ ਉਸ ਨੂੰ ਜਾਣ ਸਕਣ ਦੀ ਕੋਸ਼ਿਸ਼ ਵਿਚ ਉਸ ਦੇ ਲਈ ਕਈ ਤਰ੍ਹਾਂ ਦੇ ਚਿੰਨ੍ਹ ਜਾਂ ਬਿੰਬ ਵਰਤਦਾ ਹੈ। ਮਿਸਾਲ ਵਜੋਂ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਾਪੁ ਸਾਹਿਬ ਵਿਚ ਪਰਮਾਤਮਾ ਨੂੰ ਸੂਰਜਾਂ ਦਾ ਸੂਰਜ *(ਨਮੋ ਸੂਰਜ ਸੂਰਜੇ॥)* ਕਹਿ ਕੇ ਵਡਿਆਉਂਦੇ ਹਨ ਤਾਂ ਸੂਰਜ ਨੂੰ ਬਤੌਰ ਰੱਬ ਦਾ ਚਿੰਨ੍ਹ ਵਰਤ ਕੇ ਉਸ ਨੂੰ ਸਭ ਪ੍ਰਕਾਸ਼ਾਂ ਦਾ ਸੋਮਾ ਦ੍ਰਿੜ੍ਹ ਕਰਵਾਉਂਦੇ ਹਨ। ਈਸ਼ਵਰੀ ਹੋਂਦ ਲਈ ਚਿੰਨ੍ਹਾਂ ਦੀ ਵਰਤੋਂ ਹਰੇਕ ਵਿਅਕਤੀ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਹ ਕੇਵਲ ਉਨ੍ਹਾਂ ਦੇ ਵੱਸ ਹੁੰਦੀ ਹੈ ਜਿਨ੍ਹਾਂ ਨੇ ਈਸ਼ਵਰੀ ਭੇਦ ਪਾਇਆ ਹੈ, ਉਸ ਦੇ ਰਹਸ ਨੂੰ ਜਾਣਿਆ ਹੈ:

*ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੭)*

ਅਜਿਹੀ ਭਾਸ਼ਾ ਨੂੰ ਆਮ ਲੋਕ ਨਹੀਂ ਸਮਝ ਸਕਦੇ। ਉਨ੍ਹਾਂ ਭਾਣੇ ਤਾਂ ਇਹ ਸਾਧਾਰਣ ਗੀਤ ਹੀ ਹਨ:

*ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥*
*ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੫)*

ਵਿਸ਼ੇਸ਼ ਮਨੁੱਖ, ਜਿਨ੍ਹਾਂ ਦਾ ਅਨੁਭਵ ਵਧੇਰੇ ਜਾਗਿਆ ਹੁੰਦਾ ਹੈ ਅਤੇ ਜਿਹੜੇ ਰੱਬ ਨੂੰ ਨੇੜੇ ਹੋ ਕੇ ਵੇਖ ਲੈਂਦੇ ਹਨ, ਆਪਣਾ ਅਨੁਭਵ ਦੂਜਿਆ ਨਾਲ ਸਾਂਝਾ ਕਰਨ ਅਤੇ ਆਪਣੀ ਜਾਣ-ਪਛਾਣ ਦਾ ਲਾਭ ਦੂਜਿਆਂ ਨੂੰ ਦੇਣ ਲਈ ਉਸ ਦਾ ਬਿਆਨ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਇੰਨ-ਬਿੰਨ ਉਸ ਨੂੰ ਬਿਆਨ ਨਹੀਂ ਕਰ ਸਕਦੇ:

*ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨)*

ਪਰ ਫਿਰ ਵੀ ਉਸ ਨੂੰ ਕਥਨ ਕਰਨ ਦੇ ਜਤਨ ਵਿਚ ਉਹ ਅਜਿਹੇ ਸ਼ਬਦ ਵਰਤਦੇ ਹਨ, ਜਿਨ੍ਹਾਂ ਰਾਹੀਂ ਲੋਕ ਉਸਨੂੰ ਸਮਝ ਸਕਣ:

*ਤੂ ਦਰੀਅਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫)*

ਚਿੰਨ੍ਹਾਂ ਜਾਂ ਪ੍ਰਤੀਕਾਂ ਰਾਹੀਂ ਈਸ਼ਵਰ ਬਾਰੇ ਇਸ ਤਰ੍ਹਾਂ ਦੇ ਕਥਨ ਉਸ ਨੂੰ ਸਮਝਣ ਦਾ ਇਕ ਨਿਗੂਣਾ ਜਿਹਾ ਜਤਨ ਹੀ ਹੁੰਦਾ ਹੈ। ਇਹ ਕੁਝ ਕਹਿ ਕੇ ਵੀ ਉਸ ਦੀ ਹੋਂਦ ਨੂੰ ਸਮਝਿਆ ਨਹੀਂ ਜਾ ਸਕਦਾ। ਇਹ ਅਜਿਹੀ ਅਵਸਥਾ ਹੁੰਦੀ ਹੈ ਜਿਸ ਵਿਚ ਮਨੁੱਖ ਕੁਝ ਕਹਿਣਾ ਚਾਹੁੰਦਾ ਹੈ ਪਰ ਕਹਿਣ ਦੇ ਸਮਰੱਥ ਨਹੀਂ ਹੁੰਦਾ:

*ਕਹਣਾ ਹੈ ਕਿਛੁ ਕਹਣੁ ਨ ਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੧)*

ਮਨੁੱਖ ਨੂੰ ਜਦੋਂ ਦੈਵੀ ਗਿਆਨ ਹੁੰਦਾ ਹੈ ਤਾਂ ਉਸ ਕੋਲ ਕੁਝ ਵੀ ਆਪਣਾ ਨਹੀਂ ਰਹਿੰਦਾ, ਸਣੇ ਭਾਸ਼ਾ ਦੇ। ਉਸ ਦੀ ਅਕਲ ਦੀਆਂ ਸਾਰੀਆਂ ਸਾਧਾਰਨ ਕਿਰਿਆਵਾਂ ਕੰਮ ਕਰਨੀਆਂ ਬੰਦ ਕਰ ਦਿੰਦੀਆਂ ਹਨ। ਇਸ ਅਵਸਥਾ *(ਭਿਖਾ ਬਾਤ ਅਗੰਮ ਕੀ ਜੋ ਜਾਣੈ ਸੋ ਨਾ ਕਹੈ। ਜੋ ਕਹੈ ਸੋ ਜਾਣੈ ਨਾਹੀ।)* ਵਿਚ ਅਜਿਹਾ ਵਿਅਕਤੀ ਆਪਣੀ ਭਾਸ਼ਾ ਚਿੰਨ੍ਹਾਂ ਰਾਹੀਂ ਪ੍ਰਗਟ ਕਰਦਾ ਹੈ। ਸਿਆਣੇ ਕਹਿੰਦੇ ਹਨ ਗੂੰਗੇ ਦੀਆਂ ਰਮਜ਼ਾਂ

ਗੂੰਗੇ ਦੀ ਮਾਂ ਜਾਣੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਸ਼ਾ ਦੇ ਪ੍ਰਯੋਗ ਦੀ ਇਸ ਸਮੱਸਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ 'ਚ ਸਪੱਸ਼ਟ ਕੀਤਾ ਹੈ ਕਿ ਧਰਮ ਦੇ ਖੇਤਰ ਵਿਚ ਵੀ ਭਾਸ਼ਾ ਦੀ ਵਰਤੋਂ ਹੁੰਦੀ ਹੈ:

*ਅਖਰੀ ਨਾਮੁ ਅਖਰੀ ਸਾਲਾਹ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪)*

ਪਰ ਨਾਲ ਹੀ ਇਹ ਵੀ ਕਹਿ ਦਿਤਾ ਕਿ '*ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥*' ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਵਨ ਅਖਰੀ ਵਿਚ ਲਿਖਿਆ ਹੈ ਕਿ ਪਰਮਾਤਮਾ ਇਨ੍ਹਾਂ ਅਖਰਾਂ 'ਚ ਨਹੀਂ ਆਉਂਦਾ:

*ਦ੍ਰਿਸਟਿਮਾਨ ਅਖਰ ਹੈ ਜੇਤਾ॥*
*ਨਾਨਕ ਪਾਰਬ੍ਰਹਮ ਨਿਰਲੇਪਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੧)*

ਭਗਤ ਕਬੀਰ ਜੀ ਨੇ ਵੀ ਇਸ ਸਮਸਿਆ ਦੇ ਇਨ੍ਹਾਂ ਦੋਹਾਂ ਪੱਖਾਂ ਅਰਥਾਤ ਭਾਸ਼ਾ ਦੀ ਵਰਤੋਂ ਦੀ ਮਜ਼ਬੂਰੀ ਅਤੇ ਦੈਵੀ ਗੁਣਾਂ ਦਾ ਭਾਸ਼ਾ ਵਿਚ ਪੂਰਨ ਰੂਪ ਵਿਚ ਨਾ ਪ੍ਰਗਟ ਕੀਤਾ ਜਾ ਸਕਣਾ, ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

*-ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੪)*

*-ਜਹਾ ਬੋਲ ਤਹ ਅਛਰ ਆਵਾ॥*
*ਜਹ ਅਬੋਲ ਤਹ ਮਨੁ ਨ ਰਹਾਵਾ॥*
*ਬੋਲ ਅਬੋਲ ਮਧਿ ਹੈ ਸੋਈ॥*
*ਜਸ ਓਹੁ ਹੈ ਤਸ ਲਖੈ ਨ ਕੋਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੦)*

-ਭਗਤ ਕਬੀਰ ਜੀ ਹੋਰ ਫੁਰਮਾਉਂਦੇ ਹਨ:

*ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥*
*ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੦)*

ਇਸ ਲਈ ਕਿਹਾ ਜਾ ਸਕਦਾ ਹੈ ਕਿ ਧਾਰਮਿਕ ਭਾਸ਼ਾ ਦੁਆਰਾ ਧਾਰਮਿਕ ਗ੍ਰੰਥਾਂ ਵਿਚਲੇ ਗੂੜ੍ਹ 'ਪਾਠ' ਦੇ ਅਰਥ ਸਾਕਾਰ ਹੁੰਦੇ ਹਨ। ਰਹੱਸਮਈ ਅਨੁਭਵ ਦੁਆਰਾ ਕਿਸੇ ਵਿਅਕਤੀ ਨੂੰ ਪਰਮਸਤਿ ਦੀ ਸੂਝ ਤਾਂ ਹੋ ਜਾਂਦੀ ਹੈ ਪਰ ਇਸ ਨੂੰ ਬਿਆਨ ਕਰਨਾ ਬਹੁਤ ਕਠਿਨ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਜਪੁ ਜੀ (ਸਾਹਿਬ) 'ਚ ਬਿਆਨ ਕਰਦੇ ਹਨ:

*ਨਾਨਕ ਕਥਨਾ ਕਰੜਾ ਸਾਰੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮)*

■

# ਅਕਤੂਬਰ ਅਤੇ ਨਵੰਬਰ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਸਿੰਘ ਸਭਾ ਲਹਿਰ ਸਥਾਪਨਾ ਦਿਵਸ | ੧੬ ਅੱਸੂ ੦੧ ਅਕਤੂਬਰ |
| ਦਰਬਾਰ ਖ਼ਾਲਸਾ (ਦੁਸਹਿਰਾ) | ੧੭ ਅੱਸੂ ੦੨ ਅਕਤੂਬਰ |
| ਜੋੜ-ਮੇਲਾ ਬੀੜ ਬਾਬਾ ਬੁੱਢਾ ਜੀ (ਠੱਠਾ) | ੨੧-੨੨ ਅੱਸੂ ੬-੭ ਅਕਤੂਬਰ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ | ੨੩ ਅੱਸੂ ੦੮ ਅਕਤੂਬਰ |
| ਜਨਮ ਦਿਹਾੜਾ ਭਾਈ ਤਾਰੂ ਸਿੰਘ ਜੀ | ੨੪ ਅੱਸੂ ੦੯ ਅਕਤੂਬਰ |
| ਸ਼ਹੀਦੀ ਦਿਹਾੜਾ ਭਾਈ ਸੁਖਦੇਵ ਸਿੰਘ ਜੀ (ਸੁੱਖਾ) ਅਤੇ ਭਾਈ ਹਰਜਿੰਦਰ ਸਿੰਘ ਜੀ (ਜਿੰਦਾ) | ੨੪ ਅੱਸੂ ੦੯ ਅਕਤੂਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੩੦ ਅੱਸੂ ੧੫ ਅਕਤੂਬਰ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੩੦ ਅੱਸੂ ੧੫ ਅਕਤੂਬਰ |
| ਬੰਦੀ ਛੋੜ ਦਿਵਸ (ਦੀਵਾਲੀ) | ੦੫ ਕੱਤਕ ੨੧ ਅਕਤੂਬਰ |
| ਜਨਮ ਦਿਹਾੜਾ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲੇ | ੦੫ ਕੱਤਕ ੨੧ ਅਕਤੂਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੦੭ ਕੱਤਕ ੨੩ ਅਕਤੂਬਰ |
| ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) | ੦੭ ਕੱਤਕ ੨੩ ਅਕਤੂਬਰ |
| ਅਕਾਲ ਚਲਾਣਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ | ੦੭ ਕੱਤਕ ੨੩ ਅਕਤੂਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | ੧੦ ਕੱਤਕ ੨੬ ਅਕਤੂਬਰ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) | ੧੪ ਕੱਤਕ ੩੦ ਅਕਤੂਬਰ |
| ਸ਼ਹੀਦੀ ਦਿਹਾੜਾ ਭਾਈ ਬੇਅੰਤ ਸਿੰਘ | ੧੫ ਕੱਤਕ ੩੧ ਅਕਤੂਬਰ |
| ਪੰਜਾਬੀ ਸੂਬਾ ਦਿਵਸ | ੧੬ ਕੱਤਕ ੦੧ ਨਵੰਬਰ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | ੧੭ ਕੱਤਕ ੦੨ ਨਵੰਬਰ |
| ਜਨਮ ਦਿਹਾੜਾ ਮਾਤਾ ਸਾਹਿਬ ਕੌਰ ਜੀ | ੧੮ ਕੱਤਕ ੦੩ ਨਵੰਬਰ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | ੨੦ ਕੱਤਕ ੦੫ ਨਵੰਬਰ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | ੩੦ ਕੱਤਕ ੧੫ ਨਵੰਬਰ |
| ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ | ੩੦ ਕੱਤਕ ੧੫ ਨਵੰਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (੩੫੦ ਸਾਲਾ) | ੦੮ ਮੱਘਰ ੨੩ ਨਵੰਬਰ |

ਸ਼ਹੀਦੀ ਦਿਹਾੜਾ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਤੇ
ਭਾਈ ਸਤੀ ਦਾਸ ਜੀ (੩੫੦ ਸਾਲਾ) ੦੯ ਮੱਘਰ ੨੪ ਨਵੰਬਰ
ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ (੩੫੦ ਸਾਲਾ)
੧੦ ਮੱਘਰ ੨੫ ਨਵੰਬਰ
ਅਕਾਲ ਚਲਾਣਾ ਭਾਈ ਮਰਦਾਨਾ ਜੀ ੧੩ ਮੱਘਰ ੨੮ ਨਵੰਬਰ
ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੋਰਾਵਾਰ ਸਿੰਘ ਜੀ ੧੫ ਮੱਘਰ ੩੦ ਨਵੰਬਰ

**ਪੂਰਨਮਾਸੀ** ੨੨ ਅੱਸੂ ੦੭ ਅਕਤੂਬਰ
**ਸੰਗਰਾਂਦ** ੦੧ ਕੱਤਕ ੧੭ ਅਕਤੂਬਰ
**ਮੱਸਿਆ** ੦੫ ਕੱਤਕ ੨੧ ਅਕਤੂਬਰ
**ਪੂਰਨਮਾਸੀ** ੨੦ ਕੱਤਕ ੦੫ ਨਵੰਬਰ
**ਸੰਗਰਾਂਦ** ੦੧ ਮੱਘਰ ੧੬ ਨਵੰਬਰ
**ਮੱਸਿਆ** ੦੫ ਮੱਘਰ ੨੦ ਨਵੰਬਰ

■

ਕਵਿਤਾ:

# ਪਤਿਤਪੁਣਾ

*-ਇੰਜੀ. ਕਰਮਜੀਤ ਸਿੰਘ ਨੂਰ**

*ਗਹਿਰ ਛਾਈ ਅੱਜ ਸਿੱਖੀ ਦੇ ਅੰਬਰਾਂ 'ਤੇ, ਪਤਿਤਪੁਣੇ ਵਾਲੇ ਝੱਖੜ ਝੁੱਲ ਗਏ ਨੇ।*

*ਸਾਡੀ ਕੌਮ ਦੇ ਲਾਲ ਅਨਮੋਲ ਹੀਰੇ, ਤੁੱਲ ਕੌਡੀਆਂ ਦੇ, ਕਿੱਦਾਂ ਤੁੱਲ ਗਏ ਨੇ।*

*ਪਿੱਛੇ ਲੱਗ ਕੇ, ਪੱਛਮੀ ਸੱਭਿਅਤਾ ਦੇ, ਫ਼ੋਕੀ ਫ਼ੈਸ਼ਨਪ੍ਰਸਤੀ 'ਤੇ, ਡੁੱਲ੍ਹ ਗਏ ਨੇ।*

*ਜਿਨ੍ਹੇ ਕੇਸਾਂ ਨੂੰ ਕੈਂਚੀ ਨਾ ਲਾਉਣ ਦਿੱਤੀ, ਤਾਰੂ ਸਿੰਘ ਦੀ ਖੋਪਰੀ ਭੁੱਲ ਗਏ ਨੇ।*

*ਵੇਖੋ ਅੱਜ ਵਿਦੇਸ਼ਾਂ ਦੇ ਲੋਕ ਲੱਖਾਂ, ਸਿੰਘ ਸਜ ਗਏ ਤੇ ਸਜਦੇ ਜਾ ਰਹੇ ਨੇ।*

*ਸਿੱਖ ਡਾਲਰਾਂ ਲਈ ਸਿੱਖੀ ਛੱਡ ਰਹੇ ਨੇ, ਸਿੱਖੀ ਡਾਲਰਾਂ ਵਾਲੇ ਅਪਣਾ ਰਹੇ ਨੇ।*

■

** # ੩/੬੧, ਗਾਰਡਨ ਕਲੋਨੀ, ਗੁਰੂ ਤੇਗ ਬਹਾਦਰ ਨਗਰ, ਜਲੰਧਰ-੧੪੪੦੧੪; ਮੋ. ੯੮੧੫੦-੨੩੯੭੦*

# ਸਿੱਖ ਸਾਹਿਤ ਦੇ ਰੂ-ਬ-ਰੂ ੫

*-ਡਾ. ਰਣਜੀਤ ਕੌਰ ਪੰਨਵਾਂ**

| | | |
|---|---|---|
| ਪੁਸਤਕ | : | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਹੱਤਵਪੂਰਨ ਮਤੇ ਅਤੇ ਫ਼ੈਸਲੇ (੧੯੨੦-੨੦੨੪) |
| ਸੰਕਲਨ/ਸੰਪਾਦਨ ਕਰਤਾ | : | ਡਾ. ਪਰਮਵੀਰ ਸਿੰਘ, ਸ. ਰਵਿੰਦਰਪਾਲ ਸਿੰਘ |
| ਪ੍ਰਕਾਸ਼ਕ | : | ਬੈਕੁੰਠ ਪਬਲੀਕੇਸ਼ਨਜ਼, ਪਟਿਆਲਾ |
| ਸੰਨ | : | ੨੦੨੪ (ਪਹਿਲੀ ਵਾਰ) |
| ਸਫੇ | : | ੪੯੪ |
| ਕੀਮਤ | : | ੮੦੦/- ਰੁਪਏ |
| ISBN | : | ੯੭੮-੮੧-੯੭੮੯੧੧-੧-੩ |

ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖ ਵਿਸ਼ਵਕੋਸ਼ ਵਿਭਾਗ ਵਿਖੇ ਸਿੱਖ ਧਰਮ ਵਿਸ਼ਵਕੋਸ਼ ਦੇ ਮੁੱਖ-ਸੰਪਾਦਕ ਵਜੋਂ ਕਾਰਜ ਕਰ ਰਹੇ ਹਨ ਅਤੇ ਇਸੇ ਵਿਭਾਗ ਵਿਖੇ ਮੁਖੀ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਇਨ੍ਹਾਂ ਨੂੰ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਦਾ ਕੋਆਰਡੀਨੇਟਰ ਵੀ ਨਿਯੁਕਤ ਕੀਤਾ ਗਿਆ ਹੈ ਜਿੱਥੇ ਇਹ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਪੰਚਬਟੀ ਸੰਦੇਸ਼' ਮੈਗ਼ਜ਼ੀਨ ਦੇ ਸੰਪਾਦਕ ਵਜੋਂ ਕਾਰਜ ਕਰ ਰਹੇ ਹਨ। ਲਗਪਗ ੨੪ ਸਾਲ ਦੇ ਅਧਿਆਪਨ ਅਤੇ ਖੋਜ ਕਾਰਜ ਦੇ ਤਜਰਬੇ ਦੌਰਾਨ ਇਨ੍ਹਾਂ ਨੇ ਸਿੱਖ ਧਰਮ ਅਧਿਐਨ ਨਾਲ ਸੰਬੰਧਿਤ ਵਿਸ਼ਿਆਂ 'ਤੇ ਖੋਜ ਪੇਪਰ ਪੜ੍ਹਨ ਦੇ ਨਾਲ-ਨਾਲ ਲਗਪਗ ਪੰਜਾਬੀ ਦੀਆਂ ੧੨ (ਬਾਰ੍ਹਾਂ) ਅਤੇ ਅੰਗਰੇਜ਼ੀ ਦੀਆਂ ੩ (ਤਿੰਨ) ਪੁਸਤਕਾਂ ਵੀ ਪਾਠਕਾਂ ਦੀ ਝੋਲੀ ਪਾਈਆਂ ਹਨ।

ਵਿਚਾਰ-ਅਧੀਨ ਪੁਸਤਕ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ : ਮਹੱਤਵਪੂਰਨ ਮਤੇ ਅਤੇ ਫ਼ੈਸਲੇ' ਇਨ੍ਹਾਂ ਦੀ ਵਿਸ਼ੇਸ਼ ਪੁਸਤਕ ਹੈ ਜਿਸ ਵਿਚ ੧੯੨੦ ਤੋਂ ੨੦੨੪ ਈ. ਤਕ ਪਾਸ ਹੋਏ ਮਹੱਤਵਪੂਰਨ ਮਤੇ ਸ਼ਾਮਲ ਕੀਤੇ ਗਏ ਹਨ। ਪੁਸਤਕ ਵਿਚ ਅੰਕਿਤ ਮਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਮੇਂ-ਸਮੇਂ 'ਤੇ ਗੁਰਦੁਆਰਾ ਪ੍ਰਬੰਧ ਨੂੰ ਸੰਭਾਲਦਿਆਂ ਅਤੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਜਨਰਲ ਇਜਲਾਸ, ਬਜਟ ਇਜਲਾਸ, ਅੰਤ੍ਰਿੰਗ ਕਮੇਟੀ, ਧਰਮ ਪ੍ਰਚਾਰ ਕਮੇਟੀ ਆਦਿ ਦੁਆਰਾ ਪਾਸ ਕੀਤੇ ਗਏ ਹਨ, ਇਨ੍ਹਾਂ ਮਤਿਆਂ/ ਫ਼ੈਸਲਿਆਂ ਨੂੰ ਵਾਚਣ ਨਾਲ ਸਾਨੂੰ ਪੰਥ ਦੀ ਵੱਡੀ ਸੰਸਥਾ

** ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਦੀ ਕਾਰਜ-ਸ਼ੈਲੀ ਅਤੇ ਪੰਥ ਨੂੰ ਦਰਪੇਸ਼ ਸਮੱਸਿਆਵਾਂ ਸਮੇਂ ਨਿਭਾਈ ਭੂਮਿਕਾ ਦਾ ਗਿਆਨ ਹੁੰਦਾ ਹੈ। ਪੁਸਤਕ ਤੋਂ ਸਾਨੂੰ ਸਿਰਮੌਰ ਸੰਸਥਾ ਦੀ ਬਹੁਪੱਖੀ ਮਹੱਤਤਾ ਅਤੇ ਸਿੱਖ ਹਿੱਤਾਂ ਦੀ ਪ੍ਰਾਪਤੀ ਦੇ ਕੌਮੀ ਪਲੇਟਫਾਰਮ ਵਜੋਂ ਇਸ ਦੀ ਹੋਂਦ ਸਥਾਪਤੀ ਰੂਪਮਾਨ ਹੁੰਦੀ ਹੈ। ਸੰਸਥਾ ਦੁਆਰਾ ਕੀਤੇ ਜਾ ਰਹੇ, ਅਨੇਕਾਂ ਬਹੁਦਿਸ਼ਾਵੀ ਕਾਰਜਾਂ ਦੀ ਤਸਵੀਰ ਪ੍ਰਮਾਣਿਕ ਰੂਪ 'ਚ ਉਜਾਗਰ ਹੁੰਦੀ ਹੈ।

ਸੰਪਾਦਕ ਨੇ ਹਥਲੀ ਪੁਸਤਕ ਨੂੰ ਦੋ ਮੁਖ ਭਾਗਾਂ- ਗੁਰਦੁਆਰਾ ਐਕਟ ਲਾਗੂ ਹੋਣ ਤੋਂ ਪੂਰਬਲੇ ਮਤੇ ਅਤੇ ਗੁਰਦੁਆਰਾ ਐਕਟ ਅਧੀਨ ਪਾਸ ਹੋਏ ਮਤੇ ਵਿਚ ਵੰਡ ਕੇ ਫਿਰ ਉਪ ਅਧਿਆਇਆਂ ਵਿਚ ਵੰਡਿਆ ਹੈ। ਗੁਰਦੁਆਰਾ ਐਕਟ ਲਾਗੂ ਹੋਣ ਤੋਂ ਪੂਰਬਲੇ ਮਤੇ, ਗੁਰਦੁਆਰਾ ਐਕਟ ਅਧੀਨ ਪਾਸ ਹੋਏ ਮਤੇ- ਅਕਾਲੀ ਆਗੂ, ਅਕਾਲੀ ਮੋਰਚੇ, (ਅਖੌਤੀ) ਅਛੂਤਾਂ ਦੇ ਉਧਾਰ ਸੰਬੰਧੀ, ਅਨੰਦ ਵਿਆਹ, ਇਤਿਹਾਸਕ ਨਗਰਾਂ ਦੇ ਵਿਕਾਸ ਅਤੇ ਪਵਿੱਤਰਤਾ ਸੰਬੰਧੀ, ਸਹਾਇਤਾ ਪ੍ਰਦਾਨ ਕਰਨ ਸੰਬੰਧੀ, ਸਨਮਾਨ ਸੰਬੰਧੀ, ਸਰਕਾਰ ਸੰਬੰਧੀ- ਸਰਕਾਰ ਤੋਂ ਮੰਗ, ਸਰਕਾਰ ਨੂੰ ਅਪੀਲ/ਚਿਤਾਵਨੀ/ਨਿਖੇਧੀ, ਸਰਕਾਰੀ ਨੀਤੀਆਂ ਦਾ ਵਿਰੋਧ, ਸਰਕਾਰ ਦੁਆਰਾ ਵਿਤਕਰਾ, ਸਰਬੱਤ ਖ਼ਾਲਸਾ ਸੰਬੰਧੀ, ਸਾਕੇ ਅਤੇ ਸ਼ਹਾਦਤਾਂ, ਸਿੱਖ ਆਗੂਆਂ/ਨੌਜਵਾਨਾਂ ਦੀ ਨਜ਼ਰਬੰਦੀ/ਰਿਹਾਈ, ਸਿੱਖ ਸੰਪ੍ਰਦਾਵਾਂ/ਜਥੇਬੰਦੀਆਂ- ਉਦਾਸੀ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਸ਼੍ਰੋਮਣੀ ਅਕਾਲੀ ਦਲ, ਨਿਹੰਗ ਸਿੰਘ, ਨਿਰਮਲ ਸੰਪਰਦਾਇ, ਪੰਥਕ ਜਥੇਬੰਦੀਆਂ, ਸਿੱਖ ਸਾਹਿਤ ਦੀ ਛਪਾਈ ਅਤੇ ਪ੍ਰੈੱਸ, ਸਿੱਖ ਕਨਵੈਨਸ਼ਨ, ਸਿੱਖ ਪਛਾਣ, ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਸੰਬੰਧੀ, ਸਿੱਖ ਰਹਿਤ ਮਰਯਾਦਾ, ਸਿੱਖ ਰਿਆਸਤਾਂ- ਕਪੂਰਥਲਾ ਰਿਆਸਤ, ਨਾਭਾ ਰਿਆਸਤ, ਪਟਿਆਲਾ ਰਿਆਸਤ, ਫ਼ਰੀਦਕੋਟ ਰਿਆਸਤ, ਰਿਆਸਤਾਂ ਸੰਬੰਧੀ ਸਾਂਝੇ ਮਤੇ, ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਸਿੱਖਾਂ 'ਤੇ ਹਮਲੇ, ਸਿੰਘ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਸੰਬੰਧੀ, ਸ਼ਤਾਬਦੀਆਂ, ਸ਼ਬਦਾਵਲੀ ਦੀ ਸਹੀ ਵਰਤੋਂ ਸੰਬੰਧੀ, ਸ਼ਲਾਘਾ/ਪ੍ਰਸੰਸਾ ਸੰਬੰਧੀ, ਸ਼ੋਕ ਮਤੇ, ਕਾਰ ਸੇਵਾ, ਕਾਲੇ ਕਾਨੂੰਨਾਂ ਦਾ ਵਿਰੋਧ, ਕਾਲੀਆਂ ਸੂਚੀਆਂ ਖ਼ਤਮ ਕਰਨ ਸੰਬੰਧੀ, ਕਿਸਾਨਾਂ ਸੰਬੰਧੀ, ਕੀਰਤਨ ਸੰਬੰਧੀ, ਕਿਤਾਬਾਂ/ਫ਼ਿਲਮਾਂ ਸੰਬੰਧੀ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮਸਲੇ/ਫ਼ੈਸਲੇ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨੂੰ ਖਾਰਜ ਕਰਨ ਸੰਬੰਧੀ, ਗੁਰਦੁਆਰਾ ਕਾਨੂੰਨ/ਐਕਟ ਵਿਚ ਸੋਧਾਂ- ਗੁਰਦੁਆਰਾ ਬਿੱਲ/ਐਕਟ ਬਣਾਉਣ ਸੰਬੰਧੀ, ਗੁਰਧਾਮਾਂ ਦਾ ਪ੍ਰਬੰਧ- ਗੁਰਧਾਮਾਂ ਦੀ ਉਸਾਰੀ, ਦਰਸ਼ਨ ਅਤੇ ਸੇਵਾ, ਗੁਰਧਾਮਾਂ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਦਾ ਵਿਰੋਧ, ਗੁਰਧਾਮਾਂ ਦੀਆਂ ਜ਼ਮੀਨਾਂ, ਗੁਰਪੁਰਬ/ਜੋੜ-ਮੇਲੇ,

ਗੁਰਮਤਿ ਵਿਰੋਧੀ ਡੇਰਿਆਂ ਸੰਬੰਧੀ, ਗੁਰਮੁਖੀ/ਪੰਜਾਬੀ ਭਾਸ਼ਾ ਸੰਬੰਧੀ, ਘੱਟ-ਗਿਣਤੀਆਂ ਸੰਬੰਧੀ, ਜੂਨ/ਨਵੰਬਰ ੧੯੮੪ ਸੰਬੰਧੀ, ਤਸਵੀਰਾਂ/ਫ਼ਿਲਮਾਂ, ਤਖ਼ਤ ਸਾਹਿਬਾਨ- ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ, ਧਰਮ ਦੇ ਪ੍ਰਚਾਰ-ਪ੍ਰਸਾਰ ਸੰਬੰਧੀ, ਧਰਮੀ ਫ਼ੌਜੀ, ਨਸ਼ਿਆਂ ਸੰਬੰਧੀ, ਨਾਨਕਸ਼ਾਹੀ ਕੈਲੰਡਰ, ਪੰਥ-ਦੋਖੀਆਂ ਵਿਰੁੱਧ ਕਾਰਵਾਈ, ਪੰਜਾਬ ਦੇ ਮਸਲਿਆਂ ਸੰਬੰਧੀ, ਭਾਰਤ ਦੇ ਹੋਰਨਾਂ ਰਾਜਾਂ ਸੰਬੰਧੀ- ਉੱਤਰ ਪ੍ਰਦੇਸ਼/ਉੱਤਰਖੰਡ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਮਨੁੱਖੀ ਅਧਿਕਾਰਾਂ ਸੰਬੰਧੀ,ਮਰਦਮ ਸ਼ੁਮਾਰੀ, ਮੀਡੀਆ ਸੰਬੰਧੀ, ਵਿੱਦਿਅਕ ਅਦਾਰੇ ਅਤੇ ਆਰਥਿਕ ਸਹਾਇਤਾ, ਵਿਦੇਸ਼ੀ ਸਿੱਖਾਂ ਸੰਬੰਧੀ- ਅਫ਼ਗਾਨਿਸਤਾਨ, ਆਸਟਰੀਆ, ਇੰਗਲੈਂਡ, ਇਰਾਕ, ਚੀਨ, ਪਾਕਿਸਤਾਨ, ਫ਼ਰਾਂਸ, ਬੰਗਲਾ ਦੇਸ਼, ਵਿਭਿੰਨ ਦੇਸ਼ਾਂ ਸੰਬੰਧੀ ਸਾਂਝੇ ਮਤੇ, ਵਾਤਾਵਰਣ, ਵਿਰਾਸਤੀ ਯਾਦਗਾਰਾਂ/ਨਿਸ਼ਾਨੀਆਂ, ਫੁਟਕਲ, ਅਰਥਾਵਲੀ, ਸਹਾਇਕ ਪੁਸਤਕ ਸੂਚੀ।

ਤੱਥਾਂ 'ਤੇ ਆਧਾਰਿਤ ਵਡ-ਅਕਾਰੀ ਪੁਸਤਕ ਆਮ/ਅਕਾਦਮਿਕ ਪੱਧਰ ਦੇ ਪਾਠਕ ਨੂੰ ਅਹਿਮ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਉਕਤ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜ-ਸ਼ੈਲੀ ਨੂੰ, ਪ੍ਰਮਾਣਿਕ ਰੂਪ 'ਚ ਸਮਝਣ ਲਈ ਚੁਣੌਤੀਆਂ ਭਰੇ ਅਜੋਕੇ ਤਕਨੀਕੀ ਯੁਗ 'ਚ ਬੜੀ ਲੋੜੀਂਦੀ ਸੀ। ਆਸ ਹੈ ਤਾਰਕਿਕ ਅਤੇ ਜਗਿਆਸੂ ਬਿਰਤੀ ਵਾਲੇ ਪਾਠਕਾਂ ਲਈ ਇਹ ਉਪਯੋਗੀ ਸਿੱਧ ਹੋਵੇਗੀ।

■

---

## ਪਤਿਤਪੁਣਾ ਕਿਵੇਂ ਰੁਕੇ?

*ਪੰਨਾ ੫੪ ਦਾ ਬਾਕੀ*

ਸਭ ਤੋਂ ਪਹਿਲੇ ਆਪਣੇ ਆਪ ਦਾ ਸੁਧਾਰ ਜ਼ਰੂਰੀ ਹੈ, ਫਿਰ ਬੱਚਿਆਂ ਨੂੰ ਸਿੱਖੀ ਦੀ ਪੂਰਨ ਸੇਧ। ਅਗਰ ਅਸੀਂ ਬਚਪਨ ਵਿਚ ਬੱਚਿਆਂ ਨੂੰ ਇਤਿਹਾਸ ਦੀ ਜਾਣਕਾਰੀ ਦੇ ਕੇ ਆਪਣਾ ਫਰਜ਼ ਪੂਰਾ ਕਰੀਏ ਤਾਂ ਬੱਚੇ ਦਾ ਅਬੋਧ ਮਨ ਚੰਗਾ ਅਸਰ ਜ਼ਰੂਰ ਕਬੂਲ ਕਰੇਗਾ।

ਸੋ, ਜੋ ਅਜੋਕਾ ਸਮਾਂ ਚੱਲ ਰਿਹਾ ਹੈ ਇਸ ਦੇ ਚਲਦਿਆਂ ਇਹ ਬਹੁਤ ਹੀ ਜ਼ਰੂਰੀ ਹੋ ਗਿਆ ਹੈ ਕਿ ਹਰ ਗੁਰਸਿੱਖ ਦੇ ਘਰ ਵਿਚ ਭਾਈ ਤਾਰੂ ਸਿੰਘ ਜੀ ਸ਼ਹੀਦ ਦੀ ਸ਼ਹੀਦੀ ਵਾਲੀ ਤਸਵੀਰ ਤੇ ਜੀਵਨ-ਗਾਥਾ ਜ਼ਰੂਰ ਹੋਵੇ ਜੋ ਪੜ੍ਹੀ-ਸੁਣੀ ਜਾਵੇ। ਜੋ ਸਾਨੂੰ ਅਤੇ ਬੱਚਿਆਂ ਨੂੰ ਕੇਸਾਂ ਦੀ ਮਹੱਤਤਾ ਦੀ ਯਾਦ ਦਿਵਾਉਂਦੀ ਰਹੇ। ਕੇਸਾਂ ਦੀ ਕਿਤਨੀ ਕੀਮਤ ਹੈ? ਸਾਨੂੰ ਇਸ ਦਾ ਅਹਿਸਾਸ ਹੋਵੇ। ਹਰ ਮਾਂ-ਬਾਪ ਆਪਣੇ ਫ਼ਰਜ਼ ਨੂੰ ਪਹਿਚਾਨਣ ਤੇ ਪਤਿਤਪੁਣੇ ਦੀ ਬਿਮਾਰੀ ਨੂੰ ਰੋਕਣ ਵਿਚ ਆਪਣਾ ਬਣਦਾ ਹਿੱਸਾ ਪਾਉਣ। ■

*ਸਤੰਬਰ ੨੦੨੫ ਦਾ ਬਾਕੀ*

# ਵਡਹੰਸੁ ਮਹਲਾ ੫

*-ਮਾ. ਬਲਬੀਰ ਸਿੰਘ ਹੰਸਪਾਲ**

*ਤੂ ਵਡ ਦਾਤਾ ਅੰਤਰਜਾਮੀ॥*
*ਸਭ ਮਹਿ ਰਵਿਆ ਪੂਰਨ ਪ੍ਰਭ ਸੁਆਮੀ॥੧॥*
*ਮੇਰੇ ਪ੍ਰਭ ਪ੍ਰੀਤਮ ਨਾਮੁ ਅਧਾਰਾ॥*
*ਹਉ ਸੁਣਿ ਸੁਣਿ ਜੀਵਾ ਨਾਮੁ ਤੁਮਾਰਾ॥੧॥ ਰਹਾਉ॥*
*ਤੇਰੀ ਸਰਣਿ ਸਤਿਗੁਰ ਮੇਰੇ ਪੂਰੇ॥*
*ਮਨੁ ਨਿਰਮਲੁ ਹੋਇ ਸੰਤਾ ਧੂਰੇ॥੨॥*
*ਚਰਨ ਕਮਲ ਹਿਰਦੈ ਉਰਿ ਧਾਰੇ॥*
*ਤੇਰੇ ਦਰਸਨ ਕਉ ਜਾਈ ਬਲਿਹਾਰੇ॥੩॥*
*ਕਰਿ ਕਿਰਪਾ ਤੇਰੇ ਗੁਣ ਗਾਵਾ॥*
*ਨਾਨਕ ਨਾਮੁ ਜਪਤ ਸੁਖੁ ਪਾਵਾ॥੪॥੫॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੬੩)*

**ਰਾਗੁ ਵਡਹੰਸੁ** **(ਤਿੰਨ ਤਾਲ)** **(ਮੱਧ ਲੈਅ)**

**ਸਥਾਈ**

| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|
| x | | | | ੨ | | | | ੦ | | | | ੩ | | | |
| | | | | | | | | ਗਾ | ਰੇ | ਸਾ | ਨ਼ੀ | ਪ਼ਾ | ਨ਼ੀ | ਸਾ | ਸਾ |
| | | | | | | | | ਮੇ | ਰੇ | ਪ੍ਰ | ਭ | ਪ੍ਰੀ | ऽ | ਤ | ਮ |
| ਰੇ | ਮਾ | ਪਾ | ਮਾਪਾ | ਧਾ | ਮਾ | ਗਾ | ਰੇ | ਰੇ | ਮਾ | ਪਾ | ਪਾ | ਧਾ | ਨੀ | ਪਾ | ਪਾ |
| ਨਾ | ऽ | ਮ | ਅऽ | ਧਾ | ऽ | ਰਾ | ऽ | ਹਉ | ऽ | ਸੁ | ਣਿ | ਸੁ | ਣਿ | ਜੀ | ਵਾ |
| ਮਾਪਾ | ਧਾ | ਮਾ | ਗਾ | ਰੇ | ਸਾ | ਨ਼ੀ | ਸਾ | | | | | | | | |
| ਨਾऽ | ऽ | ਮੁ | ਤੁ | ਮਾ | ऽ | ਰਾ | ऽ | | | | | | | | |

* ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯-੪੯੪੪੮

**ਰਾਗੁ ਵਡਹੰਸੁ** **(ਤਿੰਨ ਤਾਲ)** **(ਮੱਧ ਲੈਅ)**

**(ਅੰਤਰਾ)**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
| x | | | | ੨ | | | | ੦ | | | | ੩ | | | |
| | | | | | | | | ਮਾ | ਪਾ | ਧਾਨੀ | ਪਾ | ਮਾ | ਪਾ | ਨੀ | - |
| | | | | | | | | ਤੂ | s | ਵs | ਡ | ਦਾ | s | ਤਾ | s |
| ਸਾਂ | - | ਸਾਂ | ਸਾਂ | ਰੇਂ | ਨੀ | ਸਾਂ | - | ਪਾ | ਰੇਂ | ਸਾਂ | ਰੇਂ | ਸਾਂ | ਨ਼ੀ | ਪਾ | - |
| ਅੰ | s | ਤ | ਰ | ਜਾ | s | ਮੀ | s | ਸ | ਭ | ਮ | ਹਿ | ਰ | ਵਿ | ਆ | s |
| ਧਾਨੀ | ਪਾ | ਮਾ | ਪਾ | ਧਾ | ਮਾ | ਗਾ | ਰੇ | | | | | | | | |
| ਪੂs | ਰਨ | ਪ੍ਰ | ਭ | ਸੁਆ | s | ਮੀ | s | | | | | | | | |

**ਤਾਨਾਂ:-**

੧. ਗਾਰੇ ਸਾਨ਼ੀ ਪ਼ਾਨ਼ੀ ਸਾਸਾ ਰੇਮਾ ਪਾਧਾ ਮਾਗਾ ਰੇਸਾ

੨. ਰੇਮਾ ਪਾਰੇ ਮਾਪਾ ਰੇਮਾ ਪਾਧਾ ਮਾਗਾ ਰੇਸਾ ਨ਼ੀਸਾ

੩. ਸਾਰੇ ਮਾਪਾ ਧਾਨੀ ਪਾਪਾ ਪਾਧਾ ਮਾਗਾ ਰੇਸਾ ਨ਼ੀਸਾ

੪. ਮਾਪਾ ਧਾਮਾ ਗਾਰੇ ਸਾਨ਼ੀ ਪ਼ਾਨ਼ੀ ਸਾਰੇ ਮਾਗਾ ਰੇਸਾ

੫. ਗਾਰੇ ਸਾਨ਼ੀ ਪ਼ਾਨ਼ੀ ਸਾਸਾ ਰੇਮਾ ਪਾਪਾ ਧਾਨੀ ਪਾਪਾ

ਮਾਪਾ ਨੀਸਾਂ ਨੀਪਾ ਮਾਪਾ ਧਾਮਾ ਗਾਰੇ ਸਾਨ਼ੀ ਸਾਸਾ

੬. ਮਾਪਾ ਮਾਗਾ ਰੇਸਾ ਮਾਪਾ ਧਾਨੀ ਪਾਧਾ ਮਾਗਾ ਰੇਸਾ

ਮਾਪਾ ਨੀਸਾਂ ਰੇਂਸਾਂ ਨੀਪਾ ਧਾਮਾ ਗਾਰੇ ਸਾਨ਼ੀ ਸਾਸਾ

*ਕਵਿਤਾ:*

# ਗੁਰਮਤਿ ਪ੍ਰਕਾਸ਼...

*-ਸ੍ਰੀ ਰਮੇਸ਼ ਬੱਗਾ ਚੋਹਲਾ**

*ਗੁਰਮਤਿ ਪ੍ਰਕਾਸ਼ ਮੈਗਜ਼ੀਨ, ਗਿਆਨ ਨਾਲ ਭਰਪੂਰ।*
*ਜਿਸ ਨੂੰ ਪੜ੍ਹ ਕੇ ਆਉਂਦਾ ਹੈ ਇਲਾਹੀ ਜਿਹਾ ਸਰੂਰ।*
*ਭੱਟਾਂ,ਭਗਤਾਂ ਤੇ ਗੁਰੂਆਂ ਦੀ ਪਾਉਂਦਾ ਹੈ ਇਹ ਬਾਤ,*
*ਇਤਿਹਾਸ ਨਾਲ ਸੰਬੰਧਤ ਜਿਹੜੇ ਪੇਸ਼ ਕਰੇ ਹਾਲਤ,*
*ਅੰਗ ਸੰਗ ਜਾਣੇ ਅਕਾਲ ਪੁਰਖ ਨੂੰ ਨਹੀਂ ਸਮਝਦਾ ਦੂਰ।*
*ਗੁਰਮਤਿ ਪ੍ਰਕਾਸ਼ ਮੈਗਜ਼ੀਨ...*

*ਸਮਾਜਿਕ, ਸਭਿਆਚਾਰ, ਧਰਮ ਤੇ ਰਾਜਨੀਤਕ ਵਿਚਾਰ,*
*ਸਿੱਖ ਰਹਿਤ ਮਰਯਾਦਾ ਦਾ ਇਹ ਕਰਦਾ ਹੈ ਪ੍ਰਚਾਰ,*
*ਸੂਰਜ ਦੇ ਪ੍ਰਕਾਸ਼ ਦੇ ਵਾਂਗੂ ਹੈ ਇਸ ਦਾ ਨੂਰ।*
*ਗੁਰਮਤਿ ਪ੍ਰਕਾਸ਼ ਮੈਗਜ਼ੀਨ...*

*ਇਸ ਦੇ ਹਰ ਇੱਕ ਪੰਨ੍ਹੇ ਉੱਪਰ ਹੁੰਦੀ ਵੰਨ ਸੁਵੰਨਤਾ,*
*ਪੜ੍ਹਨ ਵਾਲਿਆਂ ਨੂੰ ਪੜ੍ਹ ਕੇ ਮਿਲਦੀ ਹੈ ਰੱਜਵੀਂ ਪ੍ਰਸੰਨਤਾ,*
*ਬਾਕੀਆਂ ਨਾਲੋਂ ਇਸ ਦਾ ਹੈ, ਵੱਖਰਾ ਕੁਝ ਦਸਤੂਰ।*
*ਗੁਰਮਤਿ ਪ੍ਰਕਾਸ਼ ਮੈਗਜ਼ੀਨ...*

*'ਚੋਹਲੇ' ਵਾਲਾ 'ਬੱਗਾ' ਇਸ ਨੂੰ ਪੜ੍ਹੇ ਬਿਨਾ ਨਹੀਂ ਰਹਿੰਦਾ,*
*'ਰਮੇਸ਼' ਨੂੰ ਰਹੇ ਬੇਚੈਨੀ ਜਦ ਤਕ ਪੜ੍ਹ ਨਾ ਇਸ ਨੂੰ ਲੈਂਦਾ,*
*ਇਸ ਦਾ ਹਰ ਇੱਕ ਪੰਨਾ ਪੜ੍ਹਨ ਲਈ 'ਰਮੇਸ਼ ਬੱਗਾ' ਮਜ਼ਬੂਰ।*
*ਗੁਰਮਤਿ ਪ੍ਰਕਾਸ਼ ਮੈਗਜ਼ੀਨ, ਗਿਆਨ ਨਾਲ ਭਰਪੂਰ।*

■

** #੧੩੪੮/੧੭/੧ ਗਲੀ ਨੰ:੮, ਰਿਸ਼ੀ ਨਗਰ ਐਕਸਟੈਨਸ਼ਨ, ਲੁਧਿਆਣਾ। ਮੋ. ੯੪੬੩੧੩੨੭੧੯*

ਬੱਚਿਆਂ ਦਾ ਕਾਲਮ:

# ਅਸਲ ਵਿਚ ਮਹਾਨ ਕੌਣ ਹੈ?

*-ਸ. ਸੁਖਦੇਵ ਸਿੰਘ ਸ਼ਾਂਤ**

ਇੱਕ ਵਾਰ ਦੀ ਗੱਲ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਰਬਾਰ ਲਾਈ ਬੈਠੇ ਸਨ। ਆਪ ਜੀ ਨੇ ਅਚਾਨਕ ਸਾਹਮਣੇ ਬੈਠੇ ਸਿੱਖਾਂ ਨੂੰ ਸੁਆਲ ਕੀਤਾ, "ਭਾਈ ਸਿੱਖੋ! ਜਿਸ ਸਮੇਂ ਭਗਤ ਕਬੀਰ ਜੀ ਹੋਏ, ਉਸ ਸਮੇਂ ਇਸ ਦੇਸ਼ ਦਾ ਰਾਜਾ ਕੌਣ ਸੀ?"

ਸਿੱਖਾਂ ਵਿੱਚੋਂ ਕੋਈ ਵੀ ਇਸ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕਿਆ। ਸਿੱਖ ਉਦਾਸ ਹੋ ਗਏ ਕਿ ਉਹ ਗੁਰੂ ਜੀ ਦੇ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕੇ। ਸਿੱਖਾਂ ਦੀ ਹੈਰਾਨੀ ਦੇਖਣ-ਯੋਗ ਸੀ ਜਦੋਂ ਗੁਰੂ ਜੀ ਨੇ ਉੱਤਰ ਨਾ ਦੇ ਸਕਣ ਦੀ ਗੱਲ 'ਤੇ ਬਹੁਤ ਖੁਸ਼ੀ ਪ੍ਰਗਟ ਕੀਤੀ।

ਗੁਰੂ ਜੀ ਨੇ ਫੁਰਮਾਇਆ, "ਦੇਖੋ ਭਾਈ, ਉਸ ਬਾਦਸ਼ਾਹ ਨੂੰ ਕੋਈ ਨਹੀਂ ਜਾਣਦਾ, ਜਿਸ ਦੇ ਨਾਲ ਲੱਖਾਂ ਘੋੜੇ ਚੱਲਦੇ ਸਨ। ਵੱਡਾ ਲਸ਼ਕਰ ਹੁੰਦਾ ਸੀ। ਪਰ ਭਗਤ ਕਬੀਰ ਜੀ ਨੂੰ ਸਾਰੇ ਜਾਣਦੇ ਹਨ, ਭਾਵੇਂ ਉਹ ਦੁਨਿਆਵੀ ਤੌਰ 'ਤੇ ਬੜੇ ਗਰੀਬ ਸਨ। ਉਹ ਪਰਮਾਤਮਾ ਦੀ ਭਗਤੀ ਕਰਦੇ ਸਨ ਅਤੇ ਖ਼ਲਕਤ ਦੀ ਸੇਵਾ ਕਰਦੇ ਸਨ। ਇਸ ਲਈ ਰਿਆਸਤਾਂ ਦੇ ਮਾਲਕ ਅਸਲ ਵਿਚ ਮਹਾਨ ਨਹੀਂ ਹੁੰਦੇ। ਅਸਲੀ ਮਹਾਨ ਤਾਂ ਭਗਤ ਕਬੀਰ ਜੀ ਵਰਗੇ ਹੁੰਦੇ ਹਨ ਜਿਹੜੇ ਮਾਨਵਤਾ ਦੀ ਸੇਵਾ ਕਰਦੇ ਹਨ ਅਤੇ ਪ੍ਰਭੂ ਦੇ ਗੁਣ ਗਾਉਂਦੇ ਹਨ।"

ਸੱਚ-ਮੁੱਚ ਹੀ ਮਹਾਨਤਾ ਗੁਣਾਂ ਕਰਕੇ ਹੁੰਦੀ ਹੈ, ਦੌਲਤ ਕਰਕੇ ਨਹੀਂ। ਦੌਲਤ ਦੀ ਮਹਾਨਤਾ ਆਰਜ਼ੀ ਹੈ ਅਤੇ ਉਹ ਬੰਦੇ ਦੇ ਨਾਲ ਹੀ ਖ਼ਤਮ ਹੋ ਜਾਂਦੀ ਹੈ। ਤਾਕਤ ਅਤੇ ਹਕੂਮਤ ਦੀ ਮਹਾਨਤਾ ਵੀ ਆਰਜ਼ੀ ਹੈ ਇਹ ਵੀ ਬੰਦੇ ਦੇ ਨਾਲ ਹੀ ਖ਼ਤਮ ਹੋ ਜਾਂਦੀ ਹੈ। ਗੁਣਾਂ ਦੀ, ਸੱਚਾਈ ਦੀ, ਭਗਤੀ ਦੀ ਮਹਾਨਤਾ ਅਮਰ ਹੈ ਅਤੇ ਇਹ ਬੰਦੇ ਦੇ ਜਾਣ ਤੋਂ ਬਾਅਦ ਵੀ ਕਾਇਮ ਰਹਿੰਦੀ ਹੈ। ■

## ਅੰਮ੍ਰਿਤ-ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

*#8562, Charlotte Court, Avon- 46123, Indiana (U.S.A.) Ph. 001-317-406-0002

*ਅਕਤੂਬਰ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ:*

# ਬਾਬਾ ਖੜਕ ਸਿੰਘ ਜੀ

(੦੬ ਅਕਤੂਬਰ ਨੂੰ ਚਲਾਣਾ)

*-ਡਾ. ਗੁਰਪ੍ਰੀਤ ਸਿੰਘ**

ਬਾਬਾ ਖੜਕ ਸਿੰਘ ਜੀ ਦਾ ਜਨਮ ਸਿਆਲਕੋਟ (ਹੁਣ ਪਾਕਿਸਤਾਨ) ਵਿਖੇ ਸਰਦਾਰ ਹਰੀ ਸਿੰਘ ਦੇ ਘਰ ਹੋਇਆ।[੧] ਇਨ੍ਹਾਂ ਨੇ ਦਸਵੀਂ ਜਮਾਤ ਸਿਆਲਕੋਟ ਦੇ ਮਿਸ਼ਨ ਹਾਈ ਸਕੂਲ, ਐਫ.ਏ. ਸਥਾਨਕ ਮਰੇ ਸਕੂਲ ਅਤੇ ਬੀ.ਏ. ਗੌਰਮਿੰਟ ਕਾਲਜ ਲਾਹੌਰ ਤੋਂ ਕੀਤੀ।[੨] ਬਾਬਾ ਖੜਕ ਸਿੰਘ ਜੀ ਨੇ ਆਪਣਾ ਜਨਤਕ ਜੀਵਨ ਸਿੱਖ ਵਿੱਦਿਅਕ ਕਾਨਫਰੰਸ ਦੌਰਾਨ ਹੀ ਸ਼ੁਰੂ ਕੀਤਾ, ਜਦੋਂ ੧੯੧੨ ਈ. ਵਿਚ ਉਹ ਸਿਆਲਕੋਟ ਵਿਚ ਹੋਣ ਵਾਲੀ ਕੁੱਲ ਹਿੰਦ ਸਿੱਖ ਵਿੱਦਿਅਕ ਕਾਨਫਰੰਸ ਦੇ ਪੰਜਵੇਂ ਸਮਾਰੋਹ ਦੀ ਸੁਆਗਤੀ ਕਮੇਟੀ ਦੇ ਚੇਅਰਮੈਨ ਚੁਣੇ ਗਏ।[੩] ਜਲ੍ਹਿਆਂ ਵਾਲੇ ਬਾਗ ਦੇ ਕਤਲ-ਏ-ਆਮ ਤੋਂ ਬਾਅਦ ਇਹ ਸਿੱਖ ਰਾਜਨੀਤੀ ਵਿਚ ਸਰਗਰਮ ਹੋ ਗਏ। ੧੯੨੦ ਈ. ਵਿਚ ਸਥਾਪਿਤ ਸੈਂਟਰਲ ਸਿੱਖ ਲੀਗ ਦੇ ਪ੍ਰਧਾਨ ਬਣੇ। ੧੯੨੧ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ, ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਡਿਪਟੀ ਕਮਿਸ਼ਨਰ ਸ੍ਰੀ ਅੰਮ੍ਰਿਤਸਰ ਤੋਂ ਲੈਣ ਲਈ ਚਾਬੀਆਂ ਦਾ ਮੋਰਚਾ ਲਾਉਣਾ ਪਿਆ।[੪] ੪ ਅਪ੍ਰੈਲ, ੧੯੨੨ ਈ. ਨੂੰ ਬਾਬਾ ਖੜਕ ਸਿੰਘ ਨੂੰ ਕਿਰਪਾਨਾਂ ਬਣਾਉਣ ਦੀ ਫੈਕਟਰੀ ਚਲਾਉਣ ਦੇ ਜੁਰਮ ਵਿਚ ਫੜ੍ਹ ਲਿਆ ਗਿਆ। ਇਕ ਸਾਲ ਦੀ ਕੈਦ ਹੋਈ। ਡੇਰਾ ਗਾਜ਼ੀ ਖਾਂ ਦੀ ਜੇਲ੍ਹ ਵਿਚ ਜ਼ਬਰਦਸਤੀ ਕਾਲੀ ਪਗੜੀ ਉਤਾਰਨ ਦੇ ਵਿਰੋਧ ਵਿਚ ਸਿਵਾਏ ਕਛਹਿਰੇ ਦੇ ਸਾਰੇ ਬਸਤਰਾਂ ਦਾ ਤਿਆਗ ਕਰ ਦਿੱਤਾ ਅਤੇ ਸਾਰੀ ਕੈਦ ਨੰਗੇ ਧੜ ਹੀ ਕੱਟੀ। ੪ ਜੂਨ, ੧੯੨੭ ਈ. ਨੂੰ ਰਿਹਾਅ ਹੋਏ।[੫] ੧੯੩੦ ਈ. ਵਿਚ ਬਾਬਾ ਖੜਕ ਸਿੰਘ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦੁਬਾਰਾ ਪ੍ਰਧਾਨ ਚੁਣਿਆ ਗਿਆ। ਪਰ ਦੇਸ਼ ਵੰਡ ਤੋਂ ਬਾਅਦ ਇਕਲੌਤੇ ਪੁੱਤਰ ਦੀ ਮੌਤ ਹੋ ਗਈ ਤਾਂ ਬਾਬਾ ਖੜਕ ਸਿੰਘ ਜੀ ਨੇ ਰਾਜਨੀਤੀ ਤੋਂ ਇਕ ਪ੍ਰਕਾਰ ਦਾ ਸਥਾਈ ਸੰਨਿਆਸ ਹੀ ਲੈ ਲਿਆ।[੬] ੬ ਅਕਤੂਬਰ, ੧੯੬੩ ਈ. ਨੂੰ ਦਿੱਲੀ ਵਿਖੇ ੯੫ ਵਰ੍ਹਿਆਂ ਦੀ ਉਮਰ ਵਿਚ ਇਨ੍ਹਾਂ ਦਾ ਦੇਹਾਂਤ ਹੋ ਗਿਆ। ਚਾਬੀਆਂ ਦੇ ਮੋਰਚੇ ਕਾਰਨ ਬਾਬਾ ਖੜਕ ਸਿੰਘ ਜੀ ਨੂੰ ਸਿੱਖ ਕੌਮ ਵਿਚ ਯਾਦ ਕੀਤਾ ਜਾਂਦਾ ਹੈ।

**ਹਵਾਲੇ :**

**੧.** ਮਹਿੰਦਰ ਸਿੰਘ (ਡਾ.), *ਬਾਬਾ ਖੜਕ ਸਿੰਘ ਅਤੇ ਭਾਰਤ ਦਾ ਸੁਤੰਤਰਤਾ ਸੰਗਰਾਮ,* ਨੈਸ਼ਨਲ ਬੁਕ ਟਰੱਸਟ ਇੰਡੀਆ, ੨੦੦੫, ਪੰਨਾ ੧, **੨.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਦੂਜਾ, ਪੰਨਾ ੬੧੯, **੩.** ਮਹਿੰਦਰ ਸਿੰਘ (ਡਾ.), ਉਪਰੋਕਤ, ਪੰਨਾ ੪, **੪.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਦੂਜਾ, ਪੰਨਾ ੬੧੯, **੫.** ਉਹੀ, ਪੰਨਾ ੬੨੦, **੬.** ਉਹੀ।

** ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ. ੮੭੨੫੦-੧੫੧੬੩*

# ਭਾਈ ਤਾਰੂ ਸਿੰਘ ਜੀ

(੦੯ ਅਕਤੂਬਰ ਨੂੰ ਜਨਮ)

ਭਾਈ ਤਾਰੂ ਸਿੰਘ ਜੀ ਮਾਝੇ ਦੇ ਪਿੰਡ ਪੂਹਲਾ ਦੇ ਵਸਨੀਕ ਸਨ। ਇਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫ਼ੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋਏ ਸਨ।[੧] ਇਹ ਪਿੰਡ ਵਿਚ ਹੀ ਖੇਤੀ ਕਰ ਕੇ ਨਾਮ ਜਪ ਕੇ ਸ਼ਾਂਤੀ ਨਾਲ ਜੀਵਨ ਬਿਤਾ ਰਹੇ ਸਨ। ਆਏ ਗਏ ਖਾਲਸੇ ਦੀ ਸੇਵਾ ਕਰਦੇ, ਰਾਤ ਰਹਿਣ ਨੂੰ ਥਾਂ ਦਿੰਦੇ ਤੇ ਉਨ੍ਹਾਂ ਦੇ ਦਰਸ਼ਨ ਕਰ ਕੇ ਪ੍ਰਸੰਨਤਾ ਪ੍ਰਾਪਤ ਕਰਦੇ।[੨] ਇਨ੍ਹਾਂ ਦਿਨਾਂ ਵਿਚ ਜ਼ਕਰੀਆ ਖ਼ਾਨ ਨੇ ਸਿੱਖਾਂ 'ਤੇ ਸਖ਼ਤ ਪਾਬੰਦੀ ਲਗਾ ਦਿੱਤੀ ਤੇ ਸਿੱਖਾਂ ਨੂੰ ਸ਼ਰਨ ਦੇਣ ਵਾਲੇ ਨੂੰ ਮੌਤ ਦੀ ਸਜ਼ਾ ਦਾ ਐਲਾਨ ਕਰ ਦਿੱਤਾ। ਪਰ ਭਾਈ ਤਾਰੂ ਸਿੰਘ ਜੀ ਸਿੰਘਾਂ ਦੀ ਸੇਵਾ ਨਿਡਰ ਹੋ ਕੇ ਕਰਦੇ ਰਹੇ।

ਉਸ ਇਲਾਕੇ ਦੇ ਭਗਤ ਨਿਰੰਜਨੀ (ਜੰਡਿਆਲਾ) ਨੇ ਜ਼ਕਰੀਆ ਖ਼ਾਨ ਨੂੰ ਸ਼ਿਕਾਇਤ ਕੀਤੀ ਕਿ ਉਹਦੇ ਪਿੰਡ ਇਕ ਸਿੱਖ ਵਸਦਾ ਹੈ ਜੋ ਬਾਗੀ ਸਿੰਘਾਂ ਨੂੰ ਪਨਾਹ ਦਿੰਦਾ ਹੈ। ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਦੀ ਗ੍ਰਿਫ਼ਤਾਰੀ ਦੇ ਤੁਰੰਤ ਹੁਕਮ ਦੇ ਦਿੱਤੇ।[੩] ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾਇਆ ਗਿਆ ਤੇ ਪੁੱਛਿਆ ਗਿਆ ਕਿ ਸਿੱਖ ਤੁਹਾਡੇ ਕੋਲ ਠਹਿਰਦੇ ਹਨ? ਤਾਂ ਭਾਈ ਤਾਰੂ ਸਿੰਘ ਨੇ ਦਲੇਰੀ ਨਾਲ ਕਿਹਾ ਕਿ ਮੈਂ ਉਨ੍ਹਾਂ ਦੀ ਸੇਵਾ ਕਰਨਾ ਆਪਣਾ ਧਰਮ ਸਮਝਦਾ ਹਾਂ। ਭਾਈ ਸਾਹਿਬ ਦੇ ਕੇਸ ਕਤਲ ਕਰ ਦੇਣ ਦਾ ਜ਼ਕਰੀਆ ਖ਼ਾਨ ਨੇ ਹੁਕਮ ਕਰ ਦਿੱਤਾ ਅਤੇ ਕਾਜ਼ੀ ਬੁਲਾਏ। ਜਦ ਸਰਕਾਰੀ ਆਦਮੀ ਕੇਸ ਕਤਲ ਕਰਨ ਲਈ ਨੇੜ੍ਹੇ ਆਏ ਤਾਂ ਭਾਈ ਤਾਰੂ ਸਿੰਘ ਜੀ ਨੇ ਜ਼ੋਰ ਦੀ ਲੱਤ ਮਾਰੀ। ਕੁਝ ਆਦਮੀਆਂ ਨੇ ਭਾਈ ਸਾਹਿਬ ਨੂੰ ਪਕੜ ਲਿਆ। ਜਦ ਨਾਈ ਫਿਰ ਅੱਗੇ ਵਧਿਆ ਤਾਂ ਉਸ ਦੇ ਸਿਰ ਵਿਚ ਆਪਣਾ ਸਿਰ ਮਾਰ ਕੇ ਨਾਈ ਲਹੂ-ਲੁਹਾਣ ਕਰ ਦਿੱਤਾ। ਇਸ 'ਤੇ ਮੋਚੀ ਸੱਦਿਆ ਗਿਆ ਤੇ ਭਾਈ ਸਾਹਿਬ ਦੀ ਖੋਪਰੀ ਦਾ ਉਪਰਲਾ ਹਿੱਸਾ ਰੰਬੀ ਨਾਲ ਉਤਾਰ ਦਿੱਤਾ ਗਿਆ।[੪] ਦਿੱਲੀ ਗੇਟ ਦੇ ਬਾਹਰ ਲਾਹੌਰ ਵਿਚ ਭਾਈ ਤਾਰੂ ਸਿੰਘ ਜੀ ਦਾ ਅੰਤਿਮ ਸਸਕਾਰ ਕੀਤਾ ਗਿਆ। ਇਹ ਲਾਹੌਰ ਸਟੇਸ਼ਨ ਦੇ ਨੇੜੇ ਥਾਂ ਹੈ, ਜਿੱਥੇ ਗੁਰਦੁਆਰਾ ਸ਼ਹੀਦ ਗੰਜ ਬਣਿਆ ਹੈ।[੫]

**ਹਵਾਲੇ :**

**੧.** ਸਵਰਨ ਸਿੰਘ, *ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੧੧, ੩੧,
**੨.** ਗਿਆਨੀ ਭਜਨ ਸਿੰਘ, *ਸਾਡੇ ਸ਼ਹੀਦ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੧੯੯੪, ਪੰਨਾ ੧੦੯,
**੩.** ਉਹੀ,
**੪.** ਉਹੀ, ਪੰਨਾ ੧੧੦,
**੫.** ਉਹੀ, ਪੰਨਾ ੧੧੧.

## ਆਲੋਵਾਲ ਦੇ ਸ਼ਹੀਦ

(੧੧ ਅਕਤੂਬਰ ਨੂੰ ਸ਼ਹੀਦੀ)

ਮਈ ੧੭੧੦ ਈ. ਦੇ ਅਖ਼ੀਰ ਵਿਚ ਜਦੋਂ ਬਹਾਦਰ ਸ਼ਾਹ ਬਾਦਸ਼ਾਹ ਨੂੰ ਪਤਾ ਲੱਗਾ ਕਿ ਬਾਬਾ ਬੰਦਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਪੰਜਾਬ ਦੇ ਕਾਫੀ ਇਲਾਕੇ ਵਿਚ ਆਪਣੀ ਸਰਦਾਰੀ ਕਾਇਮ ਕਰ ਲਈ ਹੈ ਤਾਂ ਉਸ ਨੇ ਪੰਜਾਬ ਵੱਲ ਕੂਚ ਕਰਨ ਦਾ ਫ਼ੈਸਲਾ ਕੀਤਾ। ਉਹ ਅਕਤੂਬਰ ੧੭੧੦ ਈ. ਵਿਚ ਇਕ ਬੜੀ ਵੱਡੀ ਫ਼ੌਜ ਲੈ ਕੇ ਪੰਜਾਬ ਵੱਲ ਤੁਰ ਪਿਆ। ੧੦ ਦਸੰਬਰ, ੧੭੧੦ ਈ. ਦੇ ਦਿਨ ਬਹਾਦਰ ਸ਼ਾਹ ਨੇ ਸਿੱਖਾਂ ਦਾ ਕਤਲ-ਏ-ਆਮ ਕਰਨ *(ਨਾਨਕ ਪ੍ਰਸਤਾਂ ਰਾ ਹਰ ਜਾ ਬਯਾਬੰਦ ਬਕਤਲ ਰਸਾਨੰਦ)* ਦਾ ਹੁਕਮ ਜਾਰੀ ਕੀਤਾ। ਸਿੱਖਾਂ ਦੇ ਕਤਲ-ਏ-ਆਮ ਦੇ ਨਾਂ ਹੇਠ ਪੰਜਾਬ ਵਿੱਚੋਂ ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ ਭਾਈ ਜੱਗੂ ਚੌਹਾਨ ਪਰਵਾਰ ਦੇ ਚਾਰ ਜੀਅ (ਸਹਿਜ ਸਿੰਘ, ਡੋਗਰ ਸਿੰਘ, ਹੀਰਾ ਸਿੰਘ, ਦਿਆਲ ਸਿੰਘ), ਭਾਈ ਬੌਹਿਥ ਭੱਟ ਪਰਵਾਰ ਦੇ ਸੱਤ ਜੀਅ, ਭਾਈ ਜੀਤਾ ਸਿੰਘ ਪਰਵਾਰ ਦੇ ਚਾਰ ਜੀਅ, ਭਾਈ ਮਨੀ ਸਿੰਘ ਦੇ ਦੋ ਭਰਾ (ਜੇਠਾ ਸਿੰਘ, ਰੂਪ ਸਿੰਘ) ਇਕ ਭਤੀਜਾ, ਭਾਈ ਛਬੀਲਾ ਦੇ ਬੇਟੇ ਭਾਈ ਜੇਠਾ ਸਿੰਘ ਤੇ ਭਾਈ ਧਰਮ ਸਿੰਘ ਅਤੇ ੨੧ ਹੋਰ ਜਣੇ ਸ਼ਾਮਲ ਸਨ। ਇਨ੍ਹਾਂ ਨੂੰ ਵੱਖ-ਵੱਖ ਥਾਵਾਂ ਤੋਂ ਪਕੜ ਕੇ ਲਾਹੌਰ ਲਿਆਂਦਾ ਗਿਆ। ਅਗਲੇ ਤਿੰਨ ਮਹੀਨੇ ਜ਼ਬਰਦਸਤ ਤਸ਼ੱਦਦ ਕੀਤਾ ਅਤੇ ਲਾਲਚ ਦਿੱਤੇ। ਪਰ ਮੁਗ਼ਲ ਇਨ੍ਹਾਂ ਸਿੰਘਾਂ ਨੂੰ ਸਿੱਖੀ ਛੱਡਣ ਵਾਸਤੇ ਮਜ਼ਬੂਰ ਨਾ ਕਰ ਸਕੇ।

ਆਖ਼ਰ ਕਾਜ਼ੀ ਦੇ ਫ਼ਤਵੇ ਹੇਠ ਉਨ੍ਹਾਂ ਨੂੰ ਆਲੋਵਾਲ (ਜ਼ਿਲ੍ਹਾ ਲਾਹੌਰ) ਵਿਚ ਜਿਉਂਦਿਆਂ ਨੂੰ ਜ਼ਮੀਨ ਵਿਚ ਗੱਡ ਦਿੱਤਾ ਗਿਆ। ਇਹ ਘਟਨਾ ੧੧ ਅਕਤੂਬਰ, ੧੭੧੧ ਈ. ਦੀ ਹੈ।

ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਸਮੇਂ ਇਨ੍ਹਾਂ ੪੦ ਸਿੰਘਾਂ ਨੂੰ ਆਲੋਵਾਲ ਵਿਖੇ ਜਿਉਂਦਿਆਂ ਨੂੰ ਜ਼ਮੀਨ ਵਿਚ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ।

## ਮਾਤਾ ਸੁਲੱਖਣੀ ਜੀ

(੧੨ ਅਕਤੂਬਰ ਨੂੰ ਜਨਮ)

ਮਾਤਾ ਸੁਲੱਖਣੀ ਜੀ ਦਾ ਜਨਮ ਪਿੰਡ ਪੱਖੋਕੇ, ਜ਼ਿਲ੍ਹਾ ਗੁਰਦਾਸਪੁਰ ਵਿਚ ਮੂਲ ਚੰਦ ਚੋਣਾ ਖੱਤਰੀ ਦੇ ਘਰ ਮਾਤਾ ਚੰਦੋ ਦੀ ਕੁੱਖੋਂ ਹੋਇਆ।[੧] ਆਪ ਦਾ ਜਨਮ ੧੨ ਅਕਤੂਬਰ, ੧੪੭੬ ਈ. ਦੇ ਦਿਨ ਹੋਇਆ ਸੀ। ਭਾਈ ਮੂਲ ਚੰਦ ਜੀ ਪੱਖੋਕੇ ਦੇ ਇਲਾਕੇ ਦੇ ਪਟਵਾਰੀ ਸਨ ਅਤੇ ਬਟਾਲੇ ਰਹਿੰਦੇ ਸਨ। ਮਾਤਾ ਸੁਲੱਖਣੀ ਜੀ ਦਾ ਵਿਆਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ੨੪ ਸਤੰਬਰ, ੧੪੮੭ ਈ. ਨੂੰ ਬਟਾਲਾ ਵਿਖੇ ਹੋਇਆ। ਇਹ ਰਿਸ਼ਤਾ ਕਰਾਉਣ ਵਿਚ ਵਧੇਰੇ ਉੱਦਮ ਬੇਬੇ ਨਾਨਕੀ ਜੀ ਦੇ ਪਤੀ ਭਾਈ ਜੈ ਰਾਮ ਜੀ ਦਾ ਸੀ। ਆਪ ਦੇ ਘਰ ੧੦ ਅਗਸਤ, ੧੪੯੪ ਈ. ਦੇ ਦਿਨ ਸ੍ਰੀ ਚੰਦ ਜੀ ਅਤੇ ੧੩

ਫਰਵਰੀ, ੧੪੯੭ ਈ. ਦੇ ਦਿਨ ਸ੍ਰੀ ਲਖਮੀ ਦਾਸ ਜੀ (ਦੋ ਬੇਟੇ) ਪੈਦਾ ਹੋਏ। ਮਾਤਾ ਸੁਲੱਖਣੀ ਜੀ ਬਹੁਤ ਸਬਰ ਵਾਲੀ ਇਸਤਰੀ ਸਨ ਜਿਨ੍ਹਾਂ ਨੇ ਆਪਣੇ ਪਤੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਸਾਲਾਂ ਬੱਧੀ ਪ੍ਰਚਾਰ ਯਾਤਰਾਵਾਂ 'ਤੇ ਜਾਣ ਤੋਂ ਬਾਅਦ ਘਰ ਸੰਭਾਲਿਆ। ਉਹ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਚਾਰ ਕਾਰਜਾਂ ਵਿਚ ਕਦੀ ਵੀ ਰੁਕਾਵਟ ਨਹੀਂ ਬਣੇ, ਸਗੋਂ ਉਨ੍ਹਾਂ ਘਰ ਦੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ। ਗੁਰੂ ਨਾਨਕ ਸਾਹਿਬ ਦੀ ਧਰਮ ਪਤਨੀ ਇੰਨੀ ਸੁਚੱਜੀ ਸੀ ਕਿ ਗੁਰੂ ਜੀ ਦਾ ਮਿਸ਼ਨ ਤੇ ਗ੍ਰਿਹਸਥ ਦੋਵੇਂ ਬੜੇ ਹੀ ਸਫਲਤਾ-ਪੂਰਵਕ ਨੇਪਰੇ ਚੜ੍ਹੇ। ਮਾਤਾ ਸੁਲੱਖਣੀ ਜੀ ਨੂੰ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਵਿਚ ਇਸ ਸਹਾਇਤਾ ਲਈ ਸਿੱਖ ਕੌਮ ਹਮੇਸ਼ਾਂ ਯਾਦ ਰੱਖੇਗੀ।

**ਹਵਾਲੇ :**

**੧.** ਭਜਨ ਸਿੰਘ (ਡਾ.), ਪ੍ਰੀਤਮ ਕੌਰ, *ਇਤਿਹਾਸਕ ਸਿੱਖ ਨਾਰੀਆਂ*, ਪੰਨਾ ੧੮.

## ਭਾਈ ਰਾਮ ਸਿੰਘ ਕਸ਼ਮੀਰੀ

(੧੩ ਅਕਤੂਬਰ ਨੂੰ ਸ਼ਹੀਦੀ)

ਭਾਈ ਰਾਮ ਸਿੰਘ ਕਸ਼ਮੀਰੀ ਦੁਨੀ ਚੰਦ ਦੇ ਬੇਟੇ ਸਨ। ਆਪ ਕਸ਼ਮੀਰ ਦੇ ਇਕ ਬ੍ਰਾਹਮਣ ਪਰਵਾਰ ਨਾਲ ਸੰਬੰਧ ਰੱਖਦੇ ਸਨ। ਭਾਈ ਦੁਨੀ ਚੰਦ ਉਨ੍ਹਾਂ ੧੬ ਬ੍ਰਾਹਮਣਾਂ ਵਿਚ ਸ਼ਾਮਲ ਸਨ ਜਿਹੜੇ ਭਾਈ ਕਿਰਪਾ ਰਾਮ ਦੱਤ ਨਾਲ ੨੫ ਮਈ, ੧੬੭੫ ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਆਏ ਸਨ।

ਭਾਈ ਰਾਮ ਸਿੰਘ ਕਸ਼ਮੀਰੀ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚੌਰ-ਬਰਦਾਰ ਸਨ। ਇਹ ਗੁਰੂ ਜੀ ਦੇ ਅੰਗ-ਸੰਗ ਰਿਹਾ ਕਰਦੇ ਸਨ। ਪਹਾੜੀ ਰਾਜਿਆਂ ਨੇ ਗੁਰੂ ਜੀ 'ਤੇ ਲਗਾਤਾਰ ੧੭੦੦ ਈ. ਵਿਚ ਹਮਲੇ ਕੀਤੇ ਤਾਂ ਹਾਰਦੇ ਰਹੇ। ਪਹਾੜੀ ਰਾਜਿਆਂ ਦੀ ਬੜੀ ਬੇਇੱਜ਼ਤੀ ਹੋ ਰਹੀ ਸੀ। ਪਹਾੜੀ ਰਾਜਿਆਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਡੀ ਇੱਜ਼ਤ ਰੱਖ ਲਵੋ। ਇਕ ਵਾਰ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ ਚਲੇ ਜਾਉ। ਗੁਰੂ ਜੀ ਤੇ ਸਿੱਖਾਂ ਨੇ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ ਨਿਰਮੋਹਗੜ੍ਹ ਦੀ ਪਹਾੜੀ 'ਤੇ ਡੇਰੇ ਲਾ ਲਏ, ਪਰ ਪਹਾੜੀਆਂ ਨੇ ਅਹਿਸਾਨ ਮੰਨਣ ਦੀ ਥਾਂ 'ਤੇ ੪ ਅਕਤੂਬਰ, ੧੭੦੦ ਈ. ਦੇ ਦਿਨ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਸਰਹੰਦ ਦੇ ਨਵਾਬ ਕੋਲੋਂ ਮਦਦ ਮੰਗੀ। ਸਰਹੰਦ ਦੇ ਨਵਾਬ ਨੇ ਰੁਸਤਮ ਖ਼ਾਨ ਅਤੇ ਨਾਸਿਰ ਖ਼ਾਨ ਦੀ ਕਮਾਂਡ ਹੇਠ ਨਿਰਮੋਹਗੜ੍ਹ 'ਤੇ ੧੩ ਅਕਤੂਬਰ, ੧੭੦੦ ਈ. ਨੂੰ ਹਮਲਾ ਕਰ ਦਿੱਤਾ। ਰੁਸਤਮ ਖ਼ਾਨ ਨੇ ਇਕ ਉੱਚੀ ਪਹਾੜੀ 'ਤੇ ਮੋਰਚੇ ਲਾਏ। ਨਾਸਿਰ ਖ਼ਾਨ ਨੇ ਗੁਰੂ ਜੀ ਤੇ ਨਿਸ਼ਾਨਾ ਬੰਨ੍ਹ ਕੇ ਇਕ ਗੋਲ਼ਾ ਮਾਰਿਆ ਜੋ ਗੁਰੂ ਜੀ ਕੋਲ ਖੜੇ ਭਾਈ ਰਾਮ ਸਿੰਘ ਕਸ਼ਮੀਰੀ ਨੂੰ ਲੱਗਾ ਤੇ ਉਹ ਸ਼ਹੀਦ ਹੋ ਗਿਆ। ਗੁਰੂ ਜੀ ਨੇ ਇਕ ਤੀਰ ਚਲਾਇਆ ਜੋ ਸਿੱਧਾ ਨਾਸਿਰ ਖ਼ਾਨ ਦੇ ਵੱਜਾ ਤੇ ਉਹ ਮਾਰਿਆ ਗਿਆ। ਭਾਈ ਉਦੈ ਸਿੰਘ ਦੇ ਤੀਰ ਨਾਲ ਰੁਸਤਮ ਖ਼ਾਨ ਵੀ ਥਾਏਂ ਹੀ ਮਾਰਿਆ ਗਿਆ। 'ਗੁਰੂ ਕੀਆਂ ਸਾਖੀਆਂ' ਅਨੁਸਾਰ, "ਇਧਰ ਸ੍ਰੀ ਦਸਮੇਸ਼ ਜੀ ਤੀਜੇ ਪਹਿਰ

ਸਿੰਘਾਸਨ 'ਤੇ ਬੈਠੇ ਕੇਸੋਂ ਮੇਂ ਕੰਘਾ ਕਰ ਰਹੇ ਸੀ।" ਰੁਸਤਮ ਖਾਂ ਕੇ ਛੋਟੇ ਭਾਈ ਨਾਸਰ ਅਲੀ ਨੇ ਸ਼ਿਸ਼ਤ ਬਾਂਧ ਗੁਰੂ ਜੀ ਕੇ ਤੋਪ ਕਾ ਗੋਲਾ ਮਾਰਾ, ਜਿਸ ਤੇ ਸਤਿਗੁਰਾਂ ਕਾ ਚੌਰ ਬਰਦਾਰ ਰਾਮ ਸਿੰਘ ਕਸ਼ਮੀਰੀ ਸ਼ਹੀਦੀ ਪਾਇ ਗਿਆ।[੧]

**ਹਵਾਲੇ :**

**੧.** ਸ੍ਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, (ਸੰਪਾ.) ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੩, ਪੰਨਾ ੧੩੯.

# ਭਾਈ ਊਦੈ ਸਿੰਘ ਜੀ

(੨੭ ਅਕਤੂਬਰ ਨੂੰ ਜਨਮ)

ਭਾਈ ਊਦੈ ਸਿੰਘ ਭਾਈ ਮਨੀ ਸਿੰਘ ਦੇ ਬੇਟੇ, ਭਾਈ ਮਾਈ ਦਾਸ ਦੇ ਪੋਤੇ ਅਤੇ ਭਾਈ ਬੱਲੂ ਦੇ ਪੜਪੋਤੇ ਸਨ। ਆਪ ਦਾ ਜਨਮ ੨੭ ਅਕਤੂਬਰ, ੧੬੬੫ ਈ. ਦੇ ਦਿਨ ਪਿੰਡ ਅਲੀਪੁਰ (ਜ਼ਿਲ੍ਹਾ ਮੁਜੱਫਰਗੜ੍ਹ) ਵਿਚ ਹੋਇਆ ਸੀ। ਆਪ ਜੀ ਭਾਈ ਮਨੀ ਸਿੰਘ ਜੀ ਦੇ ਦਸਾਂ ਪੁੱਤਰਾਂ ਵਿੱਚੋਂ ਤੀਜੇ ਨੰਬਰ 'ਤੇ ਸਨ। ਆਪ ਜੀ ਦਾ ਵਿਆਹ ੨ ਮਾਰਚ, ੧੬੯੩ ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਹੋਇਆ ਸੀ। ਆਪ ਜੀ ਦੇ ਘਰ ੭ ਪੁੱਤਰਾਂ ਨੇ ਜਨਮ ਲਿਆ। ਇਨ੍ਹਾਂ ਵਿਚ ਪੰਜ ਪੁੱਤਰਾਂ ਨੇ ਸਿੱਖ ਪੰਥ ਦੀਆਂ ਲੜਾਈਆਂ ਵਿਚ ਸ਼ਹੀਦੀਆਂ ਪਾਈਆਂ।

ਭਾਈ ਊਦੈ ਸਿੰਘ ਜੀ ਨੇ ੯ ਮਾਰਚ, ੧੬੯੬ ਈ. ਦੇ ਦਿਨ ਸ਼ੇਰ ਦਾ ਸ਼ਿਕਾਰ ਵੀ ਕੀਤਾ ਸੀ। ਜਦ ਖਾਲਸਾ ਪੰਥ ਪ੍ਰਗਟ ਕੀਤਾ ਤਾਂ ਆਪ ਜੀ ਨੇ ਪਹਿਲੇ ਜਥੇ ਵਿਚ ਹੀ ਅੰਮ੍ਰਿਤ ਛਕਿਆ ਸੀ। ੨੯ ਅਗਸਤ, ੧੭੦੦ ਈ. ਦੇ ਦਿਨ ਤਾਰਾਗੜ੍ਹ ਉੱਪਰ ਪਹਾੜੀ ਫ਼ੌਜਾਂ ਦੇ ਹਮਲੇ ਵੇਲੇ ਆਪ ਨੇ ਜੰਗ ਲੜੀ ਸੀ। ੧ ਸਤੰਬਰ, ੧੭੦੦ ਈ. ਦੇ ਦਿਨ ਆਪ ਜੀ ਨੇ ਸ਼ਰਾਬੀ ਹਾਥੀ ਨਾਲ ਆਈ ਫ਼ੌਜ ਦੇ ਇਕ ਪਹਾੜੀ ਰਾਜੇ ਕੇਸਰੀ ਚੰਦ ਦਾ ਸਿਰ ਵੱਢ ਲਿਆ ਸੀ ਅਤੇ ਕਰਪੇ ਬਰਛੇ 'ਤੇ ਟੰਗ ਕੇ ਗੁਰੂ ਸਾਹਿਬ ਦੇ ਕਦਮਾਂ ਵਿਚ ਭੇਟ ਕੀਤਾ ਸੀ। ੧੫ ਮਾਰਚ, ੧੭੦੧ ਈ. ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਬਜਰੂੜ ਪਿੰਡ ਦੇ ਰੰਘੜਾਂ ਨੂੰ ਸੋਧਿਆ ਸੀ। ੭ ਮਾਰਚ, ੧੭੦੩ ਈ. ਨੂੰ ਬਸੀ ਕਲਾਂ ਦੇ ਨਵਾਬ ਜਬਰ ਜੰਗ ਖਾਂ ਦੀ ਕੈਦ ਵਿੱਚੋਂ ਦਵਾਰਕਾ ਦਾਸ ਬ੍ਰਾਹਮਣ ਦੀ ਪਤਨੀ ਛੁਡਵਾਈ ਸੀ।

੫-੬ ਦਸੰਬਰ, ੧੭੦੫ ਈ. ਨੂੰ ਜਦ ਗੁਰੂ ਜੀ ਨੇ ਕਿਲ੍ਹਾ ਛੱਡਿਆ ਤਾਂ ਭਾਈ ਊਦੈ ਸਿੰਘ ਨਾਲ ਸੀ। ਗੁਰੂ ਜੀ ਨੇ ਭਾਈ ਊਦੈ ਸਿੰਘ ਨੂੰ ਸ਼ਾਹੀ ਟਿੱਬੀ 'ਤੇ ਪਹਾੜੀ ਫ਼ੌਜਾਂ ਰੋਕਣ ਵਾਸਤੇ ਤਾਇਨਾਤ ਕੀਤਾ ਸੀ ਉਨ੍ਹਾਂ ਨਾਲ ੫੦ ਸਿੰਘਾਂ ਦਾ ਜਥਾ ਸੀ। ਦਿਨ ਚੜ੍ਹਦਿਆਂ ਤਕ ਭਾਈ ਊਦੈ ਸਿੰਘ ਜੀ ਇੱਥੇ ੫੦ ਸਿੰਘਾਂ ਨਾਲ ਸ਼ਹੀਦੀ ਪਾ ਗਏ ਸਨ। ਇਸ ਤਰ੍ਹਾਂ ਭਾਈ ਊਦੈ ਸਿੰਘ ਜੀ ਇਕ ਸੂਰਬੀਰ ਸਿੱਖ ਸਨ।

**ਹਵਾਲੇ :**

**੧.** ਸ੍ਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪੰਨਾ ੧੫੩.

# ਪ੍ਰੋ. ਸਾਹਿਬ ਸਿੰਘ ਜੀ

## (੨੯ ਅਕਤੂਬਰ ਨੂੰ ਚਲਾਣਾ)

ਪ੍ਰੋ. ਸਾਹਿਬ ਸਿੰਘ ਜੀ ਦਾ ਜਨਮ ੧੬ ਫਰਵਰੀ, ੧੮੯੨ ਈ. ਨੂੰ ਪਿਤਾ ਹੀਰਾ ਨੰਦ ਦੇ ਘਰ ਪਿੰਡ ਫੱਤੇਵਾਲੀ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ।[1] ਮੁਢਲੀ ਵਿੱਦਿਆ ਰਈਏ ਦੇ ਪ੍ਰਾਇਮਰੀ ਸਕੂਲ ਤੋਂ ਅਤੇ ਮਿਡਲ ਗੋਤਾ ਫਤਿਹਗੜ੍ਹ ਤੋਂ ਕੀਤੀ। ੧੯੦੫ ਈ. ਵਿਚ ਅੱਠਵੀਂ ਪਾਸ ਕਰਨ ਤੋਂ ਬਾਅਦ ਅੰਮ੍ਰਿਤ ਛਕ ਕੇ ਨੱਥੂ ਰਾਮ (ਪਹਿਲਾ ਨਾਮ) ਤੋਂ ਸਾਹਿਬ ਸਿੰਘ ਬਣ ਗਏ। ੨੦ ਜੁਲਾਈ, ੧੯੦੭ ਈ. ਨੂੰ ਪਿਤਾ ਦੀ ਮੌਤ ਤੋਂ ਬਾਅਦ ਘਰ ਦਾ ਗੁਜ਼ਾਰਾ ਬੜਾ ਮੁਸ਼ਕਲ ਹੋ ਗਿਆ।[2] ੧੯੧੦ ਈ. ਵਿਚ ਦਸਵੀਂ ਕਰਨ ਤੋਂ ਬਾਅਦ ਡਾਕਖਾਨੇ ਵਿਚ ਨੌਕਰੀ ਕੀਤੀ ਪਰ ਇੱਥੋਂ ਦੀ ਤਨਖ਼ਾਹ ਨਾਲ ਘਰ ਦਾ ਕਰਜ਼ਾ ਉਤਾਰਨਾ ਔਖਾ ਸੀ। ਆਖ਼ਰ ਕੁਝ ਸੱਜਣਾਂ ਦੀ ਮਦਦ ਨਾਲ ਸਰਕਾਰੀ ਕਾਲਜ, ਲਾਹੌਰ ਤੋਂ ਬੀ.ਏ. ਕੀਤੀ। ੮ ਸਤੰਬਰ, ੧੯੧੫ ਈ. ਨੂੰ ਖ਼ਾਲਸਾ ਹਾਈ ਸਕੂਲ, ਫਰੂਕਾ ਵਿਚ ਅਧਿਆਪਕ ਦੇ ਤੌਰ 'ਤੇ ਨਿਯੁਕਤੀ ਹੋ ਗਈ। ਇਸ ਨਾਲ ਘਰ ਦਾ ਕਰਜ਼ਾ ਉਤਾਰਿਆ। ੪ ਸਾਲ ਨੌਕਰੀ ਕਰਨ ਤੋਂ ਬਾਅਦ ੨੦ ਜੁਲਾਈ, ੧੯੨੧ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੀਤ ਸਕੱਤਰ ਦੇ ਅਹੁਦੇ 'ਤੇ ਸੇਵਾ ਸ਼ੁਰੂ ਕੀਤੀ। ੧੯੨੦ ਈ. ਵਿਚ ਹੀ ਗੁਰਬਾਣੀ ਪਾਠ ਕਰਦਿਆਂ ਪ੍ਰੋ. ਸਾਹਿਬ ਸਿੰਘ ਜੀ ਨੂੰ ਗੁਰਬਾਣੀ ਵਿਆਕਰਨ ਦੀ ਸਮਝ ਲੱਗੀ ਤਾਂ ਉਹ ਇਸ ਦੀ ਖੋਜ ਵਿਚ ਲੱਗ ਗਏ। ੪ ਨਵੰਬਰ, ੧੯੨੯ ਈ. ਤੋਂ ੧੨ ਅਕਤੂਬਰ, ੧੯੫੨ ਈ. ਤਕ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਦੀ ਨੌਕਰੀ ਕੀਤੀ।[3] ਪ੍ਰੋ. ਸਾਹਿਬ ਸਿੰਘ ਜੀ ਨੇ ੧੯੩੯ ਈ. ਵਿਚ ਗੁਰਬਾਣੀ ਵਿਆਕਰਨ ਲਿਖ ਕੇ ਪ੍ਰਕਾਸ਼ਿਤ ਕਰਵਾਈ। ਪ੍ਰੋ. ਸਾਹਿਬ ਸਿੰਘ ਜੀ ਦਾ ਸਭ ਤੋਂ ਵੱਡਾ ਕੰਮ ਦਸ ਸੈਂਚੀਆਂ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਨਾਮ ਹੇਠ ਟੀਕਾ ੧੯੬੪ ਈ. ਵਿਚ ਮੁਕੰਮਲ ਕਰਨਾ ਹੈ। ਇਸ ਸਾਰੇ ਕਾਰਜ ਉੱਪਰ ਪ੍ਰੋ. ਸਾਹਿਬ ਸਿੰਘ ਜੀ ਦੀ ਜ਼ਿੰਦਗੀ ਦੇ ੩੫ ਸਾਲ ਲੱਗੇ ਸਨ। ਇਸ ਤੋਂ ਇਲਾਵਾ ਪ੍ਰੋ. ਸਾਹਿਬ ਸਿੰਘ ਜੀ ਦੀ ਗੁਰਬਾਣੀ, ਇਤਿਹਾਸ ਤੇ ਸਿੱਖ ਧਰਮ ਬਾਰੇ ੪੦ ਦੇ ਕਰੀਬ ਕਿਤਾਬਾਂ ਵੀ ਛਪੀਆਂ। ੧੯੫੨ ਈ. ਵਿਚ ਇਨ੍ਹਾਂ ਨੂੰ ਪੈਪਸੂ ਸਰਕਾਰ ਵੱਲੋਂ ਸਨਮਾਨਿਤ ਕੀਤਾ ਗਿਆ। ੧੯੭੦ ਈ. ਵਿਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਪ੍ਰੋ. ਸਾਹਿਬ ਸਿੰਘ ਜੀ ਦੇ ਸਿੱਖ ਧਰਮ ਸੰਬੰਧੀ ਕੀਤੇ ਗਏ ਕਾਰਜ ਨੂੰ ਦੇਖਦਿਆਂ ੧੯੭੧ ਈ. ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਮਾਨ-ਅਰਥ ਡੀ.ਲਿਟ. ਦੀ ਡਿਗਰੀ ਦਿੱਤੀ ਗਈ।[4] ੨੯ ਅਕਤੂਬਰ, ੧੯੭੭ ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਇਸ ਕਰਮਯੋਗੀ ਦੀ ਮੌਤ ਹੋ ਗਈ।

**ਹਵਾਲੇ :**

**੧.** ਰੂਪ ਸਿੰਘ (ਸੰਪਾ.), *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਪੰਨਾ ੨੯੮, **੨.** ਉਹੀ, **੩.** ਉਹੀ, ਪੰਨਾ ੨੯੧, **੪.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਪਹਿਲਾ, ਪੰਨਾ ੨੪੯.

ਕਵਿਤਾ:

# ਹੜ੍ਹਾਂ ਵਾਲੀ ਮਾਰ ਤੋਂ ਬਚਾਈਂ ਦਾਤਿਆ

-ਕਵੀਸ਼ਰ ਮਲਕੀਤ ਸਿੰਘ ਵਰਪਾਲ*

*ਤੇਰੀ ਮਿਹਰ ਬਿਨਾਂ ਨਹੀਓਂ ਪੱਤਾ ਹਿਲਦਾ,*
*ਬਾਗ਼ਾਂ ਵਿਚ ਕਦੇ ਨਹੀਓਂ ਫੁੱਲ ਖਿਲਦਾ।*
*ਨਵੀਆਂ ਬਹਾਰਾਂ ਨੂੰ ਲਿਆਈਂ ਦਾਤਿਆ,*
*ਹੜ੍ਹਾਂ ਵਾਲੀ ਮਾਰ ਤੋਂ ਬਚਾਈਂ ਦਾਤਿਆ।*

*ਪਲਾਂ ਵਿਚ ਢੈ ਗਏ ਮਹਿਲ ਤੇ ਮੁਨਾਰੇ ਜੀ,*
*ਕਰੋੜਾਂ ਵਾਲੇ ਮਿੱਟੀ ਹੋ ਗਏ ਨੇ ਚੁਬਾਰੇ ਜੀ।*
*ਦੇਂਦੇ ਅੱਜ ਦੁਖੀਏ ਦੁਹਾਈ ਦਾਤਿਆ,*
*ਹੜ੍ਹਾਂ ਵਾਲੀ...*

*ਤੇਰੇ ਹੱਥ ਡੋਰ ਸਾਰੀ ਕਾਇਨਾਤ ਦੀ,*
*ਹੁਕਮਾਂ 'ਚ ਬੱਝੇ ਹੋਏ ਦਿਨ ਰਾਤ ਜੀ।*
*ਬੱਸ ਕਰ ਰਹਿਮ ਵਰਤਾਈਂ ਦਾਤਿਆ,*
*ਹੜ੍ਹਾਂ ਵਾਲੀ...*

*ਕੁਦਰਤ ਰਾਣੀ ਕਹਿਰ ਵਰਸਾਇਆ ਏ,*
*ਵੱਡੇ ਵੱਡੇ ਪੁਲ਼ਾਂ ਨੂੰ ਪਲ਼ਾਂ 'ਚ ਢਾਇਆ ਏ।*
*ਡੁੱਬ ਰਹੀ ਬੇੜੀ ਬੰਨੇ ਲਾਈਂ ਦਾਤਿਆ,*
*ਹੜ੍ਹਾਂ ਵਾਲੀ...*

*ਸੋਨਾ ਮਿੱਟੀ ਵਿਚ ਕਿਰਤੀਆਂ ਉਗਾਇਆ ਸੀ,*
*ਰਾਤੋ ਰਾਤ ਪਾਣੀ ਭਸਮ ਬਣਾਇਆ ਸੀ।*
*ਸਿਦਕਾਂ ਦੀ ਭੱਠੀ ਨਾ ਤੂੰ ਪਾਈਂ ਦਾਤਿਆ,*
*ਹੜ੍ਹਾਂ ਵਾਲੀ...*

*ਤਰਸ ਬੇਜੁਬਾਨਾਂ ਉੱਤੇ ਬੜਾ ਆਉਂਦਾ ਏ,*
*ਬਿਪਤਾ 'ਚ ਫਸੇ ਤੱਕ ਦਿਲ ਰੋਂਦਾ ਏ।*
*ਫ਼ੌਜੀਆਂ ਵੀ ਘਾਲ ਹੈ ਘੁਮਾਈ ਦਾਤਿਆ,*
*ਹੜ੍ਹਾਂ ਵਾਲੀ...*

*ਵੇਖ ਨਹੀਓਂ ਹੁੰਦੀਆਂ ਮਾਤਾਵਾਂ ਰੋਂਦੀਆਂ,*
*ਬੇਘਰ ਹੋਈਆਂ ਭੈਣਾਂ ਕੁਰਲੌਂਦੀਆਂ...*
*ਜਾਂਦੇ ਨੀਰ ਪੱਥਰ ਵਹਾਈ ਦਾਤਿਆ,*
*ਹੜ੍ਹਾਂ ਵਾਲੀ...*

*ਕੱਖੋਂ ਹੌਲੇ ਹੋ ਗਏ ਕਿੱਲਿਆਂ ਦੇ ਮਾਲਕ,*
*ਤੇਰਾ ਭਾਣਾ ਮੀਠਾ ਕਹਿੰਦੇ ਪ੍ਰਿਤਪਾਲਕ।*
*ਤੇਰੇ ਬਿਨਾ ਕੋਈ ਨਾ ਸਹਾਈ ਦਾਤਿਆ,*
*ਹੜ੍ਹਾਂ ਵਾਲੀ...*

*ਲੋਟੂ ਟੋਲੇ ਅੱਜ ਨਜ਼ਰ ਨਾ ਆਉਂਦੇ ਨੇਂ,*
*ਬਿਆਨਾਂ ਰਾਹੀਂ ਲੂਣ ਜ਼ਖ਼ਮਾਂ 'ਤੇ ਲਾਉਂਦੇ ਨੇ।*
*ਸਿੰਘਾਂ ਨੇ ਸੇਵਾ ਹੈ ਨਿਭਾਈ ਦਾਤਿਆ,*
*ਹੜ੍ਹਾਂ ਵਾਲੀ...*

*ਮਿਹਰ ਕਰੇਂ ਪਿੰਗਲੇ ਪਹਾੜ ਚਾੜ੍ਹਦੇਂ,*
*ਮਲਕੀਤ ਸਿੰਘਾ ਘਾਹ ਸ਼ੇਰਾਂ ਨੂੰ ਖਵਾਲਦੇਂ।*
*ਵਰਪਾਲ ਦੀ ਅਰਜ਼ ਬੰਨੇ ਲਾਈਂ ਦਾਤਿਆ,*
*ਹੜ੍ਹਾਂ ਵਾਲੀ ਤੋਂ ਬਚਾਈਂ ਦਾਤਿਆ।*

■

* ਇੰਚਾਰਜ, ਕੜਾਹ ਪ੍ਰਸ਼ਾਦ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. ੯੪੭੮੫੦੫੮੦੦

*ਕਵਿਤਾ:*

# ਮੈਨੂੰ ਤਾਰ ਬਾਬਾ...

*-ਸ. ਪਰਮਜੀਤ ਸਿੰਘ**

*ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਸੁਆਮੀ,*
*ਤੂੰ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਬਾਬਾ!*
*ਤੂੰ ਦਇਆ ਦਾ ਸਾਗਰ ਤੂੰ ਪਤਿਤ ਪਾਵਨ,*
*ਮੇਰੇ ਉੱਪਰ ਵੀ ਕਰ ਉਪਕਾਰ ਬਾਬਾ!*
*ਐ ਮੇਹਰਾਂ ਦੇ ਸਾਈਂ, ਸੁਣ ਅਰਜ਼ ਮੇਰੀ,*
*ਮੈਨੂੰ ਤਾਰ ਬਾਬਾ! ਮੈਨੂੰ ਤਾਰ ਬਾਬਾ!!*

*ਲੋਭ (ਵਿਕਾਰਾਂ) ਦੀਆਂ ਲਹਿਰਾਂ ਹਰ ਪਲ ਵੱਜਣ,*
*ਮਹਾ ਭਇਆਨ ਭਉਜਲ ਸੰਸਾਰ ਬਾਬਾ!*
*ਮੋਹ ਦੇ ਚਿੱਕੜ 'ਚ ਪੈਰ ਨਾ ਹਿਲਦੇ,*
*ਫ਼ਸਿਆ ਹਾਂ ਵਿਚ ਮੰਝਧਾਰ ਬਾਬਾ!*
*ਸਿਰ ਪਾਪਾਂ ਦੀ ਪੰਡ ਗਲ ਹਉਮੈਂ ਦੇ ਪੱਥਰ,*
*ਮੈਨੂੰ ਤਾਰ ਬਾਬਾ! ਮੈਨੂੰ ਤਾਰ ਬਾਬਾ!!*

*ਨਾ ਦਇਆ, ਧਰਮ ਨਾ ਸਿਮਰਨ ਦੀ ਬੇੜੀ,*
*ਨਾ ਸੇਵਾ ਦੀ ਹੀ ਕੋਈ ਪਤਵਾਰ ਬਾਬਾ!*
*ਕਰ ਤਰਸ ਤੇ ਬਖਸ਼ ਲੈ ਐਸ ਵਾਰੀ,*
*ਤੂੰ ਬਖਸ਼ੰਦ ਹੈਂ ਬਖਸ਼ਣਹਾਰ ਬਾਬਾ!*
*ਤੂੰ ਹੀ ਮੇਰੀ ਕਸ਼ਤੀ, ਚੱਪੂ, ਤੂੰ ਹੀ ਖੇਵਟ,*
*ਮੈਨੂੰ ਤਾਰ ਬਾਬਾ! ਮੈਨੂੰ ਤਾਰ ਬਾਬਾ!!*

*ਠੱਗਾਂ ਤੇ ਚੋਰਾਂ ਨੂੰ ਤੂੰ ਰਾਹੇ ਪਾਇਆ,*
*ਆਣ ਢੱਠਾਂ ਹਾਂ ਤੇਰੇ ਦੁਆਰ ਬਾਬਾ!*
*ਮੈਂ ਜਨਮਾਂ ਦਾ ਰੋਗੀ, ਤੂੰ ਵੈਦ ਸੁਜਾਨ ਹੈਂ,*
*ਕਰ ਮੇਰਾ ਵੀ ਤੂੰ ਉਪਚਾਰ ਬਾਬਾ!*
*ਮੈਂ ਪਾਪੀ,ਅਪਰਾਧੀ ਹਾਂ, ਗੁਨਾਹਗਾਰ ਹਾਂ ਮੈਂ,*
*ਮੈਨੂੰ ਤਾਰ ਬਾਬਾ! ਮੈਨੂੰ ਤਾਰ ਬਾਬਾ!!*

*ਜੈਸਾ ਵੀ ਹਾਂ ਮੈਂ ਤੇਰਾ ਹਾਂ ਸਤਿਗੁਰ,*
*ਨਾ ਅਵਗੁਣ ਮੇਰੇ ਤੂੰ ਚਿਤਾਰ ਬਾਬਾ!*
*ਤੇਰੇ ਬਿਨਾਂ ਮੇਰਾ ਕੋਈ ਨਹੀਂ ਸਤਿਗੁਰ,*
*ਬਖਸ਼ ਲੈ ਅਬ ਕੀ ਬਾਰ ਬਾਬਾ!*
*ਮੁੜ-ਮੁੜ ਪਿਆ ਕਹਿਨਾ,*
*ਮੈਨੂੰ ਤਰਨਾ ਨਹੀਂ ਆਉਂਦਾ,*
*ਮੈਨੂੰ ਤਾਰ ਬਾਬਾ! ਮੈਨੂੰ ਤਾਰ ਬਾਬਾ!!*

■

* Plot No-63, Waheguru Villa, Vasavi Colony, Guru Nanak Nagar, Vijaywada (A.P)-520008; Mob. 93939-95000

ਖ਼ਬਰਨਾਮਾ

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਅੰਤ੍ਰਿੰਗ ਕਮੇਟੀ ਨੇ ਲਏ ਕਈ ਅਹਿਮ ਫੈਸਲੇ

ਸ੍ਰੀ ਅੰਮ੍ਰਿਤਸਰ, ੨੯ ਜੁਲਾਈ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਕ ਮਤਾ ਪਾਸ ਕਰ ਕੇ ਭਾਰਤ ਸਰਕਾਰ ਪਾਸੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਿਤ ਕਰਨ ਨੂੰ ਪ੍ਰਵਾਨਗੀ ਦੇ ਨਾਲ ਨਾਲ ਕਈ ਹੋਰ ਅਹਿਮ ਫੈਸਲੇ ਵੀ ਕੀਤੇ ਗਏ।

ਇਕੱਤਰਤਾ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੨੦੧੯ ਈ. 'ਚ ਮਨਾਏ ੫੫੦ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਕੁਝ ਸਿੱਖ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਨੋਟੀਫਿਕੇਸ਼ਨ ਕੀਤਾ ਸੀ, ਜਿਸ ਨੂੰ ਅੱਜ ਤਕ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਇੱਕ ਇਤਿਹਾਸਿਕ ਮੌਕਾ ਹੈ, ਜਿਸ 'ਤੇ ਭਾਰਤ ਸਰਕਾਰ ਨੂੰ ਆਪਣੇ ਵੱਲੋਂ ਕੀਤਾ ਹੋਇਆ ਫੈਸਲਾ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਇਹ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਸ਼ਹਾਦਤ ਦੇਣ ਵਾਲੇ ਗੁਰੂ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਸੰਦੇਸ਼ਾਂ, ਉਪਦੇਸ਼ਾਂ ਅਤੇ ਪ੍ਰੇਰਨਾ ਦੀ ਸੇਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਮਾਨਵ ਹਿਤਕਾਰੀ ਕਾਰਜਾਂ ਲਈ ਯਤਨਸ਼ੀਲ ਰਹੀ ਹੈ ਅਤੇ ਇਸੇ ਦਿਸ਼ਾ ਵਿਚ ਗੁਰੂ ਨਾਨਕ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਖੇ ਮਰੀਜ਼ਾਂ ਅਤੇ ਲੋੜਵੰਦਾਂ ਲਈ ਲੰਗਰ ਸੇਵਾ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਸੇਵਾ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਤੋਂ ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਭੇਜੀ ਜਾਇਆ ਕਰੇਗੀ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਿਤ ਕਰਨ ਨੂੰ ਵੀ

ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦ ਹੀ ਯੂਨੀਵਰਸਿਟੀ ਵੱਲੋਂ ਕਾਰਵਾਈ ਮੁਕੰਮਲ ਕਰਨ ਉਪਰੰਤ ਇਸ ਨੂੰ ਕਾਰਜਸ਼ੀਲ ਕਰ ਦਿੱਤਾ ਜਾਵੇਗਾ। ਇਸ ਵਿਚ ਨੌਵੇਂ ਪਾਤਸ਼ਾਹ ਜੀ ਦੇ ਜੀਵਨ, ਯਾਤਰਾਵਾਂ ਅਤੇ ਸ਼ਹਾਦਤ ਬਾਰੇ ਮੌਲਿਕ ਅਤੇ ਖੋਜ ਕਾਰਜ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਪਾਵਨ ਗੁਰਬਾਣੀ ਬਾਰੇ ਦਾਰਸ਼ਨਿਕ ਅਧਿਐਨ ਦਾ ਕੰਮ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਅਕੈਡਮੀ ਅਤੇ ਨਿਸ਼ਚੈ ਜੂਡੀਸ਼ਲੀ ਅਕੈਡਮੀ ਦੀ ਲਗਾਤਾਰਤਾ ਵਿਚ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ ਦੀ ਪ੍ਰੀਖਿਆ ਦੀ ਤਿਆਰੀ ਵੀ ਕਰਵਾਈ ਜਾਵੇਗੀ। ਚੁਣੇ ਗਏ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਦੀ ਮੁਫ਼ਤ ਪੜ੍ਹਾਈ ਅਤੇ ਮਹੀਨਾਵਾਰ ਵਜੀਫ਼ਾ ਦਿੱਤਾ ਜਾਵੇਗਾ।

ਰਾਜਸਥਾਨ 'ਚ ਗੁਰਸਿੱਖ ਲੜਕੀ ਨੂੰ ਪੇਪਰ ਦੇਣ ਤੋਂ ਰੋਕਣ ਦੇ ਮਾਮਲੇ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਵੀ ਇਸ ਦੇਸ਼ ਦੇ ਬਾਸ਼ਿੰਦੇ ਹਨ ਅਤੇ ਇੱਥੋਂ ਦੇ ਤਰੱਕੀ ਅਤੇ ਸੁਰੱਖਿਆ ਲਈ ਸਿੱਖਾਂ ਨੇ ਵੱਡੀਆਂ ਘਾਲਣਾਵਾਂ ਘਾਲੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਦਾ ਸੰਵਿਧਾਨ ਸਿੱਖਾਂ ਨੂੰ ਪੰਜ ਕਕਾਰ ਰੱਖਣ ਦੀ ਖੁੱਲ੍ਹ ਦਿੰਦਾ ਹੈ ਤਾਂ ਕੁਝ ਲੋਕਾਂ ਵੱਲੋਂ ਕੀਤੀਆਂ ਅਜਿਹੀਆਂ ਹਰਕਤਾਂ ਸਿੱਖ ਮਨਾਂ ਨੂੰ ਸੱਟ ਮਾਰਦੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਜਿਹਾ ਮਾਮਲਾ ਆਇਆ ਸੀ, ਜਿਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਵੀ ਸੰਸਥਾ ਵੱਲੋਂ ਢੁੱਕਵੇਂ ਕਦਮ ਚੁੱਕੇ ਜਾਣਗੇ।

ਐਡਵੋਕੇਟ ਧਾਮੀ ਨੇ ਭਾਰਤ ਅਤੇ ਪਾਕਿਸਤਾਨ ਵਿਚ ਪਿਛਲੇ ਸਮੇਂ ਬਣੇ ਤਲਖ਼ੀ ਭਰੇ ਹਾਲਾਤਾਂ ਕਾਰਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਾਣ ਵਾਲੇ ਸ਼ਰਧਾਲੂਆਂ 'ਤੇ ਲਗਾਈ ਗਈ ਰੋਕ ਨੂੰ ਤੁਰੰਤ ਹਟਾਉਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਪਾਵਨ ਅਸਥਾਨ ਨਾਲ ਸਿੱਖ ਸ਼ਰਧਾਲੂਆਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਇਹ ਲਾਂਘਾ ਆਪਸੀ ਪਿਆਰ, ਸਦਭਾਵਨਾ ਅਤੇ ਸਾਂਝਾਂ ਦਾ ਪ੍ਰਤੀਕ ਹੈ, ਜਿਸ ਨੂੰ ਜਲਦ ਖੋਲ੍ਹਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਨੂੰ ਵੀ ਇਜਾਜ਼ਤ ਦਿੱਤੇ ਜਾਣ ਦੀ ਦੋਹਾਂ ਸਰਕਾਰਾਂ ਪਾਸੋਂ ਮੰਗ ਕੀਤੀ ਗਈ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਨਾਂਦੇੜ ਦੇ ਪ੍ਰਬੰਧਕਾਂ ਵੱਲੋਂ ਪੁੱਜੀ ਮੰਗ ਅਨੁਸਾਰ ਤਖ਼ਤ ਸਾਹਿਬ ਅਤੇ ਦੱਖਣ ਪ੍ਰਦੇਸ਼ ਦੀਆਂ ਸੰਗਤਾਂ

ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੨੦੦ ਪਾਵਨ ਸਰੂਪ ਭੇਜਣ ਦਾ ਵੀ ਫੈਸਲਾ ਕੀਤਾ ਗਿਆ ਹੈ। ਇਹ ਪਾਵਨ ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਰਯਾਦਾ ਅਨੁਸਾਰ ਤਖ਼ਤ ਸਾਹਿਬ 'ਤੇ ਪਹੁੰਚਾਏ ਜਾਣਗੇ।

ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਬੀਤੇ ਦਿਨੀਂ ਸ੍ਰੀਨਗਰ ਵਿਖੇ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਹੋਈ ਮਰਯਾਦਾ ਦੀ ਉਲੰਘਣਾ 'ਤੇ ਨਿੰਦਾ ਮਤਾ ਵੀ ਪਾਸ ਕੀਤਾ ਗਿਆ।

ਇਕੱਤਰਤਾ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਜਸਵੰਤ ਸਿੰਘ ਪੁੜੈਣ, ਸ. ਪਰਮਜੀਤ ਸਿੰਘ ਰਾਏਪੁਰ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਕੁਲਦੀਪ ਸਿੰਘ ਰੋਡੇ, ਸ. ਜਸਵਿੰਦਰ ਸਿੰਘ ਜੱਸੀ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ ਆਦਿ ਮੌਜੂਦ ਸਨ।

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਪ੍ਰੀਤ ਕੌਰ ਨੂੰ ਸਿੱਖੀ ਜਜ਼ਬੇ ਵਿਚ ਪ੍ਰਪੱਕ ਰਹਿਣ ਕਰਕੇ ਕੀਤਾ ਸਨਮਾਨਿਤ

ਸ੍ਰੀ ਅੰਮ੍ਰਿਤਸਰ, ੬ ਅਗਸਤ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗੁਰਸਿੱਖ ਲੜਕੀ ਗੁਰਪ੍ਰੀਤ ਕੌਰ ਨੂੰ ਉਸ ਵੱਲੋਂ ਦਰਸਾਏ ਸਿੱਖੀ ਜਜ਼ਬੇ ਕਰਕੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਗੁਰਪ੍ਰੀਤ ਕੌਰ ਨੂੰ ਕਿਰਪਾਨ ਤੇ ਕੜਾ ਪਹਿਨੇ ਹੋਣ ਕਰਕੇ ਰਾਜਸਥਾਨ ਵਿਚ ਹੋਈ ਜੁਡੀਸ਼ੀਅਲ ਸਰਵਿਸ ਦੀ ਪ੍ਰੀਖਿਆ ਵਿਚ ਦਾਖ਼ਲੇ ਲਈ ਕਕਾਰ ਉਤਾਰਨ ਲਈ ਕਿਹਾ ਗਿਆ ਸੀ, ਪ੍ਰੰਤੂ ਗੁਰਪ੍ਰੀਤ ਕੌਰ ਨੇ ਸਿੱਖ ਮਰਯਾਦਾ ਦਾ ਹਵਾਲਾ ਦਿੰਦਿਆਂ ਕਕਾਰ ਉਤਾਰਨ ਤੋਂ ਮਨ੍ਹਾ ਕਰ ਦਿੱਤਾ ਸੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਸਿੱਖਾਂ ਨੂੰ ਕਿਰਪਾਨ ਪਹਿਨਣ ਦਾ ਪੂਰਾ ਅਧਿਕਾਰ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਕੋਈ ਵੀ ਅੰਮ੍ਰਿਤਧਾਰੀ ਸਿੱਖ ਆਪਣੇ ਸਰੀਰ ਨਾਲੋਂ ਪੰਜ ਕਕਾਰ ਵੱਖ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੇ ਗੁਰਸਿੱਖ ਲੜਕੀ ਨੂੰ ਧਾਰਮਿਕ ਚਿੰਨ੍ਹ ਕਕਾਰ ਉਤਾਰਣ ਲਈ ਮਜ਼ਬੂਰ ਕੀਤਾ ਅਤੇ ਵਿਰੋਧ ਕਰਨ ਉੱਤੇ ਪ੍ਰੀਖਿਆ ਵਿਚ ਦਾਖ਼ਲਾ ਨਹੀਂ ਦਿੱਤਾ ਗਿਆ, ਜੋ ਇਕ ਵਿਦਿਆਰਥੀ ਦੇ ਭਵਿੱਖ ਨਾਲ ਖਿਲਵਾੜ ਹੈ। ਉਨ੍ਹਾਂ ਰਾਜਸਥਾਨ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਅਧਿਕਾਰੀਆਂ ਦੇ ਗ਼ਲਤ ਵਤੀਰੇ ਕਾਰਨ ਪੇਪਰ ਦੇਣ ਤੋਂ ਵਾਂਝੀ ਰਹਿ ਗਈ ਸਿੱਖ ਉਮੀਦਵਾਰ ਨੂੰ ਵਿਸ਼ੇਸ਼ ਤੌਰ ’ਤੇ ਇੱਕ ਮੌਕਾ ਦਿੰਦਿਆਂ ਉਸ ਦੀ ਪ੍ਰੀਖਿਆ ਕਰਵਾਈ ਜਾਵੇ। ਇਸ ਮੌਕੇ ਗੁਰਪ੍ਰੀਤ ਕੌਰ ਨੇ ਮਿਲੇ ਸਹਿਯੋਗ ਅਤੇ ਸਨਮਾਨ ਲਈ ਸਿੱਖ ਸੰਸਥਾ ਦਾ ਧੰਨਵਾਦ ਕੀਤਾ।

ਗੁਰਪ੍ਰੀਤ ਕੌਰ ਨੂੰ ਸਨਮਾਨਿਤ ਕਰਨ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਮੈਂਬਰ ਸ. ਸੁਖਹਰਪ੍ਰੀਤ ਸਿੰਘ ਰੋਡੇ, ਮੈਂਬਰ ਸ. ਸੁਖਵਰਸ਼ ਸਿੰਘ ਪੰਨੂ, ਸ. ਖੁਸ਼ਵਿੰਦਰ ਸਿੰਘ ਭਾਟੀਆ, ਸ. ਗੁਰਨਾਮ ਸਿੰਘ ਜੱਸਲ, ਸ. ਮੋਹਨ ਸਿੰਘ ਬੰਗੀ, ਜਥੇਦਾਰ ਕੌਰ ਸਿੰਘ, ਬੀਬੀ ਹਰਜਿੰਦਰ ਕੌਰ, ਬੀਬੀ ਜੋਗਿੰਦਰ ਕੌਰ, ਸ. ਚਰਨ ਸਿੰਘ ਆਲਮਗੀਰ, ਸਕੱਤਰ ਸ. ਪ੍ਰਤਾਪ ਸਿੰਘ ਅਤੇ ਗੁਰਪ੍ਰੀਤ ਕੌਰ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

## ਅੰਮ੍ਰਿਤਧਾਰੀ ਸਰਪੰਚ ਨੂੰ ਕਿਰਪਾਨ ਕਾਰਨ ਲਾਲ ਕਿਲ੍ਹੇ ’ਤੇ ਜਾਣ ਤੋਂ ਰੋਕਣ ਦੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ ਨਿੰਦਾ

ਸ੍ਰੀ ਅੰਮ੍ਰਿਤਸਰ, ੧੭ ਅਗਸਤ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ੧੫ ਅਗਸਤ ਨੂੰ ਲਾਲ ਕਿਲ੍ਹੇ ’ਤੇ ਹੋ ਰਹੇ ਸਮਾਗਮ ਵਿਚ ਵਿਸ਼ੇਸ਼ ਸੱਦੇ ’ਤੇ ਗਏ ਨਾਭਾ ਨੇੜਲੇ ਪਿੰਡ ਦੇ ਅੰਮ੍ਰਿਤਧਾਰੀ ਗੁਰਸਿੱਖ ਸਰਪੰਚ ਸ. ਗੁਰਧਿਆਨ ਸਿੰਘ ਨੂੰ ਕਿਰਪਾਨ ਕਾਰਨ ਦਾਖ਼ਲ ਹੋਣ ਤੋਂ ਰੋਕਣ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਾਰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਸ. ਗੁਰਧਿਆਨ ਸਿੰਘ ਨੂੰ ਵਿਸ਼ੇਸ਼ ਸੱਦੇ ’ਤੇ ਬੁਲਾਇਆ ਹੋਣ ਦੇ ਬਾਵਜੂਦ ਵੀ ਧਾਰਮਿਕ ਚਿੰਨ੍ਹ ਕਿਰਪਾਨ ਕਾਰਨ ਅੰਦਰ ਜਾਣ ਤੋਂ ਰੋਕਣਾ ਆਪਣੇ ਹੀ ਦੇਸ਼ ਅੰਦਰ ਬੇਗਾਨਗੀ ਵਾਲਾ ਵਿਹਾਰ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਦੇਸ਼ ਦੀ ਅਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪ੍ਰੰਤੂ ਦੇਸ਼ ਅਜ਼ਾਦ ਹੋਣ ਤੋਂ ਲੈ ਕੇ ਹੁਣ ਤਕ ਸਿੱਖਾਂ ਨਾਲ ਹਮੇਸ਼ਾ ਵਿਤਕਰੇ ਹੋ ਰਹੇ ਹਨ। ਦੇਸ਼ ਦੇ ਸੰਵਿਧਾਨ ਵਿਚ ਮਿਲੇ ਹੱਕਾਂ ਤੋਂ ਵੀ ਸਿੱਖਾਂ ਨੂੰ ਵਾਂਝਿਆਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕਿਹੋ ਜਿਹਾ ਅਜ਼ਾਦੀ ਦਿਹਾੜਾ ਹੈ, ਜਿਸ ਵਿਚ ਦੇਸ਼ ਦੇ ਬਸ਼ਿੰਦਿਆਂ ਨੂੰ ਆਪਣੀਆਂ ਧਾਰਮਿਕ ਪਰੰਪਰਾਵਾਂ ਨਿਭਾਉਣ ਤੋਂ ਵੀ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜ ਕਕਾਰ ਸਿੱਖ ਰਹਿਣੀ ਦਾ ਅਹਿਮ ਹਿੱਸਾ ਹਨ ਜਿਸ ਨੂੰ ਸਿੱਖ ਕਦੇ ਵੀ ਜੁਦਾ ਨਹੀਂ ਕਰ ਸਕਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ।

ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਅੱਗੇ ਤੋਂ ਕੋਈ ਵੀ ਅਜਿਹੀ ਹਰਕਤ ਨਾ ਕਰੇ।

## ਗੁਰਦੁਆਰਾ ਧੋਬੜੀ ਸਾਹਿਬ ਤੋਂ ਖ਼ਾਲਸਾਈ ਜਾਹੋ-ਜਲਾਲ ਨਾਲ ਅਰੰਭ ਹੋਇਆ ਸ਼ਹੀਦੀ ਨਗਰ ਕੀਰਤਨ

ਸ੍ਰੀ ਅੰਮ੍ਰਿਤਸਰ, ੨੧ ਅਗਸਤ- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ ੩੫੦ ਸਾਲਾ ਸ਼ਤਾਬਦੀ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਧੋਬੜੀ ਸਾਹਿਬ ਤੋਂ ਇਤਿਹਾਸਿਕ ਸ਼ਹੀਦੀ ਨਗਰ ਕੀਰਤਨ ਖ਼ਾਲਸਈ ਪਰੰਪਰਾਵਾਂ ਅਨੁਸਾਰ ਅਰੰਭ ਹੋਇਆ। ਨੌਵੇਂ ਪਾਤਸ਼ਾਹ ਆਪਣੀ ਆਸਾਮ ਫੇਰੀ ਦੌਰਾਨ ਇਸ ਪਾਵਨ ਅਸਥਾਨ ਤੇ ਪੁੱਜੇ ਸਨ ਜਿੱਥੇ ਉਨ੍ਹਾਂ ਨੇ ਦੋ ਰਾਜਿਆਂ ਦੀ ਲੜਾਈ ਖ਼ਤਮ ਕਰਵਾਈ ਅਤੇ ਸੰਗਤਾਂ ਨੂੰ ਭਰਮਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ।

ਨਗਰ ਕੀਰਤਨ ਦੀ ਅਰੰਭਤਾ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ ਅਤੇ ਚੌਰ ਸਾਹਿਬ ਦੀ ਸੇਵਾ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਿਭਾਈ।

ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਦਮਦਮੀ ਟਕਸਾਲ ਦੇ ਮੁੱਖੀ ਗਿਆਨੀ ਹਰਨਾਮ ਸਿੰਘ ਖਾਲਸਾ, ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ੯੬ਵੇਂ

ਕਰੋੜੀ, ਪਦਮਸ਼੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵਡ, ਭਾਈ ਅਜੈਬ ਸਿੰਘ ਅਭਿਆਸੀ, ਸ. ਜਗਸੀਰ ਸਿੰਘ ਮਾਂਗੇਆਣਾ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਬਾਬਾ ਮੇਜਰ ਸਿੰਘ ਸੋਢੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਨਗਰ ਕੀਰਤਨ ਦੀ ਅਰੰਭਤਾ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਅਰਦਾਸ ਉਪਰੰਤ ਪਾਵਨ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਥਾ-ਵਿਚਾਰਾਂ ਕੀਤੀਆਂ। ਉਨ੍ਹਾਂ ਨੌਵੇਂ ਪਾਤਸ਼ਾਹ ਜੀ ਦੇ ਧੋਬੜੀ ਸਾਹਿਬ ਆਉਣ ਦੇ ਇਤਿਹਾਸ ਦੀ ਸੰਗਤਾਂ ਨਾਲ ਸਾਂਝ ਪਾਈ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਅਸਥਾਨ ਤੇ ਨੌਵੇਂ ਪਾਤਸ਼ਾਹ ਨੇ ਦੋ ਰਾਜਿਆਂ ਦੀ ਆਪਸੀ ਸੁਲਾਹ ਕਰਵਾ ਕੇ ਸ਼ਾਂਤੀ ਤੇ ਸਦਭਾਵਨਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਇਹ ਸੰਦੇਸ਼ ਸਾਡੇ ਲਈ ਅੱਜ ਵੀ ਵੱਡੀ ਪ੍ਰੇਰਨਾ ਹੈ, ਜਿਸ ਤੋਂ ਸੇਧ ਲੈ ਕੇ ਪੰਥਕ ਮਾਮਲਿਆਂ ਦੇ ਹੱਲ ਅਤੇ ਕੌਮੀ ਏਕਤਾ ਲਈ ਇਕਜੁੱਟ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਧਰਮ ਨੂੰ ਬਚਾਉਣ ਲਈ ਆਪਣੀ ਸ਼ਹਾਦਤ ਦਿੱਤੀ ਅਤੇ ਇਸੇ ਸ਼ਹਾਦਤ ਕਰਕੇ ਹੀ ਅੱਜ ਹਿੰਦੋਸਤਾਨ ਦੇ ਲੋਕ ਧਾਰਮਿਕ ਅਜ਼ਾਦੀ ਮਾਣ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਸਰਕਾਰਾਂ ਨੂੰ ਵੀ ਅਪੀਲ ਕੀਤੀ ਕਿ ਇਸ ਇਤਿਹਾਸਿਕ ਮੌਕੇ 'ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕਰਨ। ਉਨ੍ਹਾਂ ਸਹਿਯੋਗ ਦੇਣ ਲਈ ਸਿੱਖ ਜਥੇਬੰਦੀਆਂ ਦੇ ਆਗੂਆਂ ਦਾ ਧੰਨਵਾਦ ਵੀ ਕੀਤਾ।

ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜਦੋਂ ਔਰੰਗਜ਼ੇਬ ਦੀ ਤਲਵਾਰ ਹਿੰਦੂਆਂ ਦੇ ਜ਼ਬਰੀ ਜਨੇਊ ਲੁਹਾ ਰਹੀ ਸੀ ਤਾਂ ਉਸ ਸਮੇਂ ਨੌਵੇਂ ਪਾਤਸ਼ਾਹ ਜੀ ਨੇ ਸ਼ਹਾਦਤ ਦੇ ਕੇ ਇਸ ਜ਼ੁਲਮ ਨੂੰ ਠੱਲ੍ਹ ਪਾਈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਆਪਸੀ ਵਖਰੇਵੇਂ ਭੁਲਾ ਕੇ ਏਕੇ ਦਾ ਸੰਦੇਸ਼ ਦਈਏ। ਉਨ੍ਹਾਂ ਸੰਗਤਾਂ ਨੂੰ ਸ਼ਤਾਬਦੀ ਸਮਾਗਮਾਂ ਵਿਚ ਪਰਿਵਾਰਾਂ ਸਮੇਤ ਸ਼ਮੂਲੀਅਤ ਦੀ ਪ੍ਰੇਰਨਾ ਵੀ ਕੀਤੀ।

ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸੰਸਾ ਕਰਦਿਆਂ ਕਿਹਾ

ਕਿ ਇਹ ਇਤਿਹਾਸਿਕ ਨਗਰ ਕੀਰਤਨ ਪੂਰੇ ਦੇਸ਼ ਅੰਦਰ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਪ੍ਰਚਾਰਨ ਦਾ ਕੰਮ ਕਰੇਗਾ। ਉਨ੍ਹਾਂ ਨਿਹੰਗ ਜਥੇਬੰਦੀਆਂ ਵੱਲੋਂ ਸ਼ਤਾਬਦੀ ਸਮਾਗਮਾਂ ਸਮੇਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਵੀ ਦਿੱਤਾ।

ਨਗਰ ਕੀਰਤਨ ਦੌਰਾਨ ਵਿਸ਼ੇਸ਼ ਬੱਸ ਰਾਹੀਂ ਗੁਰੂ ਸਾਹਿਬਾਨ ਦੇ ਇਤਿਹਾਸਿਕ ਸ਼ਸਤਰਾਂ ਦੇ ਦਰਸ਼ਨ ਵੀ ਕਰਵਾਏ ਗਏ। ਇਸ ਦੇ ਨਾਲ ਹੀ ਵੱਡ-ਅਕਾਰੀ ਸਕਰੀਨਾਂ ਤੇ ਗੁਰੂ ਸਾਹਿਬ ਨਾਲ ਸੰਬੰਧਿਤ ਪਾਵਨ ਅਸਥਾਨਾਂ ਅਤੇ ਇਤਿਹਾਸ ਬਾਰੇ ਦਸਤਾਵੇਜ਼ੀ ਵੀਡੀਓ ਵੀ ਦਿਖਾਈਆਂ ਜਾ ਰਹੀਆਂ ਹਨ, ਜਿਸ ਪ੍ਰਤੀ ਸੰਗਤ ਵਿਚ ਵੱਡਾ ਉਤਸ਼ਾਹ ਹੈ।

ਇਹ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਿੰਘ ਸਭਾ ਸਿਲੀਗੁੜੀ ਪਹੁੰਚ ਕੇ ਰਾਤ ਦਾ ਵਿਸ਼ਰਾਮ ਕਰੇਗਾ, ਜਿੱਥੋਂ ਮਾਲਦਾ ਲਈ ਰਵਾਨਾ ਹੋਵੇਗਾ।

ਨਗਰ ਕੀਰਤਨ ਦੀ ਅਰੰਭਤਾ ਮੌਕੇ ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਜ਼ਿਲ੍ਹਾ ਧੋਬੜੀ ਦੇ ਡਿਪਟੀ ਕਮਿਸ਼ਨਰ ਸ੍ਰੀ ਦੀਵਾਕਰ ਨਾਥ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸ. ਰਾਮ ਸਿੰਘ ਰਾਠੌਰ ਮੁੰਬਈ, ਸਥਾਨਕ ਸਿੱਖ ਆਗੂ ਸ. ਹਰਚਰਨ ਸਿੰਘ ਬਾਵਾ, ਸ. ਚਰਨਜੀਤ ਸਿੰਘ ਗਾਂਧੀ, ਸ. ਰਵਿੰਦਰ ਸਿੰਘ ਉਬਰਾਏ, ਸ. ਤੇਜਪਾਲ ਸਿੰਘ, ਪ੍ਰਬੰਧਕ ਕਮੇਟੀ ਗੁਰਦੁਆਰਾ ਧੋਬੜੀ ਸਾਹਿਬ ਦੇ ਪ੍ਰਧਾਨ ਸ. ਦਲਜੀਤ ਸਿੰਘ ਸੇਠੀ, ਸਕੱਤਰ ਸ. ਭੁਪਿੰਦਰ ਸਿੰਘ, ਸ. ਰਵਿੰਦਰਪਾਲ ਸਿੰਘ, ਸ. ਭੁਪਿੰਦਰਪਾਲ ਸਿੰਘ, ਇੰਚਾਰਜ ਸ. ਦਵਿੰਦਰ ਸਿੰਘ ਖੁਸ਼ੀਪੁਰ, ਮੈਨੇਜਰ ਸ. ਸਤਿੰਦਰ ਸਿੰਘ, ਬਾਬਾ ਸੁਖਜੀਤ ਸਿੰਘ ਘਨੱਈਆ, ਸ. ਜਸਕਰਨ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਆਦਿ ਹਾਜ਼ਰ ਸਨ।

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਕੀਤਾ ਪ੍ਰਗਟਾਵਾ

ਸ੍ਰੀ ਅੰਮ੍ਰਿਤਸਰ, ੨੫ ਅਗਸਤ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਬਾਬਾ ਬਲਜਿੰਦਰ ਸਿੰਘ ਨੇ ਜਿਥੇ ਪਰੰਪਰਿਕ ਢੰਗ ਨਾਲ ਦੇਸ਼-ਵਿਦੇਸ਼ ਅੰਦਰ ਸਿੱਖੀ ਦਾ ਪ੍ਰਚਾਰ ਪ੍ਰਸਾਰ ਕੀਤਾ, ਉੱਥੇ ਹੀ ਉਨ੍ਹਾਂ ਵੱਲੋਂ ਗੁਰਬਾਣੀ ਨੂੰ ਡਿਜੀਟਲ ਮਾਧਿਅਮ ਰਾਹੀਂ ਸੰਗਤ ਤਕ

ਪਹੁੰਚਾਉਣ ਲਈ ਤਿਆਰ ਕੀਤਾ 'ਈਸ਼ਰ ਮਾਈਕਰੋ ਮੀਡੀਆ' ਕੌਮ ਲਈ ਵੱਡੀ ਦੇਣ ਹੈ। ਉਨ੍ਹਾਂ ਦੇ ਇਸ ਉਪਰਾਲੇ ਦਾ ਕੇਵਲ ਗੁਰਬਾਣੀ ਅਤੇ ਇਤਿਹਾਸ ਦੇ ਖੋਜੀ ਹੀ ਲਾਹਾ ਨਹੀਂ ਲੈ ਰਹੇ, ਸਗੋਂ ਆਮ ਸਿੱਖ ਸੰਗਤ ਵੀ ਇਸ ਦੀ ਵਰਤੋਂ ਕਰਕੇ ਗੁਰਬਾਣੀ ਅਤੇ ਗੁਰਮਤਿ ਨਾਲ ਜੁੜ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਅੱਜ ਦੇ ਇੰਟਰਨੈੱਟ ਦੇ ਯੁੱਗ ਅੰਦਰ ਉਨ੍ਹਾਂ ਦੀ ਇਸ ਦੇਣ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਾਬਾ ਬਲਜਿੰਦਰ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਦੇ ਸਨੇਹੀਆਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਕਰਤਾ ਪੁਰਖ਼ ਅੱਗੇ ਵਿਛੜੀ ਰੂਹ ਨਮਿਤ ਅਰਦਾਸ ਕੀਤੀ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੁਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਰਨਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਵੀ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਅਕਾਲ ਚਲਾਣੇ ਤੇ ਦੁੱਖ ਪ੍ਰਗਟ ਕੀਤਾ।

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪਹੁੰਚ ਕੇ ਪੀੜਤਾਂ ਦਾ ਦੁੱਖ ਜਾਣਿਆ

ਸ੍ਰੀ ਅੰਮ੍ਰਿਤਸਰ, ੩੧ ਅਗਸਤ– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਗਏ ਜਿੱਥੇ ਉਨ੍ਹਾਂ ਨੇ ਪੀੜਤ ਲੋਕਾਂ ਦਾ ਦੁੱਖ ਜਾਣਿਆ ਅਤੇ ਪਿੰਡਾਂ ਵਿਚ ਪਹੁੰਚ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਾਹਤ ਸਮੱਗਰੀ ਵੰਡੀ। ਉਹ ਖ਼ੁਦ ਕਿਸ਼ਤੀ ਰਾਹੀਂ ਹੜ੍ਹ ਦੇ ਪਾਣੀ ਵਿਚ ਡੁੱਬੇ ਘਰਾਂ ਵਿਚ ਗਏ ਅਤੇ ਲੋਕਾਂ ਦੀ ਪੀੜਾਂ ਦਾ ਅਹਿਸਾਸ ਕੀਤਾ। ਇਸ ਮੌਕੇ ਚੁਫੇਰਿਓਂ ਕਈ ਕਈ ਫੁੱਟ ਪਾਣੀ ਵਿਚ ਘਿਰੇ ਪਰ ਬੁਲੰਦ ਹੌਸਲਾ ਰੱਖੀ ਬੈਠੇ ਲੋਕਾਂ ਨੇ ਸਰਕਾਰਾਂ ਦੀਆਂ ਨੀਤੀਆਂ ਤੇ ਸਵਾਲ ਚੁੱਕਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਦੱਸਿਆ ਕਿ ਅਸੀਂ ਤਾਂ ਸਾਲਾਂ ਤੋਂ ਇਨ੍ਹਾਂ ਮੁਸੀਬਤਾਂ ਵਿੱਚੋਂ ਲੰਘ ਰਹੇ ਹਾਂ, ਪਰ ਕੋਈ ਹੱਲ ਨਹੀਂ ਨਿਕਲਿਆ। ਪੀੜਤ ਲੋਕਾਂ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਸਮੇਂ ਸਿਰ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਨਹੀਂ ਕੀਤੇ ਅਤੇ ਦਰਿਆਵਾਂ ਵਿਚ ਇਕਦਮ ਡੈਮਾਂ ਦਾ ਪਾਣੀ ਛੱਡ ਕੇ ਵੱਡੀ ਮੁਸੀਬਤ ਖੜ੍ਹੀ ਕੀਤੀ ਹੈ। ਪੀੜਤਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਸਾਰ ਲੈਣ ਪੁੱਜਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਵੱਡਾ ਧਰਵਾਸ ਮਿਲਿਆ ਹੈ।

ਹੜ੍ਹਾਂ ਵਿਚ ਘਿਰੇ ਪੀੜਤ ਲੋਕਾਂ ਨੂੰ

ਮਿਲ ਕੇ ਆਉਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਦਾ ਦੁੱਖ ਵੱਡਾ ਹੈ, ਪਰ ਇਹ ਹਿੰਮਤੀ ਲੋਕ ਹਨ ਜੋ ਸੰਕਟ ਸਮੇਂ ਵੀ ਚੜ੍ਹਦੀ ਕਲਾ ਵਿਚ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੀੜਤਾਂ ਦੀ ਮਦਦ ਲਈ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ ਅਤੇ ਹਲਾਤ ਠੀਕ ਹੋਣ ਤਕ ਰਾਹਤ ਕਾਰਜ਼ ਜਾਰੀ ਰਹਿਣਗੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਹੜ੍ਹਾਂ ਤੋਂ ਬਾਅਦ ਪਾਣੀ ਉਤਰਨ 'ਤੇ ਵੀ ਇਨ੍ਹਾਂ ਲੋਕਾਂ ਅੱਗੇ ਵੱਡੀਆਂ ਮੁਸ਼ਕਲਾਂ ਹਨ। ਇਸ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕ ਕਮੇਟੀ ਬਣਾਈ ਜਾਵੇਗੀ, ਜੋ ਸਾਰੇ ਪੱਖਾਂ ਨੂੰ ਵਿਚਾਰ ਕੇ ਆਪਣੀ ਰਿਪੋਰਟ ਦੇਵੇਗੀ, ਜਿਸ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਸੀਮਤ ਸਾਧਨਾਂ ਨਾਲ ਲੋੜ ਅਨੁਸਾਰ ਪੀੜਤਾਂ ਦੀ ਮਦਦ ਕਰੇਗੀ।

ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਵਿਚ ਸਹਿਯੋਗ ਕਰਨਾ ਚਾਹੁੰਦੇ ਹਨ, ਜਿਸ ਲਈ ਇਕ ਅਕਾਊਂਟ ਨੰਬਰ ਜਾਰੀ ਕੀਤਾ ਗਿਆ ਹੈ ਜਿਸ ਵਿਚ ਲੋਕ ਇਨ੍ਹਾਂ ਪੀੜਤਾਂ ਲਈ ਸਹਿਯੋਗ ਕਰ ਸਕਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਨ੍ਹਾਂ ਇਲਾਕਿਆਂ ਵਿਚ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਪਹਿਲਾਂ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜਾਇਜ਼ਾ ਵੀ ਲਿਆ ਅਤੇ ਅੱਗੋਂ ਸੇਵਾਵਾਂ ਨਿਰੰਤਰ ਜਾਰੀ ਰੱਖਣ ਲਈ ਹਦਾਇਤਾਂ ਕੀਤੀਆਂ।

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਦੀ ਕਾਰਜ-ਸ਼ੈਲੀ ਤੇ ਸਵਾਲ ਚੁੱਕਦਿਆਂ ਕਿਹਾ ਕਿ ਇਨ੍ਹਾਂ ਨੇ ਆਪ ਤਾਂ ਲੋਕਾਂ ਦੀ ਸਹਾਇਤਾ ਕੀ ਕਰਨੀ ਸੀ, ਸਗੋਂ ਇਹ ਰਾਹਤ ਕਾਰਜ ਕਰ ਰਹੇ ਲੋਕਾਂ ਨੂੰ ਵੀ ਰੋਕ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ ਤੇ ਸਾਥੀ ਪਾਣੀ ਵਿਚ ਘਿਰੇ ਲੋਕਾਂ ਲਈ ਲੰਗਰ ਲੈ ਕੇ ਜਾ ਰਹੇ ਸਨ, ਜਿਨ੍ਹਾਂ ਨੂੰ ਆਪ ਦੀ ਮਹਿਲਾ ਹਲਕਾ ਇੰਚਾਰਜ ਵੱਲੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਸਰਕਾਰ ਤੇ ਆਪ ਆਗੂਆਂ ਦਾ ਅਜਿਹੇ ਸਮੇਂ ਐਸਾ ਵਤੀਰਾ ਬਹੁਤ ਮੰਦਭਾਗਾ ਹੈ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੈਂਬਰ ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਗੁਰਮੀਤ ਸਿੰਘ ਬੂਹ, ਬੀਬੀ ਗੁਰਪ੍ਰੀਤ ਕੌਰ, ਇੰਜੀ. ਸਵਰਨ ਸਿੰਘ, ਬਾਬਾ ਬਲਬੀਰ ਸਿੰਘ ਸੀਚੇਵਾਲ, ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸਾਬਕਾ ਸਕੱਤਰ

ਸ. ਮਹਿੰਦਰ ਸਿੰਘ ਆਹਲੀ, ਅਕਾਲੀ ਆਗੂ ਸ. ਹਰਪ੍ਰੀਤ ਸਿੰਘ ਹੀਰੋ, ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਦੇ ਮੈਨੇਜਰ ਸ. ਅਵਤਾਰ ਸਿੰਘ, ਹੈੱਡ ਗ੍ਰੰਥੀ ਗਿਆਨੀ ਸਤਵੰਤ ਸਿੰਘ, ਭਾਈ ਹਰਜਿੰਦਰ ਸਿੰਘ, ਵਧੀਕ ਮੈਨੇਜਰ ਸ. ਗੁਰਪ੍ਰੀਤ ਸਿੰਘ, ਸ. ਚੈਚਲ ਸਿੰਘ, ਸਾਬਕਾ ਚੇਅਰਮੈਨ ਸ. ਸੁਰਜੀਤ ਸਿੰਘ ਢਿੱਲੋਂ, ਸ. ਕੁਲਦੀਪ ਸਿੰਘ ਬੂਲੇ ਆਦਿ ਮੌਜੂਦ ਰਹੇ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਰਾਹਤ ਸੇਵਾਵਾਂ ਨਿਰੰਤਰ ਜਾਰੀ

ਸ੍ਰੀ ਅੰਮ੍ਰਿਤਸਰ, ੧ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਇਲਾਕਿਆਂ ਅੰਦਰ ਰਾਹਤ ਸੇਵਾਵਾਂ ਲਗਾਤਾਰ ਜਾਰੀ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮ ਹੜਾਂ ਦੀ ਮਾਰ ਹੇਠ ਆਏ ਲੋਕਾਂ ਲਈ ਜ਼ਰੂਰੀ ਵਸਤੂਆਂ ਪਹੁੰਚਾ ਰਹੇ ਹਨ, ਉੱਥੇ ਹੀ ਮੈਡੀਕਲ ਜ਼ਰੂਰਤਾਂ ਨੂੰ ਮੁੱਖ ਰੱਖਦਿਆਂ ਡਾਕਟਰੀ ਟੀਮਾਂ ਵੀ ਇਨ੍ਹਾਂ ਇਲਾਕਿਆਂ ਵਿਚ ਸੇਵਾਵਾਂ ਨਿਭਾਅ ਰਹੀਆਂ ਹਨ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਰਾਵੀ ਦਰਿਆ ਨਾਲ ਲਗਦਾ ਹਲਕਾ ਡੇਰਾ ਬਾਬਾ ਨਾਨਕ, ਰਮਦਾਸ ਤੇ ਅਜਨਾਲਾ ਜਿੱਥੇ ਹੜ੍ਹਾਂ ਦੀ ਵੱਡੀ ਮਾਰ ਝੱਲ ਰਿਹਾ ਹੈ, ਉੱਥੇ ਹੀ ਬਿਆਸ ਦਰਿਆ ਨਾਲ ਪੈਂਦੇ ਸੁਲਤਾਨਪੁਰ ਲੋਧੀ ਵਿਚ ਵੀ ਬਹੁਤ ਸਾਰੇ ਪਿੰਡ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀਆਂ ਹਦਾਇਤਾਂ ’ਤੇ ਪਹਿਲੇ ਦਿਨ ਤੋਂ ਹੀ ਰਾਹਤ ਸੇਵਾਵਾਂ ਨਿਰੰਤਰ ਚੱਲ ਰਹੀਆਂ ਹਨ ਅਤੇ ਲੋਕਾਂ ਦੀ ਮੰਗ ਤੇ ਲੋੜਾਂ ਅਨੁਸਾਰ ਜ਼ਰੂਰੀ ਵਸਤੂਆਂ ਭੇਜੀਆਂ ਜਾ ਰਹੀਆਂ ਹਨ।

ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਹੜ੍ਹਾਂ ਦੇ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਅੰਦਰ ਰਹਿੰਦੇ ਲੋਕਾਂ ਨੂੰ ਵੱਡੀਆਂ ਸਿਹਤ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀਆਂ ਹੋਰ ਰਾਹਤ ਸੇਵਾਵਾਂ ਦੇ ਨਾਲ-ਨਾਲ ਮੈਡੀਕਲ ਟੀਮਾਂ ਵੀ ਸੰਬੰਧਿਤ ਇਲਾਕਿਆਂ ਵਿਚ ਭੇਜੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੇ ਹਸਪਤਾਲ ਵੱਲ੍ਹਾ ਦੇ ਸਹਿਯੋਗ ਨਾਲ ੪ ਐਬੂਲੈਂਸਾਂ ਅਤੇ ਡਾਕਟਰੀ ਟੀਮਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਨਿਰੰਤਰ ਕਾਰਜਸ਼ੀਲ ਹਨ। ਲੋੜਵੰਦਾਂ ਦੀ ਮੈਡੀਕਲ ਜਾਂਚ ਦੇ ਨਾਲ-ਨਾਲ ਮੁਫ਼ਤ ਦਵਾਈਆਂ ਦਾ ਖ਼ਾਸ ਪ੍ਰਬੰਧ ਹੈ। ਉਨ੍ਹਾਂ ਕਿਹਾ ਕਿ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਦੀਆਂ ਹਦਾਇਤਾਂ ਅਨੁਸਾਰ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲ੍ਹਾ ਵਿਖੇ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਆਉਣ ਵਾਲੇ ਮਰੀਜ਼ਾਂ ਦੇ ਮੁਫ਼ਤ ਇਲਾਜ਼ ਦਾ ਪ੍ਰਬੰਧ ਕੀਤਾ ਗਿਆ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮਾਂ ਵੱਲੋਂ ਦੋ ਦਿਨ ਦੀ ਤਨਖ਼ਾਹ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਦੇਣ ਦਾ ਫੈਸਲਾ

ਸ੍ਰੀ ਅੰਮ੍ਰਿਤਸਰ, ੨ ਸਤੰਬਰ- ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਅੰਦਰ ਹੜ੍ਹਾਂ ਕਾਰਨ ਹੋਈ ਤਬਾਹੀ ਨਾਲ ਲੋਕਾਂ ਦੇ ਹੋਏ ਵੱਡੇ ਨੁਕਸਾਨ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮ ਵੀ ਮਦਦ ਲਈ ਅੱਗੇ ਆਏ ਹਨ। ਇਸੇ ਤਹਿਤ ਹੀ ਮੁਲਾਜ਼ਮਾਂ ਵੱਲੋਂ ਦੋ ਦਿਨ ਦੀ ਤਨਖ਼ਾਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀਆਂ ਜਾ ਰਹੀਆਂ ਰਾਹਤ ਸੇਵਾਵਾਂ ਵਿਚ ਦੇਣ ਦਾ ਫੈਸਲਾ ਕੀਤਾ ਹੈ।

ਇਸ ਸੰਬੰਧੀ ਗੱਲ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਆਉਣ ਦੇ ਪਹਿਲੇ ਦਿਨ ਤੋਂ ਨਿਰੰਤਰ ਸੇਵਾ ਨਿਭਾ ਰਹੀ ਹੈ। ਸੰਸਥਾ ਦੇ ਮੁਲਾਜ਼ਮ ਖ਼ੁਦ ਪੀੜਤਾਂ ਤਕ ਪਹੁੰਚ ਕੇ ਸੇਵਾਵਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਕੁਦਰਤੀ ਆਫ਼ਤ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਨੇ ਵੱਡੀਆਂ ਸੇਵਾਵਾਂ ਨਿਭਾਈਆਂ ਹਨ। ਵੱਖ-ਵੱਖ ਸਮੇਂ ਆਈਆਂ ਕੁਦਰਤੀ ਆਫ਼ਤਾਂ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮ ਜਿੱਥੇ ਪੀੜਤ ਇਲਾਕਿਆਂ ਵਿਚ ਖ਼ੁਦ ਪਹੁੰਚ ਕੇ ਸੇਵਾ ਕਰਦੇ ਹਨ, ਉੱਥੇ ਹੀ ਹਰ ਵਾਰ ਆਪਣੀ ਤਨਖਾਹ ਵਿੱਚੋਂ ਵੀ ਲੋੜਵੰਦਾਂ ਲਈ ਸਹਾਇਤਾ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਬੀਤੇ ਕਈ ਦਿਨਾਂ ਤੋਂ ਸਾਡੇ ਮੁਲਾਜ਼ਮ ਆਪਣੀ ਪਰਵਾਹ ਕੀਤੇ ਬਿਨਾਂ ਪਾਣੀ ਵਿਚ ਘਿਰੇ ਲੋਕਾਂ ਤੱਕ ਪਹੁੰਚ ਕੇ ਸੰਸਥਾ ਵੱਲੋਂ ਲੋੜਵੰਦਾਂ ਦੀ ਮਦਦ ਕਰ ਰਹੇ ਹਨ। ਸਮੂਹ ਮੁਲਾਜ਼ਮਾਂ ਨੇ ਇਕੱਤਰਤਾ ਕਰ ਕੇ ਦੋ ਦਿਨ ਦੀ ਤਨਖ਼ਾਹ ਹੜ੍ਹ ਪੀੜਤਾਂ ਲਈ ਚੱਲ ਰਹੀਆਂ ਰਾਹਤ ਸੇਵਾਵਾਂ ਵਿਚ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾਲਾਤ ਸੁਖਾਵੇਂ ਹੋਣ ਤਕ ਸੇਵਾਵਾਂ ਲਗਾਤਾਰ ਜਾਰੀ ਰਹਿਣਗੀਆਂ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਨਿੱਜੀ

ਸਕੱਤਰ ਸ. ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਗੁਰਦਿਆਲ ਸਿੰਘ, ਸ. ਗੁਰਨਾਮ ਸਿੰਘ, ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮ ਮੌਜੂਦ ਸਨ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਪੀੜਤਾਂ ਦੇ ਮੁੜ-ਵਸੇਬੇ ਲਈ ਨੀਤੀਗਤ ਰੂਪ ਵਿਚ ਕਰੇਗੀ ਕਾਰਜ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੫ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਪੀੜਤ ਲੋਕਾਂ ਦੇ ਮੁੜ ਵਸੇਬੇ ਲਈ ਨੀਤੀਗਤ ਰੂਪ ਵਿਚ ਕਾਰਜ ਕਰੇਗੀ। ਇਸ ਵਾਸਤੇ ਇੱਕ ਕਮੇਟੀ ਬਣਾਈ ਜਾਵੇਗੀ ਜੋ ਪੀੜਤਾਂ ਦੀਆਂ ਲੋੜਾਂ ਦੇ ਮੱਦੇਨਜ਼ਰ ਰੂਪ ਰੇਖਾ ਉਲੀਕੇਗੀ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਗੱਲਬਾਤ ਕਰਦਿਆਂ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਹੜ੍ਹਾਂ ਨਾਲ ਪੰਜਾਬ ਦੇ ਵੱਡੇ ਹਿੱਸੇ ਦਾ ਨੁਕਸਾਨ ਹੋਇਆ ਹੈ, ਜਿਸ ਦੀ ਪੂਰੀ ਤਰ੍ਹਾਂ ਭਰਪਾਈ ਕਰ ਪਾਉਣੀ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮਾਂ ਵੱਲੋਂ ਹੜ੍ਹ ਪੀੜਤਾਂ ਲਈ ਕੀਤੇ ਜਾ ਰਹੇ ਕਾਰਜ ਵਾਸਤੇ ੨ ਕਰੋੜ ਰੁਪਏ ਦੇਣ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ੧ ਕਰੋੜ ਰੁਪਏ ਇਸ ਕਾਰਜ ਲਈ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਲਈ ਇਕੱਤਰ ਹੋਈ ਰਾਸ਼ੀ ਉਨ੍ਹਾਂ ਦੇ ਮੁੜ-ਵਸੇਬੇ ਲਈ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੜ੍ਹਾਂ ਦੀ ਇਸ ਕਰੋਪੀ ਲਈ ਸਰਕਾਰਾਂ ਦੋਸ਼ੀ ਹਨ, ਜਿਨ੍ਹਾਂ ਨੇ ਸਮਾਂ ਰਹਿੰਦਿਆਂ ਥੋੜ੍ਹਾ-ਥੋੜ੍ਹਾ ਪਾਣੀ ਛੱਡਣ ਦੀ ਬਜਾਏ ਪੰਜਾਬ ਨੂੰ ਬਰਬਾਦੀ ਦੇ ਕੰਢੇ ਲਿਆ ਖੜ੍ਹਾ ਕੀਤਾ, ਜੇਕਰ ਡੈਮਾਂ ਤੋਂ ਨਾਲੋਂ-ਨਾਲੋਂ ਪਾਣੀ ਛੱਡਿਆ ਜਾਂਦਾ ਤਾਂ ਅੱਜ ਇਹ ਹਾਲਾਤ ਨਾ ਬਣਦੇ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ, ਜਿੱਥੇ ਲੋਕਾਂ ਦਾ ਰੋਜ਼ਮਰ੍ਹਾ ਦਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਸਰਕਾਰ ਲੋਕਾਂ ਨੂੰ ਤੁਰੰਤ ਰਾਹਤ ਦੇਣ ਦੀ ਬਜਾਏ ਕੇਵਲ ਸੋਸ਼ਲ ਮੀਡੀਆ 'ਤੇ ਹੀ ਦਿਖਾਵਾ ਕਰ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਫਰਜ਼ ਸਮਝਦਿਆਂ ਪਹਿਲੇ ਦਿਨ ਤੋਂ ਹੜ੍ਹ ਪੀੜਤਾਂ ਤਕ ਸਹਾਇਤਾ ਪਹੁੰਚਾ ਰਹੀ ਹੈ ਅਤੇ ਇਹ ਮੁਹਿੰਮ ਇਕ ਲਹਿਰ ਬਣ ਚੁੱਕੀ ਹੈ, ਜਿਸ ਵਿਚ ਪੰਜਾਬ ਦੇ ਲੋਕ ਵੱਡਾ ਯੋਗਦਾਨ

ਪਾ ਰਹੇ ਹਨ। ਐਡਵੋਕੇਟ ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ੍ਹ ਪੀੜਤਾਂ ਲਈ ਕੀਤੇ ਜਾ ਰਹੇ ਸਹਾਇਤਾ ਕਾਰਜਾਂ ਦੀ ਵੀ ਭਰਵੀਂ ਸ਼ਲਾਘਾ ਕੀਤੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਪਾਣੀ ਘਟਣ ਤੋਂ ਬਾਅਦ ਹੜ੍ਹ ਪੀੜਤ ਇਲਾਕਿਆਂ ਅੰਦਰ ਬਿਮਾਰੀ ਫੈਲਣ ਦਾ ਵੀ ਵੱਡਾ ਖ਼ਤਰਾ ਹੈ, ਇਸ ਦੀ ਰੋਕਥਾਮ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਇਲਾਕਿਆਂ ਅੰਦਰ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਤੋਂ ਡਾਕਟਰੀ ਟੀਮਾਂ ਭੇਜੀਆਂ ਗਈਆਂ ਹਨ। ਇਸ ਦੇ ਨਾਲ ਹੀ ਮੱਛਰ ਆਦਿ ਤੋਂ ਬਚਾਅ ਲਈ ਸਪਰੇਅ ਵਾਲੀਆਂ ਮਸ਼ੀਨਾਂ ਭੇਜੀਆਂ ਜਾ ਰਹੀਆਂ ਹਨ। ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਵੈਟਨਰੀ ਡਾਕਟਰਾਂ ਦੀਆਂ ਟੀਮਾਂ ਵੀ ਇਨ੍ਹਾਂ ਖੇਤਰਾਂ ਵਿਚ ਸੇਵਾ ਨਿਭਾਉਣਗੀਆਂ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਨੁਕਸਾਨੀਆਂ ਗਈ ਫ਼ਸਲਾਂ ਦਾ ੫੦ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਅਤੇ ਪਸ਼ੂਆਂ, ਘਰਾਂ ਸਮੇਤ ਹੋਏ ਹੋਰ ਨੁਕਸਾਨ ਦੀ ਵੀ ਸਰਕਾਰ ਵੱਲੋਂ ਭਰਪਾਈ ਕੀਤੀ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਪੀੜਤ ਇਲਾਕਿਆਂ ਵਿਚ ਸੇਵਾਵਾਂ ਨਿਭਾਅ ਰਹੀਆਂ ਸਮੂਹ ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਸਥਾਨਕ ਲੋਕਾਂ ਦੀਆਂ ਲੋੜਾਂ ਅਨੁਸਾਰ ਰਾਹਤ ਸਮੱਗਰੀ ਮੁਹੱਈਆ ਕਰਵਾਈ ਜਾਵੇ। ਬੱਚਿਆਂ ਲਈ ਸੁੱਕਾ ਦੁੱਧ, ਮੱਛਰਦਾਨੀ ਤੇ ਹੋਰ ਲੋੜੀਂਦਾ ਸਾਮਾਨ ਇਸ ਸਮੇਂ ਵੱਡੀ ਲੋੜ ਹੈ। ਐਡਵੋਕੇਟ ਧਾਮੀ ਨੇ ਰਾਹਤ ਕਾਰਜਾਂ ਵਿਚ ਆਰਥਿਕ ਤੌਰ ’ਤੇ ਸਹਾਇਤਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮਾਂ ਦੀ ਪ੍ਰਸੰਸਾ ਕਰਦਿਆਂ ਸਮੂਹ ਮੈਂਬਰ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਖ਼ਤਿਆਰੀ ਕੋਟੇ ’ਚ ੧-੧ ਲੱਖ ਰੁਪਿਆ ਹੜ੍ਹ ਪੀੜਤਾਂ ਦੀ ਸਹਾਇਤਾ ਦੇਣ। ਉਨ੍ਹਾਂ ਦੇਸ਼ ਵਿਦੇਸ਼ ਦੀ ਸੰਗਤ ਨੂੰ ਵੀ ਵੱਧ ਤੋਂ ਵੱਧ ਇਸ ਵਿਚ ਵਿਚ ਸਹਿਯੋਗ ਕਰਨ ਲਈ ਪ੍ਰੇਰਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਰਣਜੀਤ ਸਿੰਘ ਕਾਹਲੋਂ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਅਵਤਾਰ ਸਿੰਘ ਵਣਵਾਲਾ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਚੀਫ਼ ਅਕਾਊਂਟੈਂਟ ਸ. ਸੁਖਜਿੰਦਰ ਸਿੰਘ ਆਦਿ ਮੌਜੂਦ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਰਵਾਨਾ ਕੀਤੀਆਂ ਸਪਰੇਅ ਮਸ਼ੀਨਾਂ

ਸ੍ਰੀ ਅੰਮ੍ਰਿਤਸਰ, ੮ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ੧੦ ਸਪਰੇਅ ਮਸ਼ੀਨਾਂ ਵੱਖ-ਵੱਖ ਇਲਾਕਿਆਂ ਲਈ ਭੇਜੀਆਂ ਗਈਆਂ। ਇਸ ਸੰਬੰਧੀ ਗੱਲ ਕਰਦਿਆਂ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਜਿੱਥੇ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਰਾਹਤ ਕਾਰਜ ਲਗਾਤਾਰ ਚੱਲ ਰਹੇ ਹਨ, ਉੱਥੇ ਹੀ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਵਿਚ ਬਿਮਾਰੀਆਂ ਫੈਲਣ ਦੇ ਖਦਸ਼ੇ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਪਰੇਅ ਮਸ਼ੀਨਾਂ ਰਾਹੀਂ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ ਮਾਣਯੋਗ ਪ੍ਰਧਾਨ ਸਾਹਿਬ ਦੀਆਂ ਹਦਾਇਤਾਂ ’ਤੇ ੧੦ ਸਪਰੇਅ ਮਸ਼ੀਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਭੇਜੀਆਂ ਗਈਆਂ ਹਨ ਅਤੇ ਅਗਲੇ ਦਿਨਾਂ ਵਿਚ ਹੋਰ ਮਸ਼ੀਨਾਂ ਵੀ ਭੇਜੀਆਂ ਜਾਣਗੀਆਂ। ਇਹ ਮਸ਼ੀਨਾਂ ਜ਼ਰੀਏ ਹਰ ਪਿੰਡ ਤਕ ਪਹੁੰਚ ਕਰ ਕੇ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ, ਤਾਂ ਜੋ ਮੱਛਰ ਅਤੇ ਹੋਰ ਜ਼ਹਿਰੀਲੇ ਕੀੜਿਆਂ ਤੋਂ ਬਚਾਅ ਹੋ ਸਕੇ।

ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਇਨ੍ਹਾਂ ਸਪਰੇਅ ਮਸ਼ੀਨਾਂ ਦੀ ਸੇਵਾ ਜਲੰਧਰ ਦੀਆਂ ਸੰਗਤ ਵੱਲੋਂ ਕੀਤੀ ਗਈ ਹੈ, ਜਿਨ੍ਹਾਂ ਵਿਚ ਸ. ਸਤਪਾਲ ਸਿੰਘ ਮੁਲਤਾਨੀ ਰਿਚੀ ਟਰੈਵਲ, ਸ. ਅਮਰਬੀਰ ਸਿੰਘ ਮੌਂਟੀ, ਸ. ਗੁਰਦੀਪ ਸਿੰਘ ਰਾਵੀ, ਸ. ਇੰਦਰਪ੍ਰੀਤ ਸਿੰਘ ਕਾਲੜਾ ਅਤੇ ਬੀਬੀ ਬਰਿੰਦਰ ਕੌਰ ਹੋਠੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਡੀਆਂ ਸੇਵਾਵਾਂ ਕਰ ਰਹੀ ਹੈ, ਉੱਥੇ ਹੀ ਸੰਗਤ ਵੱਲੋਂ ਵੱਡਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਰਾਹਤ ਕਾਰਜ ਵਿਚ ਸੇਵਾਵਾਂ ਵਿਚ ਸਹਿਯੋਗ ਕਰਨ ਵਾਲੀਆਂ ਸੰਗਤ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਤੋਂ ਇਲਾਵਾ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਰਣਜੀਤ ਸਿੰਘ ਕਾਹਲੋਂ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਪ੍ਰੀਤਪਾਲ ਸਿੰਘ, ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਕੁਲਦੀਪ

ਸਿੰਘ ਰੋਡੇ, ਸ. ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਤਲਵਿੰਦਰ ਸਿੰਘ ਬੁੱਟਰ, ਸ. ਗੁਰਜੀਤ ਸਿੰਘ ਨੀਲਾ ਨਰੋਆ, ਸ. ਜਗਦੀਪ ਸਿੰਘ ਬਿਰਦੀ, ਸ. ਰਣਜੀਤ ਸਿੰਘ ਜਲੰਧਰ ਸਮੇਤ ਹੋਰ ਮੌਜੂਦ ਸਨ।

## ਅੰਤ੍ਰਿੰਗ ਕਮੇਟੀ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮੁੱਢਲੇ ਤੌਰ ’ਤੇ ੨੦ ਕਰੋੜ ਰੁਪਏ ਰਾਖਵੇਂ ਰੱਖਣ ਦਾ ਕੀਤਾ ਫੈਸਲਾ

### ਕਿਸਾਨਾਂ ਨੂੰ ਖੇਤ ਵਾਹੀਯੋਗ ਬਣਾਉਣ ਲਈ ੮ ਲੱਖ ਲੀਟਰ ਡੀਜ਼ਲ, ਕਣਕ ਲਈ ਬੀਜ ਅਤੇ ਪ੍ਰਭਾਵਿਤ ਗੁਰਦੁਆਰਾ ਸਾਹਿਬਾਨ ਨੂੰ ੫੦-੫੦ ਹਜ਼ਾਰ ਰੁਪਏ ਦੀ ਸਹਾਇਤਾ ਦੇਵੇਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੧੧ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੰਤ੍ਰਿੰਗ ਕਮੇਟੀ ਦੀ ਹੋਈ ਇਕੱਤਰਤਾ ’ਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮੁੱਢਲੇ ਤੌਰ ’ਤੇ ੨੦ ਕਰੋੜ ਰੁਪਏ ਰਾਖਵੇਂ ਰੱਖਣ ਦਾ ਫੈਸਲਾ ਕਰਦਿਆਂ ਪ੍ਰਭਾਵਿਤ ਲੋਕਾਂ ਵਾਸਤੇ ਵੱਖ-ਵੱਖ ਖੇਤਰਾਂ ਲਈ ਵੱਡੇ ਫੈਸਲੇ ਕੀਤੇ ਗਏ। ਇਕੱਤਰਤਾ ਮਗਰੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹਾਂ ਕਾਰਨ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਨਾਲ ਜਿੱਥੇ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋਈਆਂ ਹਨ, ਉੱਥੇ ਹੀ ਜ਼ਮੀਨਾਂ ਵਿਚ ਆਈ ਰੇਤ ਨੇ ਵੀ ਕਿਸਾਨਾਂ ਲਈ ਵੱਡੀ ਮੁਸੀਬਤ ਖੜ੍ਹੀ ਕੀਤੀ ਹੈ। ਪ੍ਰਭਾਵਿਤ ਪਿੰਡਾਂ ਦੇ ਗੁਰੂ-ਘਰਾਂ ਦਾ ਵੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਆਉਣ ਦੇ ਦਿਨਾਂ ਤੋਂ ਲੈ ਕੇ ਪ੍ਰਭਾਵਿਤ ਇਲਾਕਿਆਂ ਵਿਚ ਨਿਰੰਤਰ ਕਾਰਜਸ਼ੀਲ ਰਹੀ ਹੈ ਅਤੇ ਅੱਜ ਦੀ ਇਕੱਤਰਤਾ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਸਬੰਧੀ ਵਿਚਾਰ ਚਰਚਾ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਢਲੇ ਤੌਰ ’ਤੇ ੨੦ ਕਰੋੜ ਰੁਪਏ ਰਾਖਵੇਂ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਲਈ ਸਭ ਤੋਂ ਵੱਡੀ ਸਮੱਸਿਆ ਖੇਤਾਂ ਨੂੰ ਪੱਧਰਾ ਕਰਕੇ ਬਿਜਾਈ ਯੋਗ ਬਣਾਉਣਾ ਹੈ, ਜਿਸ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ੮ ਲੱਖ ਲੀਟਰ ਡੀਜ਼ਲ ਲੋੜਵੰਦਾਂ ਨੂੰ ਦੇਵੇਗੀ। ਇਸ ਦੇ ਨਾਲ ਹੀ ੧੦ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਚੰਗੀ ਕੁਆਲਟੀ ਦਾ ਕਣਕ ਦਾ ਬੀਜ ਵੀ ਦਿੱਤਾ ਜਾਵੇਗਾ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਗੁਰਦੁਆਰਾ ਸਾਹਿਬਾਨ ਨੂੰ ਵੀ ੫੦-੫੦ ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਜਿਨ੍ਹਾਂ ਬੱਚਿਆਂ ਦੀਆਂ ਕਿਤਾਬਾਂ ਖਰਾਬ ਹੋਈਆਂ ਹਨ, ਉਨ੍ਹਾਂ ਜ਼ਰੂਰਤਮੰਦ ਬੱਚਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁਫ਼ਤ ਕਿਤਾਬਾਂ

ਦਿੱਤੀਆਂ ਜਾਣਗੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਤੋਂ ਮੈਡੀਕਲ ਟੀਮਾਂ ਲੋਕਾਂ ਦੀ ਸਹਾਇਤਾ ਕਰ ਰਹੀਆਂ ਹਨ, ਹੁਣ ਪਾਣੀ ਉਤਰਨ ਤੋਂ ਬਾਅਦ ਵਧ ਰਹੀਆਂ ਸਮੱਸਿਆਵਾਂ ਦੇ ਮੱਦੇਨਜ਼ਰ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੋਂ ੫੦ ਮੈਡੀਕਲ ਵੈਨਾਂ ਇਨ੍ਹਾਂ ਇਲਾਕਿਆਂ ਵਿਚ ਤਾਇਨਾਤ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਅਤੇ ਲੋੜਵੰਦਾਂ ਨੂੰ ਰਾਸ਼ਨ ਦੇਣ ਦਾ ਕਾਰਜ ਪਹਿਲੇ ਦੀ ਤਰ੍ਹਾਂ ਨਿਰੰਤਰ ਜਾਰੀ ਰੱਖਿਆ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਡੀਜ਼ਲ ਤੋਂ ਵੈਟ ਖ਼ਤਮ ਕੀਤਾ ਜਾਵੇ, ਤਾਂ ਜੋ ਲੋਕਾਂ ਦੀ ਵੱਧ ਤੋਂ ਵੱਧ ਸਹਾਇਤਾ ਹੋ ਸਕੇ। ਉਨ੍ਹਾਂ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜ ਗੁਰੂ ਕੀ ਗੋਲਕ ਅਤੇ ਸੰਗਤ ਦੇ ਸਹਿਯੋਗ ਨਾਲ ਹੋ ਰਹੇ ਹਨ। ਇਸ ਲਈ ਸੰਗਤਾਂ ਖੁਲ੍ਹਦਿਲੀ ਨਾਲ ਇਨ੍ਹਾਂ ਕਾਰਜਾਂ ਵਿਚ ਯੋਗਦਾਨ ਪਾਉਣ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁਲਾਜ਼ਮਾਂ ਦੀ ਜਥੇਬੰਦੀ ਵੱਲੋਂ ਹੜ੍ਹ ਪੀੜਤਾਂ ਲਈ ੧ ਲੱਖ ੧ ਹਜ਼ਾਰ ਰੁਪਏ ਦਾ ਚੈੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ। ਅੰਤ੍ਰਿੰਗ ਕਮੇਟੀ ਵਿਚ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਨਾਲ-ਨਾਲ ਹੜ੍ਹਾਂ ਵਿਚ ਚਲਾਣਾ ਕਰ ਜਾਣ ਵਾਲਿਆਂ ਪ੍ਰਤੀ ਸ਼ੋਕ ਮਤਾ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਕਮੇਟੀ ਮੈਂਬਰ ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਰਵਿੰਦਰ ਸਿੰਘ ਖ਼ਾਲਸਾ, ਸ. ਜਸਵੰਤ ਸਿੰਘ ਪੁੜੈਣ, ਸ. ਪਰਮਜੀਤ ਸਿੰਘ ਰਾਏਪੁਰ, ਮੈਂਬਰ ਸ. ਗੁਰਮੀਤ ਸਿੰਘ ਬੂਹ, ਸ. ਭਗਵੰਤ ਸਿੰਘ ਸਿਆਲਕਾ, ਸ. ਅਵਤਾਰ ਸਿੰਘ ਰਿਆ, ਬੀਬੀ ਗੁਰਿੰਦਰ ਕੌਰ, ਬੀਬੀ ਗੁਰਪ੍ਰੀਤ ਕੌਰ, ਓ. ਐਸ. ਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ ਸ਼ਾਮਲ ਸਨ।

# ਡਾਇਰੈਕਟੋਰੇਟ ਆਫ਼ ਐਜੂਕੇਸ਼ਨ
# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

## ਸ਼੍ਰੋਮਣੀ ਕਮੇਟੀ ਅਧੀਨ ਸਕੂਲ


1. ਸਾਹਿਬਜਾਦਾ ਬਾਬਾ ਫਤਹਿ ਸਿੰਘ ਪਬਲਿਕ ਸਕੂਲ, ਗੁਰੂ ਕਾ ਬਾਗ਼, ਸ੍ਰੀ ਅੰਮ੍ਰਿਤਸਰ
2. ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਮਲੂਕਾ, ਬਠਿੰਡਾ
3. ਮਾਤਾ ਗੁਜਰੀ ਪਬਲਿਕ ਸਕੂਲ, ਬੇਹੜੀ ਸਾਹਿਬ, ਸ੍ਰੀ ਮੁਕਤਸਰ ਸਾਹਿਬ
4. ਸੰਤ ਬਾਬਾ ਫਤਿਹ ਸਿੰਘ ਪਬਲਿਕ ਸਕੂਲ, ਬੱਲੋ-ਬਦਿਆਲਾ, ਬਠਿੰਡਾ
5. ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਗੰਗਸਰ ਜੈਤੋ, ਫਰੀਦਕੋਟ
6. ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, ਬਜੀਦਪੁਰ, ਫਿਰੋਜ਼ਪੁਰ
7. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਪਬਲਿਕ ਸਕੂਲ, ਨਡਾਲਾ, ਕਪੂਰਥਲਾ
8. ਭਾਈ ਬਹਿਲੋ ਜੀ ਪਬਲਿਕ ਸਕੂਲ, ਫਫੜੇ ਭਾਈ ਕੇ, ਮਾਨਸਾ
9. ਸਾਹਿਬਜ਼ਾਦਾ ਜੁਝਾਰ ਸਿੰਘ ਪਬਲਿਕ ਸਕੂਲ, ਕੋਟ ਧਰਮੂ, ਮਾਨਸਾ
10. ਮਾਤਾ ਸੁੰਦਰੀ ਪਬਲਿਕ ਸਕੂਲ, ਕੋਟ ਸ਼ਮੀਰ, ਬਠਿੰਡਾ
11. ਸੰਤ ਹਰਚੰਦ ਸਿੰਘ ਲੌਂਗੋਵਾਲ ਪਬਲਿਕ ਸਕੂਲ, ਸ਼ੇਰਪੁਰ, ਸੰਗਰੂਰ
12. ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ, ਗੁਰਦਾਸ ਨੰਗਲ, ਗੁਰਦਾਸਪੁਰ
13. ਭਾਈ ਮਹਾਂ ਸਿੰਘ ਖਾਲਸਾ ਪਬਲਿਕ ਸਕੂਲ, ਜਲਾਲਾਬਾਦ, ਫਾਜ਼ਿਲਕਾ
14. ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਪਬਲਿਕ ਸਕੂਲ, ਸ੍ਰੀ ਹਰਗੋਬਿੰਦਪੁਰ, ਗੁਰਦਾਸਪੁਰ
15. ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਆਨੰਦਪੁਰ ਸਾਹਿਬ, ਰੂਪਨਗਰ
16. ਮਹਾਰਾਜਾ ਰਣਜੀਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਤਰਨ ਤਾਰਨ
17. ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਛਾਜਲੀ, ਸੰਗਰੂਰ
18. ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀ. ਸੈਕੰਡਰੀ ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ
19. ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਘੀ ਮੰਡੀ, ਸ੍ਰੀ ਅੰਮ੍ਰਿਤਸਰ
20. ਮਾਤਾ ਗੰਗਾ ਕੰਨਿਆ ਸੀਨੀ. ਸੈਕੰਡਰੀ ਸਕੂਲ, ਬਾਬਾ ਬਕਾਲਾ, ਸ੍ਰੀ ਅੰਮ੍ਰਿਤਸਰ
21. ਸ੍ਰੀ ਗੁਰੂ ਤੇਗ ਬਹਾਦਰ ਸੀਨੀਅਰ ਸੈਕੰਡਰੀ ਸਕੂਲ, ਬਾਬਾ ਬਕਾਲਾ, ਸ੍ਰੀ ਅੰਮ੍ਰਿਤਸਰ
22. ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਗੁਰੂ ਕਾ ਬਾਗ, ਅਜਨਾਲਾ, ਸ੍ਰੀ ਅੰਮ੍ਰਿਤਸਰ
23. ਕੱਲਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਹਰਿਆਨਾ, ਹੁਸ਼ਿਆਰਪੁਰ
24. ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ, ਖੰਨਾ, ਲੁਧਿਆਣਾ
25. ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਤਖਤੂਪੁਰਾ, ਮੋਗਾ
26. ਭੁਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਮੋਗਾ
27. ਖਾਲਸਾ ਸੀਨੀ. ਸੈਕੰਡਰੀ ਸਕੂਲ, ਬੀੜ ਬਾਬਾ ਬੁੱਢਾ ਸਾਹਿਬ, ਠੱਠਾ, ਤਰਨ ਤਾਰਨ
28. ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, ਗੋਲਡਨ ਟੈਂਪਲ ਕਲੋਨੀ, ਸ੍ਰੀ ਅੰਮ੍ਰਿਤਸਰ
29. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਬਲਿਕ ਸੀਨੀ. ਸੈਕੰ. ਸਕੂਲ, ਰਮਦਾਸ, ਸ੍ਰੀ ਅੰਮ੍ਰਿਤਸਰ
30. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ ਸਾਹਿਬ, ਸ੍ਰੀ ਅੰਮ੍ਰਿਤਸਰ
31. ਗੁਰੂ ਅਰਜਨ ਦੇਵ ਪਬਲਿਕ ਸਕੂਲ, ਬਾਰਠ ਸਾਹਿਬ, ਗੁਰਦਾਸਪੁਰ
32. ਗੁਰੂ ਨਾਨਕ ਦੇਵ ਅਕੈਡਮੀ, ਜਲੰਧਰ ਰੋਡ, ਬਟਾਲਾ, ਗੁਰਦਾਸਪੁਰ
33. ਗੁਰੂ ਨਾਨਕ ਦੇਵ ਅਕੈਡਮੀ, ਓਠੀਆਂ, ਗੁਰਦਾਸਪੁਰ
34. ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, ਲੱਧੇਵਾਲ, ਮਾਹਿਲਪੁਰ, ਹੁਸ਼ਿਆਰਪੁਰ
35. ਦਸ਼ਮੇਸ਼ ਪਬਲਿਕ ਸੀਨੀ. ਸੈਕੰਡਰੀ ਸਕੂਲ, ਮਾਣੂੰਕੇ, ਤਹਿ. ਜਗਰਾਉਂ, ਲੁਧਿਆਣਾ
36. ਦਸ਼ਮੇਸ਼ ਪਬਲਿਕ ਸੀਨੀ. ਸੈਕੰ. ਸਕੂਲ, ਟਾਹਲੀਆਣਾ ਸਾਹਿਬ, ਰਾਏਕੋਟ, ਲੁਧਿਆਣਾ
37. ਪ੍ਰੀਵਾਰ ਵਿਛੋੜਾ ਪਬਲਿਕ ਸਕੂਲ, ਸਰਸਾ ਨੰਗਲ, ਰੂਪਨਗਰ
38. ਬਾਬਾ ਗੁਰਦਿੱਤਾ ਜੀ ਪਬਲਿਕ ਸਕੂਲ, ਜਿੰਦਵੜੀ, ਅਨੰਦਪੁਰ ਸਾਹਿਬ, ਰੂਪਨਗਰ
39. ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਜੰਡ ਸਾਹਿਬ, ਰੂਪਨਗਰ
40. ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, ਦਿਆਲਪੁਰਾ, ਤਰਨ ਤਾਰਨ
41. ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, ਰੱਤੋਕੇ, ਤਹਿ. ਪੱਟੀ, ਤਰਨ ਤਾਰਨ
42. ਬੀਬੀ ਰਜਨੀ ਸੀਨੀਅਰ ਸੈਕੰਡਰੀ ਸਕੂਲ, ਪੱਟੀ, ਤਰਨ ਤਾਰਨ
43. ਬਾਬਾ ਬੁੱਢਾ ਪਬਲਿਕ ਸੀਨੀ. ਸੈਕੰਡਰੀ ਸਕੂਲ, ਬੀੜ ਸਾਹਿਬ, ਠੱਠਾ, ਤਰਨ ਤਾਰਨ
44. ਦਸ਼ਮੇਸ਼ ਪਬਲਿਕ ਸਕੂਲ, ਗੁਰਦੁਆਰਾ ਗੁਰਪਲਾਹ ਸਾਹਿਬ, ਊਨਾ, ਹਿਮਾਚਲ ਪ੍ਰਦੇਸ਼
45. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੀਨੀ. ਸੈਕੰ. ਪਬਲਿਕ ਸਕੂਲ, ਮੰਜੀ ਸਾਹਿਬ ਕੋਟਾਂ, ਲੁਧਿਆਣਾ
46. ਬਾਬਾ ਅਜਾਪਾਲ ਸਿੰਘ ਖਾਲਸਾ ਪਬਲਿਕ ਸਕੂਲ, ਨਾਭਾ, ਪਟਿਆਲਾ
47. ਮਾਤਾ ਦਮੋਦਰੀ ਖਾਲਸਾ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਡਰੋਲੀ ਭਾਈ, ਮੋਗਾ
48. ਗੁਰੂ ਅਰਜਨ ਦੇਵ ਪਬਲਿਕ ਸਕੂਲ, ਕਰਤਾਰਪੁਰ, ਜਲੰਧਰ

Press Registrar General of India at No.354
Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

# GURMAT PARKASH

October 2025

Dharam Parchar Committee, Shiromani Gurdwara Parbandhak Committee, Sri Amritsar Sahib



ਸਾਕਾ ਸ੍ਰੀ ਪੰਜਾ ਸਾਹਿਬ

Owner : Shiromani Gurdwara Parbandhak Committee. Publisher : S. Balwinder Singh, Printer : S. Partap Singh, Printed at Golden Offset Press, Gurdwara Sri Ramsar Sahib, Sri Amritsar Sahib. Published from : SGPC Office, Teja Singh Samundri Hall, Sri Amritsar Sahib. Editor : Satwinder Singh. Date: 2-10-2025